BUYING/SELLING In Michigan
Homes, Gas Stations, Liquor Stores, Plazas, Hotels
RAJ SHERGILL
Associate Broker
Landmark Realty
40600 Ann Arbor Rd. Ste. 150
Plymouth, MI 48170
Cell 734-751-4455, rajsshergill@yahoo.com



Truck Insurance Specialist
- Preferred Carriers (A++)
- Bobtail Insurance
- Cargo and Primary Liability
TRI COUNTY INSURANCE
734 655 9090

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੋਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333



Eighteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 18, Issue 01, January 7, 2017 20451 N Plum Grove Rd., Palatine, IL 60074 Ph:847-359-0746, Fax:847-705-9388


## ਧਰਮ ਦੇ ਨਾਂ ਉਤੇ ਵੋਟਾਂ ਮੰਗਣ ਵਾਲਿਆਂ ਦੀ ਹੁਣ ਖੈਰ ਨਹੀਂ

### ਪੰਜਾਬ ਦੀ ਸਿਆਸਤ ਨੂੰ ਲੱਗੇਗਾ ਵੱਡਾ ਧੱਕਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸੁਪਰੀਮ ਕੋਰਟ ਨੇ ਧਰਮ, ਜਾਤ-ਪਾਤ, ਫਿਰਕੇ ਜਾਂ ਭਾਸ਼ਾ ਦੇ ਆਧਾਰ ਉਤੇ ਵੋਟਾਂ ਮੰਗਣ ਨੂੰ ਜੁਰਮ ਕਰਾਰ ਦੇ ਕੇ ਪੰਜਾਬ ਦੀ ਸਿਆਸਤ ਨੂੰ ਵੱਡਾ ਧੱਕਾ ਦਿੱਤਾ ਹੈ। ਅਦਾਲਤ ਦੇ ਸੱਤ ਮੈਂਬਰੀ ਸੰਵਿਧਾਨਕ ਬੈਂਚ ਨੇ ਬਹੁਮਤ ਨਾਲ ਕਿਹਾ ਹੈ ਕਿ ਧਰਮ, ਨਸਲ, ਜਾਤ, ਫਿਰਕੇ ਤੇ ਭਾਸ਼ਾ ਨੂੰ ਚੋਣ ਪ੍ਰਕਿਰਿਆ ਵਿਚ ਕੋਈ ਭੂਮਿਕਾ ਨਹੀਂ ਨਿਭਾਉਣ ਦਿੱਤੀ ਜਾਵੇਗੀ। ਜੇ ਕਿਸੇ ਉਮੀਦਵਾਰ ਵੱਲੋਂ ਅਜਿਹੇ ਕਿਸੇ ਤੱਤ ਦੇ ਆਧਾਰ 'ਤੇ ਵੋਟਾਂ ਮੰਗੀਆਂ ਜਾਂਦੀਆਂ ਹਨ ਤਾਂ ਉਸ ਦੀ ਚੋਣ ਰੱਦ ਕਰ ਦਿੱਤੀ ਜਾਵੇਗੀ।



ਸੁਪਰੀਮ ਕੋਰਟ ਦਾ ਇਹ ਫੈਸਲਾ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਤਕਰੀਬਨ ਮਹੀਨਾ ਪਹਿਲਾਂ ਆਇਆ ਹੈ। ਇਹ ਫੈਸਲਾ ਪੰਜਾਬ ਵਿਚ ਹਾਕਮ ਧਿਰਾਂ ਸ਼੍ਰੋਮਣੀ ਅਕਾਲੀ ਦਲ ਲਈ ਸਭ ਤੋਂ ਵੱਧ ਘਾਟੇ ਵਾਲਾ ਸਾਬਤ ਹੋਵੇਗਾ, ਕਿਉਂਕਿ ਇਹ ਸਿਆਸੀ ਧਿਰ ਹੁਣ ਤੱਕ ਧਰਮ ਦੇ ਨਾਂ ਦੀ ਖੱਟੀ ਹੀ ਖਾਂਦੀ ਆਈ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਧਾਰਮਿਕ ਸਮਾਗਮਾਂ ਵਿਚ ਕਾਨਫਰੰਸਾਂ ਨੂੰ ਸਿਆਸੀ ਪਿੜ ਵਜੋਂ ਵਰਤਦੀਆਂ ਆਈਆਂ ਹਨ। ਪਿਛਲੇ ਮਹੀਨੇ ਫਤਹਿਗੜ੍ਹ ਸਾਹਿਬ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮ ਵਿਚ ਅਕਾਲ ਤਖਤ ਵੱਲੋਂ ਇਕ-ਦੂਜੇ ਵਿਰੁੱਧ ਦੂਸ਼ਣਬਾਜ਼ੀ ਨਾ ਕਰਨ ਦੇ ਹੁਕਮਾਂ ਨੂੰ ਦਰਕਿਨਾਰ ਕਰ ਕੇ ਸਿਆਸੀ ਧਿਰਾਂ ਨੇ ਰੱਜ ਕੇ ਸਿਆਸੀ ਰੋਟੀਆਂ ਸੇਕੀਆਂ ਸਨ।

ਯਾਦ ਰਹੇ, ਪੰਜਾਬ ਵਿਚ ਚੋਣ ਮਾਹੌਲ ਭਖਣ ਦੇ ਨਾਲ ਹੀ ਸਿਆਸੀ ਧਿਰਾਂ ਨੂੰ ਸਿੱਖ ਮਸਲੇ ਚੇਤੇ ਆ ਜਾਂਦੇ ਹਨ। 1984 ਦੇ ਸਿੱਖ ਕਤਲੇਆਮ ਪੀੜਤਾਂ ਨੂੰ ਨਿਆਂ, ਸਾਕਾ ਨੀਲਾ ਤਾਰਾ ਅਪਰੇਸ਼ਨ ਵੇਲੇ ਗੁਆਏ ਸਾਹਿਤ ਨੂੰ ਹਾਸਲ ਕਰਨ, ਅਨੰਦ ਮੈਰਿਜ ਐਕਟ ਸਮੇਤ ਹੋਰ ਮਸਲਿਆਂ ਉਤੇ ਰੱਜ ਕੇ ਸਿਆਸਤ ਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਤਾਂ ਇਸ ਮਾਮਲੇ ਵਿਚ ਸਭ ਤੋਂ ਅੱਗੇ ਹੈ। ਪੰਥਕ ਕਹਾਉਣ ਵਾਲੀ ਇਸ ਧਿਰਾਂ ਨੇ ਪਿਛਲੇ ਸਾਲ ਤੋਂ ਮੁਫਤ ਤੀਰਥ ਯਾਤਰਾ ਦੇ ਨਾਂ ਉਤੇ ਕਰੋੜਾਂ ਰੁਪਏ ਖਰਚ ਕੀਤੇ ਹਨ। ਇਸ ਤੋਂ ਇਲਾਵਾ ਸੂਬੇ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਜੁੜੀਆਂ ਯਾਦਗਾਰਾਂ ਵੱਡੀ ਗਿਣਤੀ ਵਿਚ ਬਣਾਈਆਂ ਗਈਆਂ। ਇਸ ਤੋਂ ਇਲਾਵਾ ਪੰਜਾਬ ਵਿਚ ਡੇਰਿਆਂ ਦਾ ਵੀ ਕਾਫੀ ਪ੍ਰਭਾਵ ਹੈ। ਚੋਣਾਂ ਵੇਲੇ ਸਿਆਸੀ ਧਿਰਾਂ ਇਨ੍ਹਾਂ ਡੇਰਿਆਂ ਅੱਗੇ ਸਿਰ ਨਿਵਾਉਂਦੀਆਂ ਹਨ। ਪੰਜਾਬ

(ਬਾਕੀ ਸਫਾ 6 'ਤੇ)

### ਲੰਮੀ ਘੋਖ ਤੋਂ ਪਿੱਛੋਂ ਆਇਆ ਫੈਸਲਾ

**ਚੰਡੀਗੜ੍ਹ:** ਬੈਂਚ ਵੱਲੋਂ ਕਈ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਇਹ ਫੈਸਲਾ ਆਇਆ ਹੈ। ਇਸ ਵਿਚ ਇਕ ਪਟੀਸ਼ਨ ਅਭਿਰਾਮ ਸਿੰਘ ਦੀ ਸੀ ਜੋ 1990 ਵਿਚ ਭਾਜਪਾ ਦੀ ਟਿਕਟ ਤੋਂ ਸਾਂਤਾਕਰੂਜ਼ (ਮੁੰਬਈ) ਵਿਧਾਨ ਸਭਾ ਹਲਕੇ ਤੋਂ ਚੁਣਿਆ ਗਿਆ ਸੀ ਅਤੇ ਉਸ ਦੀ ਚੋਣ ਨੂੰ ਬੰਬਈ ਹਾਈ ਕੋਰਟ ਨੇ ਦਰਕਿਨਾਰ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਫਰਵਰੀ 2014 ਨੂੰ ਅਭਿਰਾਮ ਦੀ ਪਟੀਸ਼ਨ ਨੂੰ ਹੋਰਾਂ ਨਾਲ ਜੋੜ ਦਿੱਤਾ ਸੀ ਅਤੇ ਪੰਜ ਜੱਜਾਂ ਦੇ ਬੈਂਚ ਨੇ 2002 ਵਿਚ 'ਹਿੰਦੂਤਵ' ਬਾਰੇ 20 ਸਾਲ ਪਹਿਲਾਂ ਸੁਣਾਏ ਫੈਸਲੇ ਦੀ ਨਜ਼ਰਸਾਨੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 123(3) ਦੀ ਵਿਆਖਿਆ ਕਰਨ ਦਾ ਮਾਮਲਾ 30 ਜਨਵਰੀ 2014 ਨੂੰ ਪੰਜ ਜੱਜਾਂ ਦੇ ਬੈਂਚ ਮੂਹਰੇ ਆਇਆ ਅਤੇ ਉਨ੍ਹਾਂ ਨੇ ਇਹ ਪੜਤਾਲ ਸੱਤ ਜੱਜਾਂ ਦੇ ਵੱਡੇ ਬੈਂਚ ਹਵਾਲੇ ਕਰ ਦਿੱਤੀ।

## ਪ੍ਰਕਾਸ਼ ਪੁਰਬ: ਮੁਤਵਾਜ਼ੀ ਜਥੇਦਾਰਾਂ ਨੂੰ 'ਮਾਨਤਾ'

**ਚੰਡੀਗੜ੍ਹ:** ਸਿੱਖ ਪੰਥ ਜਦੋਂ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾ ਰਿਹਾ ਸੀ ਤਾਂ ਐਨ ਉਸੇ ਵੇਲੇ ਤਖਤ ਸ੍ਰੀ ਪਟਨਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਦੇ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ ਸਮਾਗਮ ਵਿਚ ਨਾ ਆਉਣ ਦਾ ਸੁਨੇਹਾ ਭੇਜ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ। ਪਟਨਾ ਸਾਹਿਬ ਕਮੇਟੀ ਵੱਲੋਂ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ ਪੱਤਰ ਭੇਜ ਕੇ ਸਮਾਗਮਾਂ ਤੋਂ ਦੂਰ ਰਹਿਣ ਲਈ ਕਿਹਾ ਗਿਆ। ਤਰਕ ਇਹ ਦਿੱਤਾ ਗਿਆ ਕਿ ਇਹ ਫੈਸਲਾ ਬਿਹਾਰ ਸਰਕਾਰ ਦੇ ਹੁਕਮਾਂ ਉਤੇ ਸੁਰੱਖਿਆ ਕਾਰਨਾਂ ਕਰ ਕੇ ਲਿਆ ਗਿਆ ਹੈ, ਪਰ ਇਸ ਫੈਸਲੇ ਦੇ ਅਗਲੇ ਹੀ ਦਿਨ ਬਿਹਾਰ ਦੇ ਮੁੱਖ ਮੰਤਰੀ ਨਾਲ ਮੁਤਵਾਜ਼ੀ ਜਥੇਦਾਰਾਂ ਨੂੰ ਚਾਹ ਦਾ ਸੱਦਾ ਦੇ ਦਿੱਤਾ ਗਿਆ।



ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਤੋਂ ਬਾਹਰ ਕਿਸੇ ਧਾਰਮਿਕ ਸਮਾਗਮ ਵਿਚ ਕਿਸੇ ਗੁਰਦੁਆਰਾ ਕਮੇਟੀ ਵੱਲੋਂ ਜਥੇਦਾਰਾਂ ਨੂੰ ਆਉਣ ਤੋਂ ਵਰਜਿਆ ਗਿਆ ਹੋਵੇ। ਮੰਨਿਆ ਜਾ ਰਿਹਾ ਹੈ ਕਿ ਪਟਨਾ ਸਾਹਿਬ ਕਮੇਟੀ ਨੇ ਸਿੱਖ ਸੰਗਤ ਵਿਚ ਜਥੇਦਾਰਾਂ ਪ੍ਰਤੀ ਰੋਹ ਨੂੰ ਵੇਖਦੇ ਹੋਏ ਫੈਸਲਾ ਕੀਤਾ ਹੈ, ਕਿਉਂਕਿ ਪਿਛਲੇ ਮਹੀਨੇ ਫਤਹਿਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ ਮੌਕੇ ਵੀ ਵਿਰੋਧ ਕਾਰਨ ਜਥੇਦਾਰਾਂ ਨੂੰ ਦੂਰ ਹੀ ਰੱਖਿਆ ਗਿਆ ਸੀ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦਾ 'ਮੁਆਫੀਨਾਮਾ' ਕਬੂਲ ਕਰ ਕੇ ਸਿੱਖ ਜਥੇਬੰਦੀਆਂ ਦਾ ਵਿਰੋਧ ਸਹੇੜ ਲਿਆ ਸੀ, ਜਿਸ ਪਿੱਛੋਂ ਜਥੇਦਾਰ ਨੂੰ ਆਪਣੇ ਫੈਸਲੇ ਤੋਂ ਪਿੱਛੇ ਹਟਣਾ ਪਿਆ ਸੀ। ਇਸ ਦੇ ਬਾਵਜੂਦ ਸੰਗਤਾਂ ਦਾ ਰੋਹ ਸ਼ਾਂਤ ਨਾ ਹੋਇਆ। ਜਥੇਦਾਰਾਂ ਉਤੇ ਅਕਾਲੀ ਦਲ ਬਾਦਲ ਦੀ ਬੋਲੀ ਬੋਲਣ ਦੇ ਦੋਸ਼ ਲੱਗੇ। ਇਸ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਬਲਦੀ ਉਤੇ ਤੇਲ ਪਾਇਆ ਤੇ ਸਿੱਖ ਸੰਗਤ ਵਿਚ ਸਰਕਾਰ ਤੇ ਜਥੇਦਾਰਾਂ ਵਿਰੁੱਧ ਰੋਹ ਖੜ੍ਹਾ ਹੋ ਗਿਆ। ਅਕਾਲ ਤਖਤ ਦੇ ਜਥੇਦਾਰ ਨੂੰ ਹਟਾਉਣ ਦੀ ਮੰਗ ਵੱਡੇ ਪੱਧਰ 'ਤੇ ਉਠੀ।

ਸਿੱਖ ਜਥੇਬੰਦੀਆਂ ਨੇ ਤਰਤ ਤਾਰਨ ਵਿਚ ਸਰਬੱਤ ਖਾਲਸਾ ਸੱਦ ਕੇ ਤਖਤਾਂ ਦੇ ਨਵੇਂ ਜਥੇਦਾਰ ਥਾਪ ਦਿੱਤੇ, ਪਰ ਇਨ੍ਹਾਂ ਜਥੇਦਾਰ ਨੂੰ ਮਾਨਤਾ ਦੇਣ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਸਾਫ ਇਨਕਾਰ ਕਰ ਦਿੱਤਾ। ਇਸ ਦੇ ਬਾਵਜੂਦ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਹਰ ਸਮਾਗਮ ਵਿਚ ਸਰਗਰਮੀ ਨਾਲ

(ਬਾਕੀ ਸਫਾ 6 'ਤੇ)


World Wide Travel

www.fly2world.com
Chicago $760* Delhi
24/7 Emergency Service
Detroit $1050* Delhi
Lowest Fare Guaranteed
734-838-9998
*Fares shown above are subject to availbility and may change without notice. Call us for more information.

EVEREST TRANSPORT INC.
Serving since 1998
Now Hiring
Drivers and Owner Operators
We Provide
- Trailer - Insurance - Tolls
- Plates - IFTA/Fuel Tax
- Fuel Discount Per Gallon+FSC
- We Pay By Miles - We Run All Midwest
- Make Excellent Money
- Clean Work (Less Paper Work)
ਅਸੀਂ ਮੁਹੱਈਆ ਕਰਦੇ ਹਾਂ
- ਟਰੇਲਰ - ਇੰਸ਼ੋਰੈਂਸ - ਟੋਲ - ਪਲੇਟਾਂ
- ਆਈ ਐਫ ਟੀ ਏ/ਫਿਊਲ ਟੈਕਸ
- ਤੇਲ ਦੇ ਪ੍ਰਤੀ ਗੈਲਨ 'ਤੇ ਡਿਸਕਾਊਂਟ
- ਮੀਲਾਂ ਦੇ ਹਿਸਾਬ ਭੁਗਤਾਨ
- ਪੂਰੇ ਮਿਡਵੈਸਟ ਵਿਚ ਸਰਵਿਸ
Contact: Goldy, Cell: 260-797-1122
Fax 866-920-8915 Email-hr@Everesttransportation.ca

# ਅਮਰੀਕ ਸਿੰਘ ਸ਼ਿਕਾਗੋ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੀਫ ਮੀਡੀਆ ਇੰਚਾਰਜ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ (ਬਿਊਰੋ):** ਉਘੇ ਬਿਜਨਸਮੈਨ, ਸਮਾਜ ਸੇਵੀ ਅਤੇ ਸ਼੍ਰੋਮਣੀ ਅਕਾਲੀ ਦਲ (ਅਮਰੀਕਾ) ਦੀ ਹਾਈ ਪਾਵਰ ਕੋਰ ਕਮੇਟੀ ਦੇ ਮੈਂਬਰ ਸ. ਅਮਰੀਕ ਸਿੰਘ (ਅਮਰ ਕਾਰਪੈਟਸ) ਨੂੰ ਪਾਰਟੀ ਪ੍ਰਤੀ ਅਣਥੱਕ ਸੇਵਾਵਾਂ ਅਤੇ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਪਾਰਟੀ ਲਈ ਪ੍ਰਚਾਰ ਨੂੰ ਮੁੱਖ ਰੱਖਦਿਆਂ ਹਾਈ ਕਮਾਂਡ ਨੇ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ (ਅਮਰੀਕਾ) ਦਾ ਚੀਫ ਮੀਡੀਆ ਇੰਚਾਰਜ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਬਾਰੇ ਸ. ਅਮਰੀਕ ਸਿੰਘ ਸ਼ਿਕਾਗੋ ਨੇ ਕਿਹਾ ਕਿ ਉਹ ਹਾਈ ਕਮਾਂਡ ਵਲੋਂ ਸੌਂਪੀ ਜ਼ਿੰਮੇਵਾਰੀ ਤਨ, ਮਨ, ਧਨ ਨਾਲ ਨਿਭਾਉਣਗੇ। ਇਸ ਨਿਯੁਕਤੀ 'ਤੇ ਉਨ੍ਹਾਂ ਦੇ ਹਮਾਇਤੀਆਂ ਅਤੇ ਮਿੱਤਰਾਂ-ਸੱਜਣਾਂ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।

ਬੀਤੇ ਦਿਨੀਂ ਸਥਾਨਕ ਰੈਸਟੋਰੈਂਟ ਇੰਡੀਆ ਓਵਨ ਵਿਖੇ ਇਕ ਸਮਾਗਮ ਦੌਰਾਨ ਸ. ਅਮਰੀਕ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕੈਨੇਡਾ ਵਸਦੇ ਉਨ੍ਹਾਂ ਦੇ ਵੱਡੇ ਭਰਾ ਸ. ਮਨਜੀਤ ਸਿੰਘ ਰਾਜਪੁਰ ਭਾਈਆਂ ਅਤੇ ਸ. ਵਰਿੰਦਰਪਾਲ ਸਿੰਘ ਪੁਰਹੀਰਾਂ (ਸਕੱਤਰ ਜਨਰਲ, ਸ਼੍ਰੋਮਣੀ ਅਕਾਲੀ ਦਲ-ਵੈਸਟ ਕੋਸਟ) ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਨਮਾਨ ਕਰਨ ਵਾਲਿਆਂ ਵਿਚ ਯੂਥ ਅਕਾਲੀ ਦਲ-ਅਮਰੀਕਾ ਦੇ ਕੋਆਰਡੀਨੇਟਰ ਸ. ਅਰਵਿੰਦਰ ਸਿੰਘ ਲਾਖਨ, ਯੂਥ ਅਕਾਲੀ ਦਲ-ਵੈਸਟ ਕੋਸਟ ਦੇ ਪ੍ਰਧਾਨ ਸ. ਰਵਿੰਦਰ ਸਿੰਘ ਬੋਇਲ ਮਕਸੂਦਪੁਰ, ਸੀਨੀਅਰ ਮੀਤ ਪ੍ਰਧਾਨ ਸ੍ਰੀ ਵਿਨੇ ਵੋਹਰਾ, ਅੰਤਰਰਾਸ਼ਟਰੀ ਸਿੱਖ ਪਹਿਚਾਣ ਮੁਹਿੰਮ ਦੇ ਸਰਪ੍ਰਸਤ ਬਾਬਾ ਦਲਜੀਤ ਸਿੰਘ ਸ਼ਿਕਾਗੋ, ਸੀਨੀਅਰ ਮੀਤ ਪ੍ਰਧਾਨ-ਵੈਸਟ ਕੋਸਟ ਸ. ਨਰਿੰਦਰਪਾਲ ਸਿੰਘ ਹੁੰਦਲ, ਪ੍ਰੈਸ ਸਕੱਤਰ ਸਤਬੀਰ ਸਿੰਘ ਹੀਰ, ਸੀਨੀਅਰ ਸਲਾਹਕਾਰ ਭੁਪਿੰਦਰ ਸਿੰਘ ਜਾਡਲਾ, ਜਨਰਲ ਸਕੱਤਰ ਸ਼ੇਰ ਸਿੰਘ ਚੌਹਾਨ, ਵਿਕਰਮ ਵੋਹਰਾ, ਚਰਨਜੀਤ ਮਾਂਗਟ, ਵੰਸ਼ਦੀਪ ਸਿੱਧੂ ਅਤੇ ਪੁਨੀਤ ਅਰੋੜਾ ਸ਼ਾਮਿਲ ਸਨ।



*ਅਮਰੀਕ ਸਿੰਘ ਸ਼ਿਕਾਗੋ ਦਾ ਸੈਕਰਾਮੈਂਟੋ (ਕੈਲੀਫੋਰਨੀਆ) ਵਿਖੇ ਸਨਮਾਨ ਕਰਦੇ ਹੋਏ ਯੂਥ ਆਗੂ ਅਤੇ ਹੋਰ ਸ਼ਖਸੀਅਤਾਂ*

ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸ. ਅਮਰੀਕ ਸਿੰਘ ਸ਼ਿਕਾਗੋ ਨੂੰ ਇਸ ਨਿਯੁਕਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਸ. ਅਮਰੀਕ ਸਿੰਘ ਦਾ ਪਰਿਵਾਰ ਟਕਸਾਲੀ ਅਕਾਲੀ ਪਰਿਵਾਰ ਹੈ। ਉਨ੍ਹਾਂ ਹਰ ਮੁਸੀਬਤ 'ਚ ਪਾਰਟੀ ਦੀ ਚੜ੍ਹਦੀ ਕਲਾ ਦੀ ਹੀ ਕਾਮਨਾ ਕੀਤੀ ਹੈ ਅਤੇ ਪਾਰਟੀ ਨੂੰ ਅਮਰੀਕਾ ਵਿਚ ਮਜ਼ਬੂਤ ਕਰਨ ਲਈ ਦਿਨ ਰਾਤ ਇਕ ਕੀਤਾ ਹੈ। ਬੁਲਾਰਿਆਂ ਨੇ ਸ਼੍ਰੋਮਣੀ ਅਕਾਲੀ ਦਲ ਲਈ ਕੀਤੇ ਜਾ ਰਹੇ ਪ੍ਰਚਾਰ ਬਾਰੇ ਵੀ ਵਿਸਥਾਰ ਸਾਹਿਤ ਚਾਨਣਾ ਪਾਇਆ। ਇਸ ਮੌਕੇ ਹੋਰਨਾਂ ਤੋਂ ਬਿਨਾ ਨੀਤੂ ਬਡਿਆਲ, ਮਨਜੀਤ ਸਿੰਘ, ਨਾਜਰ ਸਿੰਘ, ਰਣਜੀਤ ਸਿੰਘ ਚੇਅਰਮੈਨ, ਗੁਰਵਿੰਦਰ ਸਿੰਘ, ਰਾਜ ਬਰਾੜ ਯਮਲਾ ਜੱਟ ਅਤੇ ਗੁਰਦੀਪ ਸਿੰਘ ਵੀ ਹਾਜ਼ਰ ਸਨ। ਮੰਚ ਸੰਚਾਲਨ ਰਵਿੰਦਰ ਸਿੰਘ ਬੋਇਲ ਨੇ ਬਾਖੂਬੀ ਕੀਤਾ।


ਪਲੈਜ਼ੈਂਟ ਟਰੈਵਲ ਐਂਡ ਟੂਰਜ਼

Pleasant Travel & Tours

6257 N. Clark Street, Chicago, IL 60660

Serving Community For Over 25 Years

Fly to Any Destination with the Best Price

Chicago-Amritsar = $ 795.00 Chicago-Delhi = $695.00
Chicago-Mumbai = $ 695.00 Restriction do apply

Ph:773-508-1927

ਘੱਟ ਤੋਂ ਘੱਟ ਰੇਟ 'ਤੇ ਹਵਾਈ ਟਿਕਟਾਂ

Pleasanttravel@hotmail.com
www.pleasanttravelchicago.com

TURKISH AIRLINES ETIHAD QATAR Emirates


## ਦਾਊਦ ਦੀ 15 ਹਜ਼ਾਰ ਕਰੋੜ ਦੀ ਜਾਇਦਾਦ ਜ਼ਬਤ

**ਨਵੀਂ ਦਿੱਲੀ:** ਮੁੰਬਈ ਬੰਬ ਧਮਾਕਿਆਂ ਦਾ ਮੁੱਖ ਦੋਸ਼ੀ ਅਤੇ ਸਮਗਲਰ ਦਾਊਦ ਇਬਰਾਹੀਮ ਦੇ ਖ਼ਿਲਾਫ਼ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਸਰਕਾਰ ਨੇ ਵੱਡੀ ਕਾਰਵਾਈ ਕੀਤੀ ਹੈ। ਸੂਤਰਾਂ ਅਨੁਸਾਰ ਯੂ.ਏ.ਈ. ਸਰਕਾਰ ਨੇ ਦਾਊਦ ਦੀ 15 ਹਜ਼ਾਰ ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਦਾਊਦ ਇਬਰਾਹੀਮ ਦੇ ਯੂ.ਏ.ਈ. ਦੀਆਂ ਕਈ ਕੰਪਨੀਆਂ 'ਚ ਸ਼ੇਅਰ ਹਨ ਅਤੇ ਉਸ ਦੀ ਕਈ ਬੇਨਾਮੀ ਜਾਇਦਾਦ ਵੀ ਹੈ। ਸਰਕਾਰ ਨੇ ਬੀਤੇ ਸਾਲ ਭਾਰਤ ਨੂੰ ਸੂਚੀ ਸੌਂਪੀ ਸੀ ਜਿਸ 'ਚ ਦੱਸਿਆ ਗਿਆ ਸੀ ਕਿ ਦਾਊਦ ਦੇ ਖ਼ਿਲਾਫ਼ ਉਨ੍ਹਾਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦਾਊਦ ਦੀ ਬੇਨਾਮੀ ਜਾਇਦਾਦ ਦੀ ਜਾਂਚ ਅਤੇ ਉਸ ਨੂੰ ਜ਼ਬਤ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ।

# ਬਲਵਿੰਦਰ ਸਿੰਘ ਚੱਠਾ ਸ਼ੇਰੇ ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਬਲਵਿੰਦਰ ਸਿੰਘ ਚੱਠਾ ਸਥਾਨਕ ਖੇਡ ਤੇ ਸਭਿਆਚਾਰਕ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਦੇ ਸਾਲ 2017 ਲਈ ਪ੍ਰਧਾਨ ਚੁਣੇ ਗਏ ਹਨ। ਕਲੱਬ ਦੇ ਇਕ ਸੀਨੀਅਰ ਮੈਂਬਰ ਅਤੇ ਬੁਲਾਰੇ ਸ. ਅਮਰਦੇਵ ਸਿੰਘ ਬੰਦੇਸ਼ਾ ਨੇ ਦੱਸਿਆ ਕਿ ਇਸ ਸਬੰਧੀ ਫੈਸਲਾ ਕਲੱਬ ਦੇ ਮੈਂਬਰਾਂ ਦੀ ਪਿਛਲੇ ਦਿਨੀਂ ਇਥੇ ਹੋਈ ਇਕ ਮੀਟਿੰਗ ਵਿਚ ਸਰਬਸੰਮਤੀ ਨਾਲ ਲਿਆ ਗਿਆ।

ਸ. ਚੱਠਾ ਕਲੱਬ ਦੇ ਬਹੁਤ ਪੁਰਾਣੇ ਅਤੇ ਸਰਗਰਮ ਮੈਂਬਰ ਹਨ। ਜ਼ਿਕਰਯੋਗ ਹੈ ਕਿ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ 2007 ਵਿਚ ਆਪਣੇ ਗਠਨ ਤੋਂ ਲੈ ਕੇ ਹਰ ਸਾਲ ਕੌਮਾਂਤਰੀ ਪੱਧਰ ਦਾ ਕਬੱਡੀ ਮੇਲਾ ਕਰਵਾਉਂਦਾ ਆ ਰਿਹਾ ਹੈ। ਸਤੰਬਰ 2015 ਵਿਚ ਕਰਵਾਏ ਗਏ ਮੇਲੇ ਦੌਰਾਨ ਕੌਮਾਂਤਰੀ ਹਾਕੀ ਰਿਕਾਰਡ ਹੋਲਡਰ ਸ. ਬਲਬੀਰ ਸਿੰਘ ਵਿਸ਼ੇਸ਼ ਮਹਿਮਾਨ ਸਨ। ਹਰ ਮੇਲੇ ਦੌਰਾਨ ਲੋਕ ਕਲਾਕਾਰ ਦਰਸ਼ਕਾਂ ਦੇ ਮਨੋਰੰਜਨ ਲਈ ਵੀ ਬੁਲਾਏ ਜਾਂਦੇ ਹਨ। ਇਸ ਕਲੱਬ ਦਾ ਖੇਡ ਮੇਲਾ ਮਿਡਵੈਸਟ ਵਿਚ ਹੋਣ ਵਾਲੇ ਅਹਿਮ ਖੇਡ ਮੇਲਿਆਂ ਵਿਚ ਸ਼ੁਮਾਰ ਹੁੰਦਾ ਹੈ। ਸਾਲ 2017 ਦੌਰਾਨ ਇਸ ਵਲੋਂ ਖੇਡ ਮੇਲਾ ਪਿਛਲੇ ਸਾਲਾਂ ਵਾਂਗ ਹੀ ਲੇਬਰ ਡੇਅ ਵੀਕਐਂਡ 'ਤੇ 3 ਸਤੰਬਰ, ਐਤਵਾਰ ਨੂੰ ਬਸੀਵੁਡਜ਼, ਐਲਕਗਰੂਵ ਵਿਚ ਹੋਵੇਗਾ।



*ਬਲਵਿੰਦਰ ਸਿੰਘ ਚੱਠਾ*

ਇਸੇ ਦੌਰਾਨ ਸ. ਚੱਠਾ ਨੇ ਕਲੱਬ ਦੇ ਪ੍ਰਧਾਨ ਦੀ ਜਿੰਮੇਵਾਰੀ ਸੌਂਪੇ ਜਾਣ ਉਤੇ ਕਲੱਬ ਦੇ ਸਾਬਕਾ ਪ੍ਰਧਾਨਾਂ, ਚੇਅਰਮੈਨਾਂ, ਅਹੁਦੇਦਾਰਾਂ ਅਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਸੌਂਪੀ ਗਈ ਜਿੰਮੇਵਾਰੀ ਸਭ ਦੇ ਸਹਿਯੋਗ ਨਾਲ ਪੂਰੀ ਜਿੰਮੇਵਾਰੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨਗੇ।

## ਛੋਟੇਪੁਰ ਗੁਰਦਾਸਪੁਰ ਤੋਂ ਚੋਣ ਮੈਦਾਨ ਵਿਚ

**ਚੰਡੀਗੜ੍ਹ:** ਆਪਣਾ ਪੰਜਾਬ ਪਾਰਟੀ ਨੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਆਪਣੇ 18 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਨੇ ਚੰਡੀਗੜ੍ਹ ਵਿਚ ਉਮੀਦਵਾਰਾਂ ਦੀ ਤੀਜੀ ਸੂਚੀ ਦਾ ਐਲਾਨ ਕੀਤਾ।

ਸੂਚੀ ਵਿਚ 15 ਜਨਰਲ ਅਤੇ ਤਿੰਨ ਰਿਜ਼ਰਵ ਹਲਕਿਆਂ ਦੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਖੁਦ ਗੁਰਦਾਸਪੁਰ ਤੋਂ ਚੋਣ ਲੜਨਗੇ।


Singh Tax & Accounting Services LLC.

Individual & Business Taxes, Accounting, Payroll & Financial Consulting Services.

File your taxes on time, Tax planning, start new business, to resolve tax related matters with IRS. Free consultation for tax matters. Translation from Punjabi to English and Notary Services.

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph:248-982-2036

Fax:616-855-5575



Mohan Singh M.COM, MBA (Finance), ACA
Master in Taxation.
IRS Enrolled agent,
Notary Public

Office Locations
38969 Cheshire Dr., Northville, MI 48167
38565 Joy Rd., Westland, MI 48185

Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com



47 Trans Inc.

7401 Brookville Rd., Indianapolis IN 46239



ਡਰਾਈਵਰਾਂ ਤੇ ਓਨਰ ਆਪਰੇਟਰਾਂ ਦੀ ਲੋੜ ਹੈ



■ਟੈਕਸਸ ਲਈ ਸਾਰਾ ਸਾਲ ਚਲਣ ਵਾਲੇ ਪੱਕੇ ਲੋਡ ■ਤਗੜੀ ਕਮਾਈ, ਤੁਰਤ ਅਦਾਇਗੀ
■ਸਸਤੇ ਭਾਅ ਟਰੱਕ ਤੇ ਟਰੇਲਰ ਲੈਣ ਲਈ ਲੀਜ਼ ਅਤੇ ਰੈਂਟ ਪ੍ਰੋਗਰਾਮ
■ਸਾਡੇ ਪਾਸ ਕਿਰਾਏ 'ਤੇ ਦੇਣ ਲਈ ਸੈਂਕੜੇ ਟਰੱਕ ਹਨ।

Trucks and Trailers for lease on dedicated runs.

ਫੋਨ: 317-493-9010 ਤੇ 317-438-9542

ਫੈਕਸ: 317 731 5280; Email: agmfleet@gmail.com; dispatch@agmtrucking.com

ਨਿਰਵਿਘਨ ਪ੍ਰਕਾਸ਼ਨ ਦੇ 18ਵੇਂ ਸਾਲ 'ਚ (ਪਹਿਲੀ ਜਨਵਰੀ 2000-2017)

# ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਪਾਠਕਾਂ ਨੂੰ

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਦੀ ਲੱਖ ਲੱਖ ਵਧਾਈ

# ਸਾਲ 2017 ਸਭਨਾਂ ਨੂੰ ਮੁਬਾਰਕ

**ਪੰਜਾਬ ਟਾਈਮਜ਼ ਨਾਈਟ 25 ਮਾਰਚ 2017 ਨੂੰ**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਪ੍ਰੋ. ਜੋਗਿੰਦਰ ਸਿੰਘ ਰਮਦੇਵ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਬਲਵਿੰਦਰ ਸਿੰਘ ਸੰਧੂ



ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੈਦੇਵ ਸਿੰਘ ਭੱਠਲ | ਜੱਸੀ ਗਿੱਲ | ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ



ਰਘਬੀਰ ਸਿੰਘ ਘੁੰਨ | ਜਗਦੀਸ਼ਰ ਸਿੰਘ ਕਲੇਰ | ਅਯੁਧਿਆ ਸਲਵਾਨ

### ਵਿਸ਼ੇਸ਼ ਸਹਿਯੋਗੀ



*ਡਾ. ਹਰਜਿੰਦਰ ਸਿੰਘ ਖਹਿਰਾ | ਜੈਰਾਮ ਸਿੰਘ (ਨੀਟੂ) ਕਾਹਲੋਂ | ਗੁਰਮੁਖ ਸਿੰਘ ਭੁੱਲਰ | ਸੁਰਿੰਦਰ ਸਿੰਘ ਭਾਟੀਆ | ਇੰਦਰਮੋਹਨ ਸਿੰਘ ਛਾਬੜਾ*

## ਸਾਡੇ ਸਥਾਈ ਲੇਖਕ ਤੇ ਕਾਲਮਨਵੀਸ



*ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਐਸ. ਅਸ਼ੋਕ ਭੌਰਾ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਦਲਜੀਤ ਅਮੀ | ਮੇਜਰ ਕੁਲਾਰ | ਇਕਬਾਲ ਜੱਬੋਵਾਲ*

ਪੰਜਾਬ ਟਾਈਮਜ਼

ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*

# ਬਾਦਲਾਂ ਨੇ ਜਾਂਦੀ ਵਾਰੀ ਦੀਆਂ ਸਹੂਲਤਾਂ ਨਾਲ ਨਿਚੋੜਿਆ ਖਜਾਨਾ

**ਚੰਡੀਗੜ੍ਹ:** ਖਜ਼ਾਨੇ ਵਿਚ ਭਾਵੇਂ 3500 ਕਰੋੜ ਰੁਪਏ ਦੇ ਬਿੱਲ ਅਦਾਇਗੀ ਲਈ ਲਟਕ ਰਹੇ ਹਨ, ਪਰ ਅਕਾਲੀ-ਭਾਜਪਾ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਮੁਫਤ ਸਹੂਲਤਾਂ ਦੀ ਝੜੀ ਲਾਈ ਹੋਈ ਹੈ। ਸਰਕਾਰ ਨੇ ਛੇ ਹਜ਼ਾਰ ਹੋਰ ਟਿਊਬਵੈੱਲ ਕੁਨੈਕਸ਼ਨ ਮਨਜ਼ੂਰ ਕੀਤੇ ਹਨ। ਇਸ ਤੋਂ ਇਲਾਵਾ ਸੂਬਾਈ ਬੋਰਡਾਂ ਤੇ ਕਾਰਪੋਰੇਸ਼ਨ ਵਿਚ ਨਿਯੁਕਤੀਆਂ ਦਾ ਹੜ੍ਹ ਆ ਗਿਆ ਹੈ। ਆਪਣਾ ਖਜ਼ਾਨਾ ਤਕਰੀਬਨ ਖਾਲੀ ਕਰਨ ਤੋਂ ਬਾਅਦ ਰਾਜ ਦੇ ਵਿੱਤ ਵਿਭਾਗ ਨੇ ਆਖਰਕਾਰ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਕੋਲੋਂ ਬਾਜ਼ਾਰ ਤੋਂ ਅਗਾਊਂ ਕਰਜ਼ ਚੁੱਕਣ ਦੀ ਮਨਜ਼ੂਰੀ ਹਾਸਲ ਕਰ ਲਈ ਹੈ।

ਇਸ ਤੋਂ ਬਾਅਦ 1250 ਕਰੋੜ ਰੁਪਏ ਲਏ ਗਏ ਤਾਂ ਕਿ ਤਕਰੀਬਨ 1800 ਕਰੋੜ ਰੁਪਏ ਦੇ ਓਵਰਡਰਾਫਟ ਦਾ ਕੁਝ ਹੱਦ ਤੱਕ ਨਿਬੇੜਾ ਕੀਤਾ ਜਾਵੇ। ਆਰ.ਬੀ.ਆਈ. ਨੇ ਸੂਬੇ ਨੂੰ ਇਸ ਮਹੀਨੇ ਦੇ ਤੈਅ ਕਰਜ਼ ਵਿਚੋਂ 250 ਕਰੋੜ ਰੁਪਏ ਲੈਣ ਦੀ ਇਜਾਜ਼ਤ ਦਿੱਤੀ। ਇਸ ਤੋਂ ਇਲਾਵਾ ਜਨਵਰੀ 2017 ਵਿਚ ਬਾਂਡ ਪੇਸ਼ ਕਰ ਕੇ ਲਏ ਜਾਣ ਵਾਲੇ ਇਕ ਹਜ਼ਾਰ ਕਰੋੜ ਰੁਪਏ ਵੀ ਹੁਣੇ ਦੇ ਦਿੱਤੇ ਗਏ। ਰਾਜ ਸਰਕਾਰ ਦੇ ਖਜ਼ਾਨੇ ਵਿਚੋਂ ਅੱਠ ਨਵੰਬਰ ਤੋਂ ਬਾਅਦ ਮੁਲਾਜ਼ਮਾਂ ਦੇ ਟੀ.ਏ./ਡੀ.ਏ./ਜੀ.ਪੀ.ਐਫ. ਦੇ ਬਿੱਲਾਂ ਤੋਂ ਇਲਾਵਾ ਸੇਵਾ ਮੁਕਤ ਹੋਏ ਮੁਲਾਜ਼ਮਾਂ ਦੇ ਆਖਰੀ ਭੁਗਤਾਨ ਦੇ ਬਿੱਲ ਵੀ ਭੁਗਤਾਏ ਨਹੀਂ ਜਾ ਰਹੇ। ਇਸ ਤੋਂ ਇਲਾਵਾ



ਵੱਖ ਵੱਖ ਵਿਕਾਸ ਕਾਰਜਾਂ ਦੀ ਅਦਾਇਗੀ ਵੀ ਨਹੀਂ ਕੀਤੀ ਗਈ। ਮੁਲਾਜ਼ਮਾਂ ਦੀ ਤਨਖਾਹ ਦੇ ਬਕਾਏ ਵੀ 2 ਦਸੰਬਰ ਤੋਂ ਲਟਕ ਰਹੇ ਹਨ, ਜਦੋਂ ਕਿ ਮੈਡੀਕਲ ਬਿੱਲ ਅਕਤੂਬਰ ਤੋਂ ਬਾਅਦ ਭੁਗਤਾਏ ਨਹੀਂ ਗਏ। ਫਿਰ ਵੀ ਵੋਟਰਾਂ ਨੂੰ ਲੁਭਾਉਣ ਲਈ ਪੰਜਾਬ ਸਰਕਾਰ ਆਪਣੀ ਚਾਦਰ ਦੇਖ ਕੇ ਪੈਰ ਨਹੀਂ ਪਸਾਰ ਰਹੀ।

ਨੋਟਬੰਦੀ ਮਗਰੋਂ ਪੁਰਾਣੇ ਨੋਟਾਂ ਵਿਚ ਟੈਕਸ ਸਵੀਕਾਰ ਕਰਨ ਦੇ ਰਾਜ ਸਰਕਾਰ ਦੇ ਫੈਸਲੇ ਨਾਲ ਪਿਛਲੇ ਮਹੀਨੇ ਟੈਕਸ ਉਗਰਾਹੀ ਵਿਚ ਥੋੜ੍ਹਾ ਵਾਧਾ ਦਿੱਸਿਆ, ਪਰ ਅਸਲ ਸਥਿਤੀ ਹੁਣ ਵੀ ਗੜਬੜ ਹੈ। ਆਬਕਾਰੀ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਪ੍ਰਤੀ ਦਿਨ ਦੀ ਔਸਤਨ ਮਾਲੀਆ ਪ੍ਰਾਪਤੀ 80 ਕਰੋੜ ਰੁਪਏ ਤੋਂ ਘਟ ਕੇ ਹੁਣ 70 ਕਰੋੜ ਰੁਪਏ ਰਹਿ ਗਈ ਹੈ। ਦਸੰਬਰ ਮਹੀਨੇ ਦੇ ਪਹਿਲੇ 23 ਦਿਨਾਂ ਵਿਚ ਰਾਜ ਦੇ ਆਪਣੇ ਟੈਕਸ ਮਾਲੀਏ ਵਿਚ 10 ਫੀਸਦੀ ਦੀ ਗਿਰਾਵਟ ਰਹੀ। ਵੈਟ ਅਤੇ ਐਕਸਾਈਜ਼ ਉਗਰਾਹੀਆਂ ਪਿਛੋਂ ਅਸ਼ਟਾਮ ਡਿਊਟੀ ਉਗਰਾਹੀ ਵਿਚ 50 ਫੀਸਦੀ ਗਿਰਾਵਟ ਦਰਜ ਹੋਈ।

ਸਰਕਾਰ ਵੱਲੋਂ 27059 ਮੁਲਾਜ਼ਮਾਂ ਨੂੰ ਪੱਕੇ ਕਰਨ ਕਾਰਨ ਖਜ਼ਾਨੇ ਉਤੇ 583 ਕਰੋੜ ਰੁਪਏ ਦਾ ਸਾਲਾਨਾ ਬੋਝ ਪਿਆ ਹੈ। ਇਸ ਤੋਂ ਇਲਾਵਾ 1.36 ਲੱਖ ਨਵੇਂ ਭਰਤੀ ਕੀਤੇ ਮੁਲਾਜ਼ਮਾਂ ਕਾਰਨ ਦੋ ਹਜ਼ਾਰ ਕਰੋੜ ਰੁਪਏ ਦਾ ਭਾਰ ਪਏਗਾ। ਰਾਜ ਸਰਕਾਰ ਨੇ ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਇਸ ਸਾਲ ਮਨਜ਼ੂਰ ਕੀਤੇ 1.50 ਲੱਖ ਟਿਊਬਵੈੱਲ ਕੁਨੈਕਸ਼ਨਾਂ ਤੋਂ ਬਿਨਾ ਛੇ ਹਜ਼ਾਰ ਹੋਰ ਟਿਊਬਵੈੱਲ ਕੁਨੈਕਸ਼ਨ ਮਨਜ਼ੂਰ ਕੀਤੇ ਹਨ। ਸਿੱਖਿਆ ਵਿਭਾਗ, ਰੁਜ਼ਗਾਰ ਗਾਰੰਟੀ ਸਕੀਮ ਦੇ ਪੰਜ ਹਜ਼ਾਰ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਲਈ ਨੋਟੀਫਿਕੇਸ਼ਨ ਦੀ ਤਿਆਰੀ ਕਰੀ ਬੈਠਾ ਹੈ।

## ਬਾਦਲਾਂ ਦੇ ਹਲਕਿਆਂ ਉਤੇ ਸਰਕਾਰੀ ਮਿਹਰ

**ਅਬੋਹਰ:** ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਭਰਤੀ ਕੀਤੇ 22 ਖੁਫੀਆ ਸਹਾਇਕਾਂ ਵਿਚੋਂ 21 ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਹਲਕੇ ਜਲਾਲਾਬਾਦ ਨਾਲ ਸਬੰਧਤ ਹਨ ਤੇ ਇਕ ਅਬੋਹਰ ਨਾਲ ਸਬੰਧਤ ਹੈ। ਨਵੇਂ ਭਰਤੀ ਕੀਤੇ 22 ਖੁਫ਼ੀਆਂ ਸਹਾਇਕਾਂ ਦਾ ਰੈਂਕ ਕਾਂਸਟੇਬਲ ਦਾ ਹੈ। ਇਨ੍ਹਾਂ ਨੂੰ ਸਰਹੱਦੀ ਖੇਤਰਾਂ ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨ ਤਾਰਨ ਵਿਚ ਤਾਇਨਾਤ ਕੀਤਾ ਗਿਆ ਹੈ। ਉਧਰ, ਕਾਂਗਰਸ ਨੇ ਸ਼੍ਰੋਮਣੀ ਅਕਾਲੀ ਦਲ ਉਤੇ ਆਪਣਿਆਂ ਨੂੰ ਰਿਉੜੀਆਂ ਵੰਡਣ ਦੇ ਦੋਸ਼ ਲਾਏ ਹਨ। ਇਸ ਤੋਂ ਇਲਾਵਾ ਹਲਕਾ ਲੰਬੀ ਦੇ ਪਿੰਡਾਂ 'ਚ ਪੀਲੇ ਤੇ ਨੀਲੇ (ਅਕਾਲੀ ਕਲਰ) ਰੰਗ ਵਾਲੇ ਬੈਂਚ ਸਜਾਏ ਜਾ ਰਹੇ ਹਨ, ਜੋ ਖਾਸ ਲੋਕਾਂ ਦੇ ਘਰਾਂ ਅੱਗੇ ਰੱਖੇ ਗਏ ਹਨ। ਹਲਕੇ ਦੇ 55 ਪਿੰਡਾਂ ਵਿਚ 6700 ਬੈਂਚ ਦਿੱਤੇ ਗਏ ਹਨ ਅਤੇ ਪ੍ਰਤੀ ਬੈਂਚ 3500 ਰੁਪਏ ਖਰਚਾ ਆਇਆ ਹੈ। ਬੈਂਚਾਂ 'ਤੇ ਹੁਣ ਤੱਕ 2.35 ਕਰੋੜ ਖਰਚੇ ਗਏ ਹਨ।

ਛੋਟੇ ਪਿੰਡਾਂ ਨੂੰ 25 ਤੇ ਵੱਡੇ ਪਿੰਡਾਂ ਨੂੰ 50 ਬੈਂਚ ਦਿੱਤੇ ਗਏ ਹਨ। ਇਹ ਸਾਰਾ ਸਾਮਾਨ ਨਵੰਬਰ-ਦਸੰਬਰ ਵਿਚ ਵੰਡਿਆ ਗਿਆ ਹੈ। ਪਿੰਡ ਘੁਮਿਆਰਾ ਦੇ ਕਈ ਲੋਕਾਂ ਨੇ ਇਹ ਬੈਂਚ ਚੁੱਕ ਕੇ ਆਪਣੇ ਖੇਤਾਂ ਵਿਚ ਰੱਖ ਲਏ ਹਨ। ਜਾਣਕਾਰੀ ਅਨੁਸਾਰ ਲੰਬੀ ਹਲਕੇ ਦੇ ਪਿੰਡਾਂ ਨੂੰ ਸੋਲਰ ਲਾਈਟਾਂ ਨਾਲ ਚਮਕਾਇਆ ਜਾ ਰਿਹਾ ਹੈ। ਹਲਕੇ ਦੀਆਂ 83 ਪੰਚਾਇਤਾਂ ਨੂੰ 6749 ਸੋਲਰ ਲਾਈਟਾਂ ਦਿੱਤੀਆਂ ਗਈਆਂ ਹਨ, ਜਿਨ੍ਹਾਂ ਉਤੇ 10.05 ਕਰੋੜ ਰੁਪਏ ਖਰਚੇ ਗਏ ਹਨ। ਪਿੰਡ ਮਿੱਡੂਖੇੜਾ 'ਚ ਇਕ ਢਾਣੀ ਵਿਚ 9 ਘਰਾਂ ਅੱਗੇ 10 ਸੋਲਰ ਲਾਈਟਾਂ ਲਗਾ ਦਿੱਤੀਆਂ ਹਨ।

# ਜਨਰਲ ਰਾਵਤ ਨੇ ਥਲ ਸੈਨਾ ਮੁਖੀ ਵਜੋਂ ਸੰਭਾਲਿਆ ਅਹੁਦਾ

**ਨਵੀਂ ਦਿੱਲੀ:** ਲੈਫਟੀਨੈਂਟ ਜਨਰਲ ਬਿਪਿਨ ਰਾਵਤ ਨੇ 13 ਲੱਖ ਦੀ ਨਫਰੀ ਵਾਲੀ ਮਜ਼ਬੂਤ ਥਲ ਸੈਨਾ ਦੇ 27ਵੇਂ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਜਨਰਲ ਦਲਬੀਰ ਸਿੰਘ ਸੁਹਾਗ ਦੀ ਥਾਂ ਲਈ, ਜੋ 42 ਵਰ੍ਹਿਆਂ ਦੀ ਸੇਵਾ ਮਗਰੋਂ ਸੇਵਾ-ਮੁਕਤ ਹੋ ਗਏ। ਇਸ ਦੇ ਨਾਲ ਹੀ ਏਅਰ ਮਾਰਸ਼ਲ ਬਰਿੰਦਰ ਸਿੰਘ ਧਨੋਆ ਨੇ ਏਅਰ ਚੀਫ ਮਾਰਸ਼ਲ ਅਨੂਪ ਰਾਹਾ ਦੀ ਥਾਂ ਹਵਾਈ ਸੈਨਾ ਦੇ 25ਵੇਂ ਮੁਖੀ ਵਜੋਂ ਸੰਭਾਲੀ।

ਸਰਕਾਰ ਨੇ ਜਨਰਲ ਰਾਵਤ ਨੂੰ ਥਲ ਸੈਨਾ ਦੇ ਦੋ ਸਭ ਤੋਂ ਸੀਨੀਅਰ ਲੈਫਟੀਨੈਂਟ ਜਨਰਲਾਂ ਪ੍ਰਵੀਨ ਬਖਸ਼ੀ ਤੇ ਪੀ.ਐਮ. ਹਾਰਿਜ਼ ਦੀ ਸੀਨੀਅਰਤਾ ਉਲੰਘ ਕੇ ਅਹੁਦੇ ਉਤੇ ਨਿਯੁਕਤ ਕੀਤਾ ਹੈ। ਗੌਰਤਲਬ ਹੈ ਕਿ ਪਹਿਲਾਂ ਕਿਆਸ ਲਾਏ ਜਾ ਰਹੇ ਸਨ ਕਿ ਲੈਫਟੀਨੈਂਟ ਜਨਰਲ ਬਖਸ਼ੀ ਅਸਤੀਫਾ ਦੇ ਸਕਦੇ ਹਨ ਜਾਂ ਅਗਾਊਂ ਸੇਵਾ ਮੁਕਤੀ ਲੈ ਸਕਦੇ ਹਨ। ਨਾਲ ਹੀ ਇਹ ਵੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਲੈਫਟੀਨੈਂਟ ਜਨਰਲ ਬਖਸ਼ੀ ਨੂੰ ਚੀਫ ਆਫ ਡਿਫੈਂਸ ਸਟਾਫ ਦਾ ਨਵਾਂ ਅਹੁਦਾ ਦਿੱਤਾ ਜਾ ਸਕਦਾ ਹੈ।



ਉਂਜ ਸੂਤਰਾਂ ਨੇ ਇਹ ਵੀ ਕਿਹਾ ਕਿ ਅਜਿਹੇ ਆਸਾਰ ਨਹੀਂ ਹਨ। ਇਸ ਤੋਂ ਪਹਿਲਾਂ ਅਹੁਦਾ ਛੱਡ ਰਹੇ ਥਲ ਸੈਨਾ ਮੁਖੀ ਜਨਰਲ ਸੁਹਾਗ ਤੇ ਏਅਰ ਚੀਫ ਮਾਰਸ਼ਲ ਰਾਹਾ ਨੇ ਅਮਰ ਜਵਾਨ ਜੋਤੀ ਉਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਤੇ ਗਾਰਡ ਆਫ਼ ਆਨਰ ਦਾ ਮੁਆਇਨਾ ਕੀਤਾ। ਇਸ ਪਿੱਛੋਂ ਜਨਰਲ ਸੁਹਾਗ ਨੇ ਜਨਰਲ ਰਾਵਤ ਨੂੰ ਅਹੁਦੇ ਦਾ ਚਾਰਜ ਸੰਭਾਲ ਦਿੱਤਾ। ਇਸੇ ਤਰ੍ਹਾਂ ਏਅਰ ਚੀਫ਼ ਮਾਰਸ਼ਲ ਰਾਹਾ ਨੇ ਏਅਰ ਮਾਰਸ਼ਲ ਧਨੋਆ ਨੂੰ ਅਹੁਦੇ ਦਾ ਚਾਰਜ ਸੰਭਾਲਿਆ। ਉਨ੍ਹਾਂ ਦਾ ਹਵਾਈ ਨਿਸ਼ਾਨੇ ਸੇਧਣ ਦਾ ਵਿਸ਼ਾਲ ਤਜਰਬਾ ਹੈ।

# ਟਵਿੱਟਰ ਉਤੇ ਭਿੜੇ ਕੈਪਟਨ ਅਤੇ ਕੇਜਰੀਵਾਲ

**ਨਵੀਂ ਦਿੱਲੀ:** ਵਿਧਾਨ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਅਤੇ ਅਰਵਿੰਦ ਕੇਜਰੀਵਾਲ ਟਵਿਟਰ ਜੰਗ ਵਿਚ ਉਲਝੇ ਨਜ਼ਰ ਆ ਰਹੇ ਹਨ। ਸੋਸ਼ਲ ਮੀਡੀਆ ਦੇ ਇਸ ਮੰਚ ਉਤੇ ਦੋਹਾਂ ਆਗੂਆਂ ਦਰਮਿਆਨ ਇਹ ਜੰਗ ਉਸ ਵੇਲੇ ਸ਼ੁਰੂ ਹੋਈ ਜਦੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਜਾਂ ਮਜੀਠੀਆ ਦੇ ਖਿਲਾਫ਼ ਚੋਣ ਲੜਨ ਦੀ ਚੁਣੌਤੀ ਦਿੱਤੀ।

ਕੈਪਟਨ ਨੇ ਬਿਨਾਂ ਦੇਰ ਕੀਤੇ ਜਵਾਬ ਦਿੰਦਿਆਂ ਕੇਜਰੀਵਾਲ ਦੇ ਖਿਲਾਫ਼ ਚੋਣ ਲੜਨ ਨੂੰ ਕਿਹਾ। ਲੜੀਵਾਰ ਟਵੀਟਾਂ ਦੀ ਸ਼ੁਰੂਆਤ ਕਰਦਿਆਂ ਕੇਜਰੀਵਾਲ ਨੇ ਕੈਪਟਨ 'ਤੇ ਅਕਾਲੀ ਦਲ ਦੇ ਅਹਿਮ ਨੇਤਾਵਾਂ ਖਿਲਾਫ਼ ਕਮਜ਼ੋਰ ਉਮੀਦਵਾਰ ਖੜ੍ਹੇ ਕਰਨ ਦਾ ਇਲਜ਼ਾਮ ਲਾਇਆ। ਉਨ੍ਹਾਂ ਕੈਪਟਨ ਤੋਂ ਸੁਆਲੀਆ ਅੰਦਾਜ਼ ਵਿਚ ਪੁੱਛਿਆ ਕਿ ਉਹ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਜਾਂ ਮਜੀਠੀਆ ਦੇ ਖਿਲਾਫ਼ ਚੋਣ ਲੜਨਗੇ ਜਾਂ ਫਿਰ ਕਿਸੇ





ਸੁਰੱਖਿਅਤ ਜਗ੍ਹਾ ਤੋਂ। ਜਿਸ ਦੇ ਜਵਾਬ ਵਿਚ ਕੈਪਟਨ ਨੇ ਕੇਜਰੀਵਾਲ ਨੂੰ ਕਿਹਾ ਕਿ ਉਹ ਉਥੋਂ ਚੋਣ ਲੜਨਗੇ ਜਿਥੇ ਕੇਜਰੀਵਾਲ ਚੋਣ ਲੜੇਗਾ।

ਲਗਾਤਾਰ ਚੱਲਦੇ ਟਵੀਟ ਸੰਦੇਸ਼ਾਂ ਵਿਚ ਕੈਪਟਨ ਨੇ ਕੇਜਰੀਵਾਲ ਨੂੰ ਘੇਰਦਿਆਂ ਕਿਹਾ ਕਿ ਉਹ ਉਸ ਵੇਲੇ ਜੇਤਲੀ ਨੂੰ ਹਰਾ ਚੁੱਕੇ ਹਨ ਜਦੋਂ ਕੇਜਰੀਵਾਲ ਪੰਜਾਬ ਬਾਰੇ ਕੁਝ ਵੀ ਨਹੀਂ ਜਾਣਦੇ ਸਨ। ਇਹ ਸ਼ਬਦੀ ਜੰਗ ਉਸ ਵੇਲੇ ਸਿਖਰ 'ਤੇ ਪਹੁੰਚ ਗਈ ਜਦੋਂ ਕੇਜਰੀਵਾਲ ਨੇ ਐਲਾਨ ਕੀਤਾ ਕਿ ਉਹ ਪੰਜਾਬ ਤੋਂ ਚੋਣਾਂ ਨਹੀਂ ਲੜਨਗੇ। ਉਨ੍ਹਾਂ ਕਿਹਾ ਕਿ 'ਆਪ' ਪਾਰਟੀ ਬਾਦਲ/ਮਜੀਠੀਆ ਦੇ ਖਿਲਾਫ਼ ਲੜ ਰਹੀ ਹੈ, ਜਿਨ੍ਹਾਂ ਨੇ ਪੰਜਾਬ ਨੂੰ ਨਸ਼ਿਆਂ ਵਿਚ ਧੱਕ ਦਿੱਤਾ ਹੈ। ਕੈਪਟਨ ਨੇ ਕੇਜਰੀਵਾਲ ਦੇ ਚੋਣ ਨਾ ਲੜਨ 'ਤੇ ਤਨਜ਼ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਕੇਜਰੀਵਾਲ ਡਰਾਮਾ ਕਰ ਰਹੇ ਹਨ।

# ਹੁਣ ਪੰਜਾਬ ਦੇ ਗਾਇਕਾਂ ਨੂੰ ਵੀ ਪਿਆ ਸਰਗਰਮ ਸਿਆਸਤ ਦਾ ਚਸਕਾ

**ਚੰਡੀਗੜ੍ਹ:** ਪੰਜਾਬ ਦੇ ਤਕਰੀਬਨ ਅੱਧੀ ਦਰਜਨ ਗਾਇਕ ਪ੍ਰਮੁੱਖ ਪਾਰਟੀਆਂ ਵੱਲੋਂ ਚੋਣ ਲੜਨ ਦੇ ਇੱਛੁਕ ਹਨ। ਇਹ ਗਾਇਕ ਪਾਰਟੀਆਂ ਵਿਚ ਸ਼ਾਮਲ ਹੋ ਕੇ ਚੋਣ ਸਰਗਰਮੀਆਂ ਵਿਚ ਹਿੱਸਾ ਵੀ ਲੈ ਰਹੇ ਹਨ ਅਤੇ ਕਈਆਂ ਨੇ ਤਾਂ ਹਲਕੇ ਮਿੱਥ ਕੇ ਉਥੋਂ ਦਾਅਵੇਦਾਰੀ ਵੀ ਜਤਾਈ ਹੈ, ਪਰ ਹਾਲੇ ਤੱਕ ਮੁਹੰਮਦ ਸਦੀਕ ਨੂੰ ਹੀ ਟਿਕਟ ਮਿਲੀ ਹੈ। ਚੋਣ ਲੜਨ ਦੇ ਦਾਅਵੇਦਾਰਾਂ ਵਿਚ ਉਘੇ ਗਾਇਕ ਬਲਕਾਰ ਸਿੱਧੂ ਤੇ ਸਤਵਿੰਦਰ ਬਿੱਟੀ ਕਾਂਗਰਸ ਵੱਲੋਂ, ਗਾਇਕਾ ਮਿਸ ਪੂਜਾ, ਰਣਜੀਤ ਮਣੀ, ਹੰਸ ਰਾਜ ਹੰਸ ਭਾਜਪਾ ਵੱਲੋਂ ਅਤੇ ਕੇ.ਐਸ. ਮੱਖਣ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਉਤੇ ਚੋਣ ਲੜਨ ਦੇ ਇੱਛੁਕ ਦੱਸੇ ਜਾਂਦੇ ਹਨ। ਕਾਂਗਰਸ ਵੱਲੋਂ ਮੌਜੂਦਾ ਵਿਧਾਇਕ ਮੁਹੰਮਦ ਸਦੀਕ ਨੂੰ ਪਹਿਲੀ ਸੂਚੀ ਵਿਚ ਹੀ ਟਿਕਟ ਦੇ ਦਿੱਤੀ ਗਈ ਹੈ, ਪਰ ਉਨ੍ਹਾਂ ਦਾ ਹਲਕਾ ਭਦੌੜ ਤੋਂ ਬਦਲ ਕੇ ਜੈਤੋ ਕਰ ਦਿੱਤਾ ਗਿਆ ਹੈ।

ਬਲਕਾਰ ਸਿੱਧੂ ਜਿਸ ਨੂੰ ਵਿਧਾਨ ਸਭਾ ਜ਼ਿਮਨੀ ਚੋਣ ਸਮੇਂ 'ਆਪ' ਨੇ ਤਲਵੰਡੀ ਸਾਬੋ ਤੋਂ ਟਿਕਟ ਦੇ ਕੇ ਬਾਅਦ ਵਿਚ ਕੱਟ ਦਿੱਤੀ ਸੀ, ਨੇ ਕਾਫੀ ਸਮਾਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਕਾਂਗਰਸ 'ਚ ਸ਼ਮੂਲੀਅਤ ਕਰ ਕੇ ਬਠਿੰਡਾ ਜ਼ਿਲ੍ਹੇ 'ਚ ਪੈਂਦੇ ਹਲਕਾ ਮੌੜ ਮੰਡੀ ਤੋਂ

**ਚੋਣ ਲੜਨ ਲਈ ਵੱਖ-ਵੱਖ ਸਿਆਸੀ ਪਾਰਟੀਆਂ ਦੇ ਮੱਲੇ ਦਰ**



ਮੁਹੰਮਦ ਸਦੀਕ



ਹੰਸ ਰਾਜ ਹੰਸ



ਸਤਵਿੰਦਰ ਬਿੱਟੀ



ਕੇ.ਐਸ. ਮੱਖਣ

ਸਰਗਰਮੀਆਂ ਵਿੱਢੀਆਂ ਹੋਈਆਂ ਹਨ। ਉਹ ਕਾਂਗਰਸ ਦੇ ਹਰ ਛੋਟੇ-ਵੱਡੇ ਸਮਾਗਮਾਂ 'ਚ ਸ਼ਾਮਲ ਹੋਣ ਤੋਂ ਇਲਾਵਾ ਹਲਕੇ ਵਿਚ ਸਰਗਰਮੀ ਨਾਲ ਵਿਚਰ ਰਹੇ ਹਨ। ਇਥੋਂ ਟਿਕਟ ਦੇ ਹੋਰ ਵੀ ਕਾਫੀ ਦਾਅਵੇਦਾਰ ਹਨ, ਪਰ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਬਠਿੰਡਾ ਤੋਂ ਟਿਕਟ ਦੇਣ ਕਾਰਨ ਹੁਣ ਇਸ ਹਲਕੇ 'ਤੇ ਹਰਮਹਿੰਦਰ ਸਿੰਘ ਜੱਸੀ ਦਾ ਨਾਂ ਵੀ ਬੋਲਣ ਲੱਗ ਪਿਆ ਹੈ। ਉਘੀ ਗਾਇਕਾ ਸਤਵਿੰਦਰ ਬਿੱਟੀ ਵੀ ਕੁਝ ਸਮਾਂ ਪਹਿਲਾਂ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਉਹ ਸਾਹਨੇਵਾਲ ਹਲਕੇ ਤੋਂ ਟਿਕਟ ਪ੍ਰਾਪਤ ਕਰਨ ਦੀ ਦੌੜ ਸ਼ਾਮਲ ਹਨ।

ਮਿਸ ਪੂਜਾ ਜੋ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਭਾਜਪਾ ਵਿਚ ਸ਼ਾਮਲ ਹੋ ਗਈ ਸੀ, ਦੀ ਉਸ ਵੇਲੇ ਵੀ ਚੋਣ ਲੜਨ ਦੀ ਚਰਚਾ ਚੱਲੀ ਸੀ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੀਆਂ ਰਾਜਨੀਤਿਕ ਸਰਗਰਮੀਆਂ ਠੱਪ ਹੀ ਸਨ। ਬੀਤੇ ਦਿਨਾਂ 'ਚ ਅਚਨਚੇਤ ਉਨ੍ਹਾਂ ਦੇ ਹਲਕਾ ਰਾਜਪੁਰਾ ਤੋਂ ਚੋਣ ਲੜਨ ਦੀ ਚਰਚਾ ਜ਼ੋਰਾਂ ਉਤੇ ਹੈ। ਮਿਸ ਪੂਜਾ ਦਾ ਜੱਦੀ ਸ਼ਹਿਰ ਵੀ ਰਾਜਪੁਰਾ ਹੀ ਹੈ। ਹੰਸ ਰਾਜ ਹੰਸ ਜੋ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋ ਗਏ ਸਨ, ਦੇ ਵੀ ਅੰਮ੍ਰਿਤਸਰ ਦੇ ਪੱਛਮੀ ਹਲਕੇ ਤੋਂ ਚੋਣ ਲੜਾਏ ਜਾਣ ਦੀ ਚਰਚਾ ਹੈ। ਇਸ ਗੱਲ ਨੂੰ ਇਸ ਕਰ ਕੇ ਵੀ ਬਲ ਮਿਲਦਾ ਹੈ ਕਿ ਹੰਸ ਰਾਜ ਹੰਸ ਨੇ ਭਾਜਪਾ ਵਿਚ ਸ਼ਾਮਲ ਹੋਣ ਉਪਰੰਤ ਅੰਮ੍ਰਿਤਸਰ ਦਾ ਦੌਰਾ ਕਰ ਕੇ ਰਾਜਨੀਤਿਕ ਹਲਚਲ ਪੈਦਾ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਅਕਾਲੀ ਦਲ ਵਿਚ ਹੋਣ ਸਮੇਂ ਉਨ੍ਹਾਂ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਜਲੰਧਰ ਹਲਕੇ ਤੋਂ ਕਿਸਮਤ ਅਜ਼ਮਾਈ ਸੀ, ਪਰ ਜਿੱਤ ਨਸੀਬ ਨਹੀਂ ਹੋ ਸਕੀ। ਰਣਜੀਤ ਮਣੀ ਜੋ ਪਿਛਲੇ ਦਿਨੀਂ ਹੀ ਭਾਜਪਾ ਵਿਚ ਸ਼ਾਮਲ ਹੋਏ ਹਨ, ਨੂੰ ਵੀ ਪਾਰਟੀ ਕਿਸੇ ਹਲਕੇ ਤੋਂ ਉਤਾਰਨ ਦੇ ਮੂਡ ਵਿਚ ਹੈ। ਮੋਗਾ ਦੇ ਪਿੰਡ ਚੁੱਪਕੀਤੀ ਦੇ ਜੰਮਪਲ ਤੇ ਅੱਜ ਕੱਲ੍ਹ ਲੁਧਿਆਣਾ ਵਿਖੇ ਰਹਿ ਰਹੇ ਮਣੀ ਨੇ ਕਿਹਾ ਕਿ ਜੇ ਪਾਰਟੀ ਨੇ ਚੋਣ ਲੜਾਈ ਤਾਂ ਉਹ ਜ਼ਰੂਰ ਲੜਨਗੇ। ਸਿੱਖੀ ਸਰੂਪ ਵਾਲੇ ਗਾਇਕ ਕੇ.ਐਸ. ਮੱਖਣ ਨੇ ਬਹੁਜਨ ਸਮਾਜ ਪਾਰਟੀ 'ਚ ਸ਼ਮੂਲੀਅਤ ਕਰ ਕੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਅਨੰਦਪੁਰ ਸਾਹਿਬ ਤੋਂ ਚੋਣ ਲੜੀ ਸੀ, ਪਰ ਉਹ ਚੋਣ ਜਿੱਤਣ 'ਚ ਅਸਫਲ ਰਹੇ ਸਨ। ਹੁਣ ਉਨ੍ਹਾਂ ਬਸਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਮੂਲੀਅਤ ਕਰ ਲਈ ਹੈ, ਨੂੰ ਪਾਰਟੀ ਵੱਲੋਂ ਕਿਸੇ ਹਲਕੇ ਵਿਚ ਉਤਾਰੇ ਜਾਣ ਦੀ ਚਰਚਾ ਹੈ।

# ‘ਜੋ ਕਿਹਾ ਉਹ ਕੀਤਾ, ਜੋ ਕਹਾਂਗੇ ਉਹ ਕਰਾਂਗੇ’ ਦੇ ਨਾਅਰੇ ’ਤੇ ਸਵਾਲ

**ਚੰਡੀਗੜ੍ਹ:** ਚੋਣਾਂ ਆਉਂਦਿਆਂ ਹੀ ਸਿਆਸੀ ਪਾਰਟੀਆਂ ਵੋਟਰਾਂ ਲਈ ਅਸਮਾਨੋਂ ਤਾਰੇ ਤੋੜ ਲਿਆਉਣ ਤੱਕ ਦੇ ਵਾਅਦੇ ਕਰਦੀਆਂ ਹਨ ਅਤੇ ਵੋਟ ਹਾਸਲ ਕਰ ਕੇ ਇਨ੍ਹਾਂ ਵਿਚੋਂ ਬਹੁਤੇ ਵਿਸਾਰ ਦਿੱਤੇ ਜਾਂਦੇ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ‘ਜੋ ਕਿਹਾ ਉਹ ਕੀਤਾ, ਜੋ ਕਹਾਂਗੇ ਉਹ ਕਰਾਂਗੇ’ ਦੇ ਸਿਰਲੇਖ ਹੇਠ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਾਰੀ ਚੋਣ ਮਨੋਰਥ ਪੱਤਰ ਉਤੇ ਝਾਤ ਮਾਰਦਿਆਂ ਬਹੁਤ ਸਾਰੇ ਅਜਿਹੇ ਵਾਅਦੇ ਹਨ, ਜਿਨ੍ਹਾਂ ਉਤੇ ਅਮਲ ਨਹੀਂ ਹੋਇਆ ਜਾਂ ਅਧੂਰਾ ਅਮਲ ਹੋਇਆ ਹੈ ਅਤੇ ਕਈਆਂ ਦੇ ਤਾਂ ਸਰਕਾਰ ਨੇ ਉਲਟ ਸਟੈਂਡ ਲੈ ਲਿਆ ਹੈ।

ਖੇਤੀ ਖੇਤਰ ਲਈ ਮੁਫਤ ਬਿਜਲੀ ਅਤੇ ਪਾਣੀ ਦੀ ਸੁਵਿਧਾ ਜਾਰੀ ਰੱਖਣ ਦੇ ਵਾਅਦੇ ਨੂੰ ਜ਼ਰੂਰ ਨਿਭਾਇਆ ਗਿਆ, ਪਰ ਖੇਤੀ ਖੇਤਰ ਵਿਚ ਜਨਤਕ ਨਿਵੇਸ਼ ਵਧਾਉਣ ਦਾ ਵਾਅਦਾ ਵਿਸਾਰ ਦਿੱਤਾ ਗਿਆ। ਖੇਤੀ ਕਰਜ਼ਿਆਂ ਦੇ ਉਦਯੋਗਿਕ ਕਰਜ਼ਿਆਂ ਦੀ ਤਰਜ਼ ਉਤੇ ਇਕਮੁਸ਼ਤ ਨਿਪਟਾਰੇ ਬਾਰੇ ਖਾਮੋਸ਼ੀ ਹੀ ਰਹੀ।

## ਦਸ ਸਾਲਾਂ ਦੀ ਸੱਤਾ ‘ਚ ਜ਼ਿਆਦਾਤਰ ਵਾਅਦੇ ਅਣਗੌਲੇ



ਖੇਤੀ ਬੀਮਾ ਯੋਜਨਾ ਲਾਗੂ ਕਰਨ ਦਾ ਵਾਅਦਾ ਉਲਟ ਦਿਸ਼ਾ ਅਖਤਿਆਰ ਕਰ ਗਿਆ ਕਿਉਂਕਿ ਕੇਂਦਰ ਸਰਕਾਰ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ ਕਿ ਪੰਜਾਬ ਵਿਚ ਇਹ ਸਕੀਮ ਲਾਗੂ ਨਹੀਂ ਹੋ ਸਕਦੀ। ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ ਦੇ ਪੀੜਤ ਪਰਿਵਾਰਾਂ ਨੂੰ ਦੋ ਲੱਖ ਰੁਪਏ ਮੁਆਵਜ਼ਾ ਤਾਂ ਤਿੰਨ ਲੱਖ ਰੁਪਏ ਕਰ ਦਿੱਤਾ ਗਿਆ, ਪਰ ਇਕ ਜੀਅ ਨੂੰ ਸਰਕਾਰੀ ਨੌਕਰੀ ਹੁਣ ਖੁਦਕੁਸ਼ੀਆਂ ਨੂੰ ਹੋਰ ਵਧਾਉਣ ਦੀ ਦਲੀਲ ਹੇਠ ਰੱਦ ਕਰ ਦਿੱਤੀ ਗਈ।

ਫਸਲਾਂ ਦਾ ਭਾਅ ਕੀਮਤ ਸੂਚਕ ਅੰਕ ਨਾਲ ਜੋੜਨ ਜਾਂ ਸਵਾਮੀਨਾਥਨ ਫਾਰਮੂਲੇ ਮੁਤਾਬਕ ਪੰਜਾਹ ਫੀਸਦ ਮੁਨਾਫਾ ਜੋੜ ਕੇ ਭਾਅ ਤੈਅ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਬ ਪਾਰਟੀ ਸਿਆਸੀ ਪਹਿਲਕਦਮੀ ਸਿਰਫ ਕਾਗਜ਼ਾਂ ਤੱਕ ਸੀਮਤ ਰਹੀ। ਸਰਬ ਪਾਰਟੀ ਮੀਟਿੰਗ ਤੱਕ ਨਹੀਂ ਬੁਲਾਈ ਗਈ।

ਫਸਲੀ ਵੰਨ-ਸੁਵੰਨਤਾ ਲਈ ਕੇਂਦਰ ਤੋਂ 10,000 ਕਰੋੜ ਰੁਪਏ ਲਈ ਹੰਭਲਾ ਤਾਂ ਪਤਾ ਨਹੀਂ ਕਿੰਨਾ ਕੁ ਮਾਰਿਆ, ਪਰ ਗੱਠਜੋੜ ਦੀ ਸਰਕਾਰ ਹੋਣ ਦੇ ਬਾਵਜੂਦ ਕੁਝ ਪੱਲੇ ਨਹੀਂ ਪਿਆ। ਕੇਂਦਰ ਤੋਂ ਸਾਰੀਆਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰਵਾਉਣ ਲਈ ਦਬਾਅ ਗੱਲੀਂ-ਬਾਤੀਂ ਹੋਇਆ, ਪਰ ਕਣਕ-ਝੋਨੇ ਦੇ ਭਾਅ ਉਤੇ ਵੀ ਖਤਰਾ ਮੰਡਰਾਉਣ ਲੱਗ ਗਿਆ ਹੈ। ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਇਕ ਹਜ਼ਾਰ ਰੁਪਏ ਬੇਰੁਜ਼ਗਾਰੀ ਭੱਤਾ ਬਾਅਦ ਵਿਚ ਰੁਜ਼ਗਾਰ ਦੇ ਕਾਬਲ ਬਣਾਉਣ ਵਾਲਿਆਂ ਨੂੰ ਦੇਣ ਵਿਚ ਤਬਦੀਲ ਹੋ ਗਿਆ। ਦਸ ਲੱਖ ਨਵੀਆਂ ਨੌਕਰੀਆਂ ਦੇ ਵਾਅਦੇ ਦੀ ਸੱਚਾਈ ਸਰਕਾਰ ਦੇ ਤੱਥ ਖੁਦ ਬਿਆਨ ਕਰ ਰਹੇ ਹਨ। ਜੇਕਰ ਸਰਕਾਰੀ ਤੱਥਾਂ ਉਤੇ ਵੀ ਯਕੀਨ ਕਰ ਲਿਆ ਜਾਵੇ ਤਾਂ ਇਹ 2007 ਤੋਂ 2016 ਤੱਕ ਦੇ ਨੌਂ ਸਾਲਾਂ ਦੌਰਾਨ ਪ੍ਰਤੱਖ ਅਤੇ ਅਪ੍ਰਤੱਖ ਤੌਰ ਉਤੇ 2,28,780 ਨੌਕਰੀਆਂ ਦਿੱਤੀਆਂ ਗਈਆਂ ਹਨ।

ਬੁਢਾਪਾ, ਵਿਧਵਾ, ਅੰਗਹੀਣ ਅਤੇ ਬੇਸਹਾਰਾ ਪੈਨਸ਼ਨ ਸਮਾਜਿਕ ਸੁਰੱਖਿਆ ਦਾ ਹਿੱਸਾ ਹਨ। ਚੋਣ ਮਨੋਰਥ ਪੱਤਰ ਵਿਚ ਇਹ ਪੈਨਸ਼ਨ ਵਧਾ ਕੇ 800 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਸੀ।

## ਨਸ਼ਿਆਂ ਵਿਰੁਧ ਜੰਗ ਹਾਰੀ ਸਰਕਾਰ

ਨਸ਼ਿਆਂ ਖਿਲਾਫ਼ ਜੰਗੀ ਪੱਧਰ ਉਤੇ ਮੁਹਿੰਮ ਚਲਾਉਣ ਦੇ ਵਾਅਦੇ ਦੇ ਅਮਲ ਵਿਚ ਆਉਣ ਦਾ ਮੌਕਾ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਬਣਿਆ ਦਿਖਾਈ ਦੇ ਰਿਹਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਉਤੇ ਪਰਚੇ ਦਰਜ ਹੋਏ, ਪਰ ਵੱਡੀਆਂ ਮੱਛੀਆਂ ਨੂੰ ਹੱਥ ਨਾ ਪਾਏ ਜਾਣ ਦੇ ਦੋਸ਼ਾਂ ਵਿਚ ਘਿਰੀ ਸਰਕਾਰ ਨੇ ਮੋੜ ਹੀ ਕੱਟ ਲਿਆ। ਹੁਣ ਤਾਂ ਪੰਜਾਬ ਵਿਚ ਨਸ਼ੇ ਦੀ ਕੋਈ ਸਮੱਸਿਆ ਹੀ ਨਹੀਂ ਜਿਹੀ ਦਲੀਲ ਨਾਲ ਇਸ ਜੰਗ ਦੇ ਵਾਅਦੇ ਦਾ ਅਰਥ ਹੀ ਖਤਮ ਹੋ ਗਿਆ।

## ਵਿਦਿਆਰਥੀਆਂ ਨਾਲ ਵੀ ਝੂਠ ਬੋਲਿਆ

ਅਕਾਲੀ ਦਲ ਨੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਡੈਟਾ ਸਮੇਤ ਲੈਪਟਾਪ ਕੰਪਿਊਟਰ ਦੇਣ ਦਾ ਵਾਅਦਾ ਕੀਤਾ ਸੀ, ਪਰ ਇਹ ਸੁਪਨਾ ਹੀ ਰਿਹਾ। 2007 ਤੋਂ 2012 ਤੱਕ ਫੇਲ੍ਹ ਹੋਈ ਆਦਰਸ਼ ਸਕੂਲ ਯੋਜਨਾ ਦੇ ਬਾਵਜੂਦ ਹਰ ਬਲਾਕ ਵਿਚ ਆਦਰਸ਼ ਸਕੂਲ ਖੋਲ੍ਹ ਦਿੱਤੇ ਜਾਣ ਦਾ ਵਾਅਦਾ ਪੂਰਾ ਹੋਣ ਦੀ ਉਮੀਦ ਹੀ ਨਹੀਂ ਸੀ। ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀਆਂ ਲੜਕੀਆਂ ਦੀ ਤਰ੍ਹਾਂ 9ਵੀਂ ਅਤੇ 10ਵੀਂ ਦੀਆਂ ਵਿਦਿਆਰਥਣਾਂ ਮੁਫਤ ਸਾਈਕਲ ਉਡੀਕਦੀਆਂ ਰਹੀਆਂ ਹਨ। ਪ੍ਰਾਈਵੇਟ ਕਿੱਤਾ ਮੁਖੀ ਸੰਸਥਾਵਾਂ ਲਈ ਗਿਆਨ ਅਤੇ ਕੁਆਲਿਟੀ ਕੰਟਰੋਲ ਕਮਿਸ਼ਨ ਸਥਾਪਿਤ ਕਰਨ ਦੇ ਅਰਥ ਵੀ ਸੁੰਗੜ ਗਏ ਹਨ। ਸਾਰੇ ਪੰਜਾਬ ਵਿਚ ਵਾਈ-ਫਾਈ ਸੇਵਾ ਦੇਣ ਦਾ ਵਾਅਦਾ ਹਵਾਈ ਹੋ ਗਿਆ।


**Freeway Travel Inc**



*ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ*

Call Raju

Tel: 773-973-0200

Fax: 773-973-0557

2542 W Devon Ave. Chicago IL 60659

**ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ**

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਹੈਲਪਰ ਤੇ ਤੰਦੂਰੀ ਸ਼ੈਫ ਦੀ ਲੋੜ ਹੈ। ਰਿਹਾਇਸ਼ ਫਰੀ, ਚੰਗੀ ਤਨਖਾਹ

*ਸੰਪਰਕ ਕਰੋ:*

ਸੰਨੀ, ਫੋਨ: 608-630-0287

52-1

**ਰੈਸਟੋਰੈਂਟ ਲਈ ਲੋੜ ਹੈ**



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਸੰਪਰਕ ਕਰੋ*

ਫੋਨ: 262-391-7666

1-2

**ਅਮਰ ਕਾਰਪੈਟਸ**

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ ! ਆਓ ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ*



ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

**Amar Carpets Inc**

ਵੈਸਟਰਨ ਐਵੇਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

**Desi Bazar**

916 E. Main Street #118, Greenwood, IN, 46143

Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY

• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਰਦਾਸ ਮਾਮਲਾ: ਮਲੂਕਾ ਦੀ ਮੁਸੀਬਤ ਵਧੀ

**ਅੰਮ੍ਰਿਤਸਰ:** ਅਰਦਾਸ ਦੀ ਨਕਲ ਮਾਮਲੇ ਵਿਚ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਬਣਾਈ ਤਿੰਨ ਮੈਂਬਰੀ ਕਮੇਟੀ ਨੇ ਜਾਂਚ ਰਿਪੋਰਟ ਸੌਂਪ ਦਿੱਤੀ ਹੈ।

ਤਿੰਨ ਮੈਂਬਰੀ ਕਮੇਟੀ ਨੇ ਬਠਿੰਡਾ ਦੇ ਗੁਰਦੁਆਰਾ ਹਾਜੀ ਰਤਨ ਵਿਚ ਮਲੂਕਾ ਨੂੰ ਤਲਬ ਕੀਤਾ ਸੀ ਅਤੇ ਮਲੂਕਾ ਦੇ ਬਿਆਨ ਦਰਜ ਕਰਨ ਮਗਰੋਂ ਆਪਣੀ ਰਿਪੋਰਟ ਤਿਆਰ ਕਰ ਲਈ ਸੀ। ਸ੍ਰੀ ਮਲੂਕਾ ਨੇ ਆਪਣੇ ਪੱਖ ਵਿੱਚ ਆਖਿਆ ਹੈ ਕਿ ਜਦੋਂ ਅਰਦਾਸ ਹੋ ਰਹੀ ਸੀ ਤਾਂ ਉਦੋਂ ਉਨ੍ਹਾਂ ਨੂੰ ਵੀ ਅਜਿਹਾ ਮਹਿਸੂਸ ਹੋਇਆ ਸੀ। ਪਤਾ ਲੱਗਿਆ ਹੈ ਕਿ ਮਲੂਕਾ ਵੱਲੋਂ ਕਮੇਟੀ ਨੂੰ ਕੋਈ ਰਿਕਾਰਡ ਨਹੀਂ ਪੇਸ਼ ਕੀਤਾ ਗਿਆ। ਉਧਰ, ਮੁਤਵਾਜ਼ੀ ਜਥੇਦਾਰਾਂ ਨੇ ਅਰਦਾਸ ਦੀ ਨਕਲ ਦੇ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਬਰਾਬਰ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਮਲੂਕਾ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸਤਨਾਮ ਸਿੰਘ ਭਾਈ ਰੂਪਾ ਨੂੰ ਆਪਣਾ ਪੱਖ ਪੇਸ਼ ਕਰਨ ਲਈ 9 ਜਨਵਰੀ ਨੂੰ ਅਕਾਲ ਤਖਤ 'ਤੇ ਤਲਬ ਕਰ ਲਿਆ ਹੈ। ਇਸ ਤੋਂ ਇਲਾਵਾ ਨੀਲਧਾਰੀ ਸੰਪਰਦਾ ਦੇ ਬਾਬਾ ਸਤਨਾਮ ਸਿੰਘ ਪਿਪਲੀ ਵਾਲੇ ਨੂੰ ਵੀ ਗੁਰ ਇਤਿਹਾਸ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਕਰਨ ਉਤੇ 9 ਜਨਵਰੀ ਨੂੰ ਤਲਬ ਕੀਤਾ ਗਿਆ ਹੈ। ਇਹ ਆਦੇਸ਼ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਵੱਲੋਂ ਜਾਰੀ ਕੀਤੇ ਗਏ ਹਨ।



ਜ਼ਿਕਰਯੋਗ ਹੈ ਕਿ 26 ਦਸੰਬਰ ਨੂੰ ਮਲੂਕਾ ਦੇ ਰਾਮਪੁਰਾ ਫੂਲ ਵਿਖੇ ਚੋਣ ਦਫਤਰ ਦੇ ਉਦਘਾਟਨ ਸਮੇਂ ਸਿੱਖ ਅਰਦਾਸ ਦੀ ਨਕਲ ਕੀਤੀ ਗਈ ਸੀ। ਸੋਸ਼ਲ ਮੀਡੀਆ ਉਤੇ ਇਹ ਸਭ ਕੁਝ ਵਾਇਰਲ ਹੋਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ।

## ਧਰਮ ਦੇ ਨਾਂ 'ਤੇ ਵੋਟਾਂ ਮੰਗਣ ਵਾਲਿਆਂ ਦੀ ਹੁਣ ਖੈਰ ਨਹੀਂ

*(ਸਫਾ ਇਕ ਦੀ ਬਾਕੀ)*

ਵਿਚ ਇਨ੍ਹੀਂ ਦਿਨੀਂ ਇਹ ਸਿਲਸਲਾ ਜ਼ੋਰਾਂ ਉਤੇ ਹੈ। ਸੁਪਰੀਮ ਕੋਰਟ ਨੇ ਜਾਤੀ ਦੇ ਨਾਂ ਉਤੇ ਵੋਟਾਂ ਮੰਗਣ 'ਤੇ ਵੀ ਸਖਤੀ ਵਿਖਾਈ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਦਲਿਤ ਪੱਤੇ ਖੇਡਣ ਵਿਚ ਸਭ ਤੋਂ ਮਾਹਰ ਹਨ। ਇਥੋਂ ਤੱਕ ਕਿ ਜ਼ਿਆਦਾਤਰ ਹਲਕਿਆਂ ਵਿਚ ਉਮੀਦਵਾਰ ਦੀ ਚੋਣ ਵੀ ਬਰਾਦਰੀ ਦੀ ਗਿਣਤੀ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਪੰਜਾਬ ਦੀਆਂ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਲੜ ਰਹੀ ਆਮ ਆਦਮੀ ਪਾਰਟੀ ਨੇ ਤਾਂ ਜਿੱਤ ਪਿੱਛੋਂ ਉਪ ਮੁੱਖ ਮੰਤਰੀ ਵੀ ਦਲਿਤ ਬਣਾਉਣ ਦਾ ਐਲਾਨ ਕੀਤਾ ਹੋਇਆ ਹੈ। ਇਸ ਪਾਰਟੀ ਨੇ ਲੰਬੀ ਹਲਕੇ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਟੱਕਰ ਦੇਣ ਦੇ ਮਕਸਦ ਨਾਲ ਹੀ ਦਿੱਲੀ ਦੇ ਸਿੱਖ ਵਿਧਾਇਕ ਜਰਨੈਲ ਸਿੰਘ ਨੂੰ ਮੈਦਾਨ ਵਿਚ ਉਤਾਰਿਆ ਹੈ। ਮੰਨਿਆ ਜਾ ਰਿਹਾ ਹੈ ਕਿ ਅਦਾਲਤ ਦਾ ਇਹ ਫੈਸਲਾ ਪੰਜਾਬ ਦੀ ਸਿਆਸਤ ਲਈ ਕਾਫੀ ਘਾਟੇ ਵਾਲਾ ਸਾਬਤ ਹੋਵੇਗਾ।

# ਜਦੋਂ 'ਇਨਸਾਫ' ਲਈ ਬਾਦਲ ਦੇ ਵਜ਼ੀਰ ਨੂੰ ਦੇਣਾ ਪਿਆ ਧਰਨਾ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਨਵੇਂ ਸਾਲ ਦੀ ਰਾਤ 'ਇਨਸਾਫ' ਲੈਣ ਲਈ ਧਰਨੇ ਉਤੇ ਗੁਜ਼ਾਰੀ। ਦਰਅਸਲ, ਬੇਰੁਜ਼ਗਾਰ ਅਧਿਆਪਕਾਂ ਨੇ ਮੰਤਰੀ ਦੇ ਘਰ ਉਤੇ ਕਬਜ਼ਾ ਕਰ ਲਿਆ ਸੀ ਤੇ ਮੰਤਰੀ ਸਾਹਬ ਨੇ ਚੰਡੀਗੜ੍ਹ ਪ੍ਰਸ਼ਾਸਨ ਵਿਰੁੱਧ ਸੜਕ ਉਪਰ ਧਰਨਾ ਲੈ ਦਿੱਤਾ।

ਚੰਡੀਗੜ੍ਹ ਪੁਲਿਸ ਨੇ ਕਈ ਘੰਟੇ ਪਏ ਰੌਲੇ ਤੋਂ ਬਾਅਦ ਤੜਕੇ ਦੋ ਵਜੇ ਡਾ. ਚੀਮਾ ਦੀ ਕੋਠੀ ਦੇ ਬਾਹਰ ਤੇ ਅੰਦਰ ਧਰਨਾ ਮਾਰੀ ਬੈਠੇ ਬੇਰੁਜ਼ਗਾਰ ਅਧਿਆਪਕਾਂ ਨੂੰ ਕਿਸੇ ਤਰ੍ਹਾਂ ਸ਼ਾਂਤ ਕਰ ਕੇ ਬਾਹਰ ਕੱਢਿਆ। ਪੁਲਿਸ ਨੇ ਬੇਰੁਜ਼ਗਾਰਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ।

ਬੇਰੁਜ਼ਗਾਰਾਂ ਵੱਲੋਂ ਆਤਮਦਾਹ ਕਰਨ ਦੀ ਧਮਕੀ ਦੇਣ ਕਾਰਨ ਚੰਡੀਗੜ੍ਹ ਪੁਲਿਸ ਉਨ੍ਹਾਂ ਨੂੰ ਤਾਕਤ ਦੀ ਵਰਤੋਂ ਕਰ ਕੇ ਕੋਠੀ ਵਿਚੋਂ ਬਾਹਰ ਕੱਢਣ ਤੋਂ ਝਿਜਕ ਰਹੀ ਸੀ। ਇਸ ਦੌਰਾਨ ਜਦੋਂ ਡਾ. ਚੀਮਾ ਨੇ ਪੰਜਾਬ ਰਾਜ ਭਵਨ ਮੂਹਰੇ ਸੜਕ ਉਪਰ ਰੋਸ ਧਰਨਾ ਦਿੱਤਾ ਤਾਂ ਚੰਡੀਗੜ੍ਹ ਪੁਲਿਸ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਵਿਚ ਖਲਬਲੀ ਮੱਚ ਗਈ। ਧਰਨੇ ਦੌਰਾਨ ਡਾ. ਚੀਮਾ ਨੇ ਦੋਸ਼ ਲਾਇਆ ਕਿ ਚੰਡੀਗੜ੍ਹ ਪੁਲਿਸ ਵਿਚ ਪੰਜਾਬ ਪੁਲਿਸ ਦਾ ਕੋਈ ਅਧਿਕਾਰੀ ਨਾ ਹੋਣ ਕਾਰਨ ਇਥੋਂ ਦੇ ਅਧਿਕਾਰੀ ਪੰਜਾਬ ਦੇ ਇਕ ਮੰਤਰੀ ਦੀ ਸੁਣਵਾਈ ਕਰਨ ਤੋਂ ਵੀ ਇਨਕਾਰੀ ਹਨ। ਤੜਕੇ ਇਕ ਵਜੇ ਰਾਜਪਾਲ ਵੀ.ਪੀ. ਬਦਨੌਰ ਨੇ ਚੰਡੀਗੜ੍ਹ ਦੇ ਇੰਸਪੈਕਟਰ ਜਨਰਲ ਤਜਿੰਦਰ ਸਿੰਘ ਲੂਥਰਾ ਨੂੰ ਤਲਬ ਕਰ ਕੇ ਡਾ. ਚੀਮਾ ਦੀ ਕੋਠੀ ਤੁਰਤ ਖਾਲੀ ਕਰਨ ਦੇ ਹੁਕਮ ਦਿੱਤੇ।

ਇਸ ਤੋਂ ਬਾਅਦ ਸ੍ਰੀ ਲੂਥਰਾ ਨੇ ਡਾ. ਚੀਮਾ ਨਾਲ ਗੱਲਬਾਤ ਕੀਤੀ ਅਤੇ ਬੇਰੁਜ਼ਗਾਰਾਂ ਨਾਲ ਮੀਟਿੰਗ ਕਰਨ ਦਾ ਸੁਝਾਅ ਦਿੱਤਾ। ਇਸ ਤੋਂ ਬਾਅਦ ਤੜਕੇ ਡੇਢ ਵਜੇ ਦੇ ਕਰੀਬ ਡਾ. ਚੀਮਾ ਆਪਣੀ ਕੋਠੀ ਆਏ ਅਤੇ ਬੇਰੁਜ਼ਗਾਰਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਲਈ ਸਹਿਮਤ ਹੋਏ, ਜਿਸ ਤੋਂ ਬਾਅਦ ਧਰਨਾ ਮਾਰੀ ਬੈਠੇ 116 ਦੇ ਕਰੀਬ ਬੇਰੁਜ਼ਗਾਰ ਕੋਠੀ ਤੋਂ ਬਾਹਰ ਆ ਗਏ। ਡਾ. ਚੀਮਾ ਨਾਲ ਗੱਲਬਾਤ ਤੋਂ ਬਾਅਦ ਪੁਲਿਸ ਨੇ 33 ਬੇਰੁਜ਼ਗਾਰਾਂ ਨੂੰ ਗ੍ਰਿਫਤਾਰ ਕਰ ਲਿਆ, ਜਦੋਂ ਕਿ ਬਾਕੀ ਵਾਪਸ ਮੁੜ ਗਏ। ਡਾ. ਚੀਮਾ ਨੇ ਕਿਹਾ ਕਿ ਚੰਡੀਗੜ੍ਹ ਪੁਲਿਸ ਨੇ ਇਸ ਮਾਮਲੇ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਅਤੇ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਾਹੀਂ ਇਹ ਮੁੱਦਾ ਕੇਂਦਰੀ ਗ੍ਰਿਹ ਵਿਭਾਗ ਕੋਲ ਉਠਾਉਣਗੇ।

## ਭਾਰਤ-ਬੰਗਲਾ ਸਰਹੱਦ 'ਤੇ ਲੱਗੇਗਾ ਲੇਜ਼ਰ ਸਿਸਟਮ

**ਕੋਲਕਾਤਾ:** ਪੱਛਮੀ ਬੰਗਾਲ ਵਿਚ ਭਾਰਤ-ਬੰਗਲਾ ਕੌਮਾਂਤਰੀ ਸਰਹੱਦ ਉਤੇ ਸਮਾਰਟ ਸੈਂਸਰ ਅਤੇ ਲੇਜ਼ਰ ਕੰਧਾਂ ਨਾਲ ਅਤਿਵਾਦ ਅਤੇ ਘੁਸਪੈਠ ਵਿਰੁੱਧ ਨਿਗਰਾਨੀ ਵਧਾਈ ਜਾਵੇਗੀ। ਇਹ ਤਕਨੀਕ ਉਸ ਥਾਂ ਖਾਸ ਤੌਰ 'ਤੇ ਵਰਤੀ ਜਾਵੇਗੀ, ਜਿਥੇ ਸਰਹੱਦੀ ਵਾੜ ਕਮਜ਼ੋਰ ਹੈ ਜਾਂ ਪਾਣੀ ਵਾਲੇ ਖੇਤਰ ਹਨ।

## ਚੀਨ ਵੱਲੋਂ ਸਾਂਝੇ ਹਿੱਤਾਂ ਲਈ ਬ੍ਰਿਕਸ ਮੁਲਕਾਂ ਨੂੰ ਅੱਗੇ ਆਉਣ ਦਾ ਸੱਦਾ

**ਪੇਈਚਿੰਗ:** ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਪੰਜ ਮੁਲਕਾਂ ਦੇ ਗੁੱਟ ਬ੍ਰਿਕਸ ਦੀ ਇਸ ਸਾਲ ਲਈ ਪ੍ਰਧਾਨਗੀ ਸਾਂਭ ਲਈ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਬ੍ਰਿਕਸ ਮੁਲਕਾਂ ਨੂੰ ਸਾਂਝੇ ਹਿੱਤਾਂ ਦੀ ਰਾਖੀ ਲਈ ਇਕਜੁੱਟਤਾ ਅਤੇ ਸਹਿਯੋਗ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੌਮਾਂਤਰੀ ਹਾਲਾਤ ਦੇ ਮੱਦੇਨਜ਼ਰ ਵਧਦੀ ਬੇਵਿਸਾਹੀ ਅਤੇ ਅਸਥਿਰਤਾ ਕਾਰਨ ਅਜਿਹਾ ਕਰਨਾ ਲਾਜ਼ਮੀ ਹੋ ਗਿਆ ਹੈ।

# ਪ੍ਰਕਾਸ਼ ਪੁਰਬ: ਮੁਤਵਾਜ਼ੀ ਜਥੇਦਾਰਾਂ ਨੂੰ 'ਮਾਨਤਾ'

*(ਸਫਾ ਇਕ ਦੀ ਬਾਕੀ)*

ਹਿੱਸਾ ਲੈਂਦੇ ਹਨ। ਹੁਣ ਪਟਨਾ ਕਮੇਟੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਥਾਂ ਮੁਤਵਾਜ਼ੀ ਜਥੇਦਾਰਾਂ ਨੂੰ ਸੱਦਾ ਦੇ ਇਸ ਵਿਵਾਦ ਨੂੰ ਹਵਾ ਦੇ ਦਿੱਤਾ ਹੈ। ਆਖਿਆ ਭਾਵੇਂ ਇਹੀ ਗਿਆ ਕਿ ਮੁਤਵਾਜ਼ੀ ਜਥੇਦਾਰਾਂ ਨੂੰ ਬਿਹਾਰ ਸਰਕਾਰ ਨੇ ਸੱਦਾ ਦਿੱਤਾ ਹੈ, ਪਰ ਸਵਾਲ ਉਠਦਾ ਹੈ ਕਿ ਸਮਾਗਮ ਵਿਚ ਧਾਰਮਿਕ ਸ਼ਖਸੀਅਤਾਂ ਨੂੰ ਸੱਦਾ ਦੇਣ ਬਾਰੇ ਲਿਸਟ ਪਟਨਾ ਕਮੇਟੀ ਵੱਲੋਂ ਜਾਰੀ ਕੀਤੀ ਗਈ ਹੈ। ਇਸ ਮਸਲੇ ਨੂੰ ਲੈ ਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਤੇ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਵਿਚਾਲੇ ਬਹਿਸ ਵੀ ਹੋਈ ਤੇ ਗੁਰਮੁਖ ਸਿੰਘ ਨੇ ਵੀ ਇਕਬਾਲ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਨਾ ਆਉਣ ਦੀ ਚਿਤਾਵਨੀ ਦੇ ਦਿੱਤੀ ਹੈ। ਜਥੇਦਾਰ ਗਿਆਨੀ ਗੁਰਮੁਖ ਸਿੰਘ ਮੁਤਾਬਕ ਉਨ੍ਹਾਂ ਨੂੰ ਕੁਝ ਧਮਕੀਆਂ ਦਾ ਹਵਾਲਾ ਦੇ ਕੇ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਨਾ ਆਉਣ ਲਈ ਕਿਹਾ ਗਿਆ ਹੈ। ਜਥੇਦਾਰ ਗੁਰਮੁਖ ਸਿੰਘ ਨੇ ਇਲਜ਼ਾਮ ਲਾਇਆ ਕਿ ਗਿਆਨੀ ਇਕਬਾਲ ਸਿੰਘ ਨੀਲਧਾਰੀ ਸੰਪਰਦਾ ਦੇ ਦਬਾਅ ਵਿਚ ਕੰਮ ਕਰ ਰਹੇ ਹਨ। ਗਿਆਨੀ ਇਕਬਾਲ ਸਿੰਘ ਨੂੰ ਵੀ ਅਕਾਲ ਤਖਤ ਸਾਹਿਬ ਉਤੇ ਨਹੀਂ ਆਉਣ ਦਿੱਤਾ ਜਾਵੇਗਾ।

# ਭਾਂਡੇ ਵੰਡਣ ਵਾਲੀ ਸਕੀਮ ਰੱਦ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗਰੀਬ ਲੋਕਾਂ ਨੂੰ ਮੁਫ਼ਤ ਭਾਂਡੇ ਵੰਡਣ ਦੀ ਸਕੀਮ ਰੱਦ ਕਰ ਦਿੱਤੀ ਹੈ। ਸਰਕਾਰ ਵੱਲੋਂ ਆਪਣੀਆਂ ਬਜਟ ਤਜਵੀਜ਼ਾਂ ਵਿਚ ਇਸ ਸਕੀਮ ਲਈ 90 ਕਰੋੜ ਰੁਪਏ ਰੱਖੇ ਗਏ ਸਨ, ਪਰ ਭਾਂਡਿਆਂ ਦੀ ਖਰੀਦ ਲਈ ਟੈਂਡਰ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਜਦੋਂ ਇਹ ਤੱਥ ਸਾਹਮਣੇ ਆਇਆ ਕਿ ਭਾਂਡਿਆਂ ਦੀ ਖਰੀਦ 'ਤੇ ਅਸਲ ਖਰਚ ਕੋਈ 18 ਤੋਂ 20 ਕਰੋੜ ਰੁਪਏ ਵਧ ਜਾਵੇਗਾ।

ਸਰਕਾਰ ਵੱਲੋਂ ਬਣਾਈ ਇਸ ਸਕੀਮ ਅਨੁਸਾਰ 22500 ਭਾਂਡਿਆਂ ਦੀਆਂ ਕਿੱਟਾਂ ਪੰਚਾਇਤਾਂ, ਮਹਿਲਾ ਮੰਡਲਾਂ ਤੇ ਗੈਰ-ਸਰਕਾਰੀ ਸਮਾਜਿਕ ਸੰਸਥਾਵਾਂ ਆਦਿ 'ਚ ਵੰਡੀਆਂ ਜਾਣੀਆਂ ਸਨ। ਸਕੀਮ ਬਣਾਉਣ ਮੌਕੇ ਜਿਨ੍ਹਾਂ ਭਾਂਡਿਆਂ ਦੀ ਖਰੀਦ ਲਈ ਪ੍ਰਵਾਨਗੀ ਦਿੱਤੀ ਗਈ ਸੀ, ਉਸ ਅਨੁਸਾਰ ਇਕ ਕਿੱਟ ਦੀ ਖਰੀਦ 'ਤੇ ਕੋਈ 32000 ਰੁਪਏ ਦਾ ਖ਼ਰਚਾ ਆਉਣਾ ਸੀ, ਪਰ ਵਿਭਾਗ ਵੱਲੋਂ ਜਦੋਂ ਇਸ ਖਰੀਦ ਲਈ ਸਮੁੱਚੀ ਟੈਂਡਰ ਪ੍ਰਕਿਰਿਆ ਪੂਰੀ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਆਈ.ਐਸ.ਓ. ਮਾਰਕੇ ਵਾਲੇ ਭਾਂਡਿਆਂ ਦੀ ਖਰੀਦ ਲਈ ਪ੍ਰਤੀ ਕਿੱਟ ਮੁੱਲ 40000 ਤੋਂ ਵੀ ਵਧ ਗਿਆ।

# ਫਿਰਕਾਪ੍ਰਸਤਾਂ ਖਿਲਾਫ ਲਾਮਬੰਦੀ ਦਾ ਹੋਕਾ

**ਚੰਡੀਗੜ੍ਹ:** ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ. ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ ਅਤੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਲੁਧਿਆਣਾ ਪੁਲਿਸ ਵੱਲੋਂ ਹਿੰਦੂ ਕੱਟੜਵਾਦੀਆਂ ਦੇ ਦਬਾਅ ਹੇਠ ਅਗਾਂਹਵਧੂ ਖ਼ਿਆਲਾਂ ਦਾ ਪ੍ਰਚਾਰ-ਪਸਾਰ ਕਰਨ ਵਾਲੇ 'ਜਨਚੇਤਨਾ' ਦੇ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਕੇ ਤੰਗ-ਪ੍ਰੇਸ਼ਾਨ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਹਿੰਦੂ ਕੱਟੜਵਾਦੀਆਂ ਨੇ ਪੰਜਾਬੀ ਭਵਨ ਲੁਧਿਆਣਾ ਸਥਿਤ ਜਨਚੇਤਨਾ ਦੀਆਂ ਕਿਤਾਬਾਂ ਦੀ ਦੁਕਾਨ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਸੀ।

ਕੱਟੜਵਾਦੀਆਂ ਦਾ ਮੱਤ ਹੈ ਕਿ ਇਥੇ ਸ਼ਹੀਦ ਭਗਤ ਸਿੰਘ ਅਤੇ ਹੋਰ ਅਗਾਂਹਵਧੂ ਚਿੰਤਕਾਂ ਦੀਆਂ ਲਿਖਤਾਂ ਵੇਚੀਆਂ ਜਾਂਦੀਆਂ ਹਨ। ਜਮਹੂਰੀ ਅਧਿਕਾਰ ਸਭਾ ਨੇ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਕਿ ਕੱਟੜਵਾਦੀਆਂ ਵੱਲੋਂ ਨਾਸਤਿਕਤਾ ਦੇ ਪ੍ਰਚਾਰ ਨਾਲ ਆਪਣੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਦੀ ਦਲੀਲ ਮਹਿਜ਼ ਬਹਾਨਾ ਹੈ। ਦਰਅਸਲ ਇਨ੍ਹਾਂ ਤਾਕਤਾਂ ਨੂੰ ਸ਼ਹੀਦ ਭਗਤ ਸਿੰਘ ਦੀ ਵਿਗਿਆਨਕ ਵਿਚਾਰਧਾਰਾ ਚੁਭਦੀ ਹੈ ਜੋ ਦੱਬੇ ਕੁਚਲੇ ਅਤੇ ਮਿਹਨਤਕਸ਼ ਲੋਕਾਂ ਨੂੰ ਰੂੜ੍ਹੀਵਾਦੀ ਸੋਚ ਅਤੇ ਪਿਛਾਖੜੀ ਕਦਰਾਂ-ਕੀਮਤਾਂ ਦੇ ਹਨੇਰੇ ਵਿਚੋਂ ਕੱਢ ਕੇ ਇਨਕਲਾਬੀ ਸੰਘਰਸ਼ ਦਾ ਰਾਹ ਦਿਖਾਉਂਦੀ ਹੈ। ਆਗੂਆਂ ਨੇ ਕਿਹਾ ਕਿ ਜਨਚੇਤਨਾ ਕਾਰਕੁਨਾਂ ਉਪਰ ਹਮਲਾ ਵਿਚਾਰ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਹਮਲਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਵਿਚ ਵਿਗਿਆਨਕ ਚਿੰਤਕਾਂ ਡਾ. ਨਰਿੰਦਰ ਦਭੋਲਕਰ ਅਤੇ ਗੋਬਿੰਦ ਪਾਨਸਰੇ ਦਾ ਕੀਤਾ ਗਿਆ ਕਤਲ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵਿਗਿਆਨਕ ਸੋਚ ਰੱਖਣ ਵਾਲਿਆਂ ਉਪਰ ਸ਼ਹੀਦ ਭਗਤ ਸਿੰਘ ਅਤੇ ਡਾ. ਬੀ.ਆਰ. ਅੰਬੇਦਕਰ ਦੀਆਂ ਲਿਖਤਾਂ ਰੱਖਣ ਕਰ ਕੇ ਦੇਸ਼ਧ੍ਰੋਹ ਦੇ ਦਰਜ ਕੀਤੇ ਗਏ ਪਰਚੇ ਇਸੇ ਸਿਲਸਿਲੇ ਦਾ ਹਿੱਸਾ ਹੈ। ਉਨ੍ਹਾਂ ਸਮੂਹ ਜਮਹੂਰੀ ਤੇ ਇਨਸਾਫਪਸੰਦ ਤਾਕਤਾਂ ਨੂੰ ਇਸ ਫਾਸ਼ੀਵਾਦੀ ਵਰਤਾਰੇ ਦਾ ਗੰਭੀਰ ਨੋਟਿਸ ਲੈਣ ਦੀ ਪੁਰਜ਼ੋਰ ਅਪੀਲ ਕਰਦਿਆਂ ਮੰਗ ਕੀਤੀ ਕਿ ਜਨਚੇਤਨਾ ਦੇ ਕਾਰਕੁਨਾਂ ਖ਼ਿਲਾਫ਼ ਦਰਜ ਕੇਸ ਰੱਦ ਅਤੇ ਸਾਹਿਤ ਦੀ ਦੁਕਾਨ ਨੂੰ ਅੱਗ ਲਾਉਣ ਅਤੇ ਹੁੱਲੜਬਾਜ਼ੀ ਕਰਨ ਵਾਲੇ ਕੱਟੜਪੰਥੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ ਢੁੱਕਵੀਂ ਕਾਰਵਾਈ ਕੀਤੀ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਸਿਆਸਤ 'ਚ ਦਲਬਦਲੂਆਂ ਦੀ ਹੋਈ ਚੜ੍ਹਤ

## ਦਲ ਬਦਲਣ ਵਾਲੇ ਜ਼ਿਆਦਾਤਰ ਆਗੂ ਟਿਕਟ ਲੈਣ ਵਿਚ ਸਫਲ








**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਦਲਬਦਲੂਆਂ ਦੀ ਚੜ੍ਹਤ ਹੈ। ਸ਼ਰਤਾਂ ਤਹਿਤ ਦੂਜੀ ਪਾਰਟੀ ਵਿਚ ਗਏ ਇਹ ਆਗੂ ਸਿਆਸੀ ਧਿਰਾਂ ਲਈ ਮੁਸੀਬਤ ਬਣੇ ਹੋਏ ਹਨ। ਸ਼ਰਤਾਂ ਮੁਤਾਬਕ ਅਜਿਹੇ ਆਗੂਆਂ ਨੂੰ ਟਿਕਟ ਦੇਣ ਕਰ ਕੇ ਸਿਆਸੀ ਧਿਰਾਂ ਨੂੰ ਵੱਡੇ ਪੱਧਰ ਉਤੇ ਬਗਾਵਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਉਮੀਦਵਾਰ ਐਲਾਨਣ ਵਿਚ ਪੱਛੜੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਵੀ ਇਸ ਮਾਮਲੇ ਵਿਚ ਖਾਸਾ ਸੇਕ ਲੱਗਾ ਹੈ। ਸੱਤਾ ਦੀਆਂ ਦਾਅਵੇਦਾਰ ਪ੍ਰਮੁੱਖ ਪਾਰਟੀਆਂ ਵਿਚੋਂ ਕੋਈ ਵੀ ਅਜਿਹੀ ਨਹੀਂ ਹੈ, ਜਿਸ ਨੇ ਦੂਸਰੀਆਂ ਪਾਰਟੀਆਂ ਤੋਂ ਉਮੀਦਵਾਰ ਉਧਾਰੇ ਨਾ ਲਏ ਹੋਣ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ ਉਮੀਦਵਾਰਾਂ ਵਿਚੋਂ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਜਗਰਾਉਂ ਹਲਕੇ ਤੋਂ ਕਾਂਗਰਸ ਦੀ ਟਿਕਟ ਉਤੇ ਚੋਣ ਲੜ ਚੁੱਕੇ ਈਸ਼ਰ ਸਿੰਘ ਮਿਹਰਬਾਨ ਨੂੰ ਪਾਇਲ ਹਲਕੇ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਸਾਬਕਾ ਵਿਧਾਇਕ ਅਜੀਤ ਸਿੰਘ ਸ਼ਾਂਤ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਨਿਹਾਲ ਸਿੰਘ ਵਾਲਾ ਤੋਂ ਉਮੀਦਵਾਰ ਸਨ, ਪਰ ਹੁਣ ਉਹ ਮਹਿਲ ਕਲਾਂ ਹਲਕੇ ਤੋਂ ਅਕਾਲੀ ਦਲ ਲਈ ਮਿਸ਼ਨ 2017 ਤੱਕ ਪੁੱਜਣ ਵਿਚ ਮਦਦ ਕਰਨਗੇ। ਅਕਾਲੀ ਦਲ ਵੱਲੋਂ ਆਪਣੇ ਪੰਜ ਵਾਰ ਦੇ ਵਿਧਾਇਕ ਸਰਵਨ ਸਿੰਘ ਫਿਲੌਰ ਨੂੰ ਛੱਡ ਕੇ ਦੋਆਬੇ ਦੇ ਇਕ ਡੇਰੇ ਦੀ ਖੁਸ਼ੀ ਹਾਸਲ ਕਰਨ ਲਈ ਬਹੁਜਨ ਸਮਾਜ ਪਾਰਟੀ ਦੀ ਟਿਕਟ ਤੋਂ ਚੋਣ ਲੜੇ ਬਲਦੇਵ ਸਿੰਘ ਨੂੰ ਫਿਲੌਰ ਤੋਂ ਟਿਕਟ ਨਾਲ ਨਿਵਾਜ਼ ਦਿੱਤਾ ਗਿਆ ਹੈ।

ਨਾਭਾ ਸੀਟ ਤੋਂ ਵੀ ਕੁਝ ਦਿਨ ਪਹਿਲਾਂ ਕਾਂਗਰਸ ਤੋਂ ਲਿਆ ਕੇ ਕਬੀਰ ਦਾਸ ਅਕਾਲੀ ਦਲ ਉਮੀਦਵਾਰ ਬਣਾ ਦਿੱਤੇ ਗਏ। ਸੰਗਰੂਰ ਤੋਂ ਕਾਂਗਰਸ ਟਿਕਟ ਮਨਾਂ ਹੋ ਜਾਣ ਕਰ ਕੇ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰ ਰਹੇ ਸੁਰਿੰਦਰਪਾਲ ਸਿੰਘ ਸਿਬੀਆ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਰਨਾਲਾ ਤੋਂ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ। ਉਥੋਂ ਬਾਗੀ ਹੋਣ ਦੀ ਸੰਭਾਵਨਾ ਵਾਲੇ ਸਾਬਕਾ ਵਿਧਾਇਕ ਮਰਹੂਮ ਮਲਕੀਤ ਸਿੰਘ ਕੀਤੂ ਦੇ ਬੇਟੇ ਕੁਲਵੰਤ ਸਿੰਘ ਨੂੰ ਆਪਣਾ ਓ.ਐਸ.ਡੀ. ਬਣਾ ਲਿਆ।

ਕਾਂਗਰਸ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ ਹੈ। ਪਾਰਟੀ ਭਾਜਪਾ ਤੋਂ ਅਸਤੀਫਾ ਦੇਣ ਵਾਲੇ ਕਾਮੇਡੀਅਨ ਅਤੇ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਦੇ ਅੱਗੇ ਪਿੱਛੇ ਘੁੰਮਦੀ ਦਿਖਾਈ ਦੇ ਰਹੀ ਹੈ। ਸਿੱਧੂ ਲਈ ਉਨ੍ਹਾਂ ਦੀ ਵਿਧਾਇਕ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਅੰਮ੍ਰਿਤਸਰ (ਪੂਰਬੀ) ਸੀਟ ਤੋਂ ਆਪਣੇ ਪਤੀ ਲਈ ਟਿਕਟ ਐਲਾਨਣ ਤੋਂ ਪਹਿਲਾਂ ਹੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਅਕਾਲੀ ਦਲ ਛੱਡ ਕੇ ਆਏ ਵਿਧਾਇਕ ਅਤੇ ਓਲੰਪੀਅਨ ਪਰਗਟ ਸਿੰਘ ਜਲੰਧਰ ਕੈਂਟ ਤੋਂ ਸੰਭਾਵਿਤ ਉਮੀਦਵਾਰ ਹਨ। ਇਕ ਹੋਰ ਮੌਜੂਦਾ ਅਕਾਲੀ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਨੂੰ ਵੀ ਕਾਂਗਰਸ ਨੇ ਟਿਕਟ ਦਾ ਲਾਰਾ ਲਾ ਰੱਖਿਆ ਹੈ। ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਛੱਡ ਕੇ ਆਈ ਤੇ ਹੁਸ਼ਿਆਰਪੁਰ ਤੋਂ ਲੋਕ ਸਭਾ ਚੋਣ ਲੜ ਚੁੱਕੀ ਯਾਮਿਨੀ ਗੌਮਰ ਕਾਂਗਰਸ ਵਿਚ ਆ ਕੇ ਸ਼ਾਮ ਚੌਰਾਸੀ ਤੋਂ ਚੋਣ ਲੜਨ ਲਈ ਦਾਅਵੇਦਾਰ ਹੈ। ਕਾਂਗਰਸ ਫ਼ਿਰੋਜ਼ਪੁਰ ਤੋਂ ਅਕਾਲੀ ਸੰਸਦ ਸ਼ੇਰ ਸਿੰਘ ਘੁਬਾਇਆ ਦੇ ਬੇਟੇ ਨੂੰ ਵੀ ਟਿਕਟ ਦਾ ਵਾਅਦਾ ਦੇ ਚੁੱਕੀ ਹੈ।

ਆਮ ਆਦਮੀ ਪਾਰਟੀ ਦੀ ਪੰਜਾਬ ਵਿਧਾਨ ਸਭਾ ਦੀ ਇਹ ਪਹਿਲੀ ਚੋਣ ਹੈ। ਪਾਰਟੀ ਵੱਲੋਂ ਵਾਲੰਟੀਅਰਾਂ ਨੂੰ ਹੀ ਟਿਕਟਾਂ ਦੇਣ ਦੇ ਕੀਤੇ ਜਾ ਰਹੇ ਦਾਅਵਿਆਂ ਦੇ ਉਲਟ ਕਈ ਅਜਿਹੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ ਜੋ ਟਿਕਟਾਂ ਲਈ ਹੀ ਆਏ ਦਿਖਾਈ ਦਿੰਦੇ ਹਨ। 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੁਖਪਾਲ ਖਹਿਰਾ ਭੁਲੱਥ ਅਤੇ ਅਮਨ ਅਰੋੜਾ ਸੁਨਾਮ ਤੋਂ ਕਾਂਗਰਸ ਦੇ ਉਮੀਦਵਾਰ ਸਨ। ਇਹ ਕੁਝ ਸਮਾਂ ਪਹਿਲਾਂ 'ਆਪ' ਵਿਚ ਆ ਗਏ ਸਨ, ਪਰ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਟੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕੁਲਦੀਪ ਕੌਰ ਪਿਛਲੀ ਚੋਣ 'ਚ ਪਟਿਆਲਾ (ਦਿਹਾਤੀ) ਤੋਂ ਅਕਾਲੀ ਦਲ ਦੀ ਉਮੀਦਵਾਰ ਸਨ, ਉਨ੍ਹਾਂ ਨੂੰ 'ਆਪ' ਨੇ ਸਨੌਰ ਤੋਂ, ਮਰਹੂਮ ਅਕਾਲੀ ਆਗੂ ਕੈਪਟਨ ਕੰਵਲਜੀਤ ਸਿੰਘ ਦੀ ਪਤਨੀ ਸਰਬਜੀਤ ਕੌਰ ਨੂੰ ਡੇਰਾਬਸੀ ਤੋਂ ਉਮੀਦਵਾਰ ਬਣਾਇਆ ਹੈ। ਕਈ ਪਾਰਟੀਆਂ ਵਿਚੋਂ ਦੀ ਹੁੰਦੇ ਹੋਏ 'ਆਪ' ਵਿਚ ਸ਼ਾਮਲ ਹੋਏ ਚਰਨਜੀਤ ਚੰਨੀ ਨੂੰ ਨਵਾਂ ਸ਼ਹਿਰ ਤੋਂ ਉਮੀਦਵਾਰ ਐਲਾਨਿਆ ਹੈ।


## Matrimonial

### ਵਰ ਦੀ ਲੋੜ ਹੈ

Gursikh family seeks clean shaven Doctor match for their Doctor Dentist, US Citizen daughter, 33 years, 5'-4". Raised in USA. Caste no bar. Contact: 916-544-0251 or email: matrimon711@gmail.com

52-2

### ਕੰਨਿਆ ਦੀ ਲੋੜ ਹੈ

Wanted suitable match for Ramgarhia Sikh boy 25yrs, 5'-10". Holding Civil Engineering & Architecture Degree, currently pursing Post Graduate studies in Canada. Have 10yrs multiple visa for USA. US Citizen preferred. Contact: 734-377-5135 (USA) or 91-85287-00081 (India).

1-4

ਪੰਜਾਬ ਟਾਈਮਜ਼


# ਕੁਨਬਾਪ੍ਰਸਤੀ ਵਿਚ ਅਕਾਲੀ ਦਲ ਦਾ ਪਹਿਲਾ ਨੰਬਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਦੌਰਾਨ ਪਰਿਵਾਰਵਾਦ ਨੂੰ ਪ੍ਰਫੁੱਲਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਮੌਜੂਦਾ ਵਜ਼ਾਰਤ ਵਿਚ ਬਾਦਲ ਪਰਿਵਾਰ ਹਾਵੀ ਹੈ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਇਕਲੌਤੀ ਨੂੰਹ ਹਰਸਿਮਰਤ ਕੌਰ ਕੇਂਦਰੀ ਵਜ਼ਾਰਤ ਵਿਚ ਕੈਬਨਿਟ ਮੰਤਰੀ ਹੈ।

ਇਸ ਪਰਿਵਾਰ ਦੇ ਮੈਂਬਰਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਬਿਕਰਮ ਸਿੰਘ ਮਜੀਠੀਆ ਅਤੇ ਜਨਮੇਜਾ ਸਿੰਘ ਸੇਖੋਂ ਨੂੰ ਅਹਿਮ ਵਿਭਾਗ ਵੀ ਦਿੱਤੇ ਹੋਏ ਹਨ। ਇਹ ਵਿਅਕਤੀ ਆਗਾਮੀ ਚੋਣਾਂ ਲਈ ਮੁੜ ਤੋਂ ਕਿਸਮਤ ਅਜ਼ਮਾਉਣ ਖਾਤਰ ਮੈਦਾਨ ਉਚ ਉਤਰੇ ਹੋਏ ਹਨ।

ਇਸੇ ਤਰ੍ਹਾਂ ਦਰਜਨ ਤੋਂ ਵੱਧ ਅਕਾਲੀ ਦਲ ਦੇ ਹੋਰ ਅਜਿਹੇ ਉਮੀਦਵਾਰ ਹਨ, ਜੋ ਪਰਿਵਾਰਵਾਦ ਨੂੰ ਸਿਆਸਤ ਵਿਚ ਅੱਗੇ ਵਧਾ ਰਹੇ ਹਨ। ਪਾਰਟੀ ਨੇ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਲਹਿਰਾਗਾਗਾ, ਬਲਵਿੰਦਰ ਸਿੰਘ ਭੂੰਦੜ ਦੇ ਪੁੱਤਰ ਬਲਰਾਜ ਸਿੰਘ ਭੂੰਦੜ ਨੂੰ ਸਰਦੂਲਗੜ੍ਹ, ਰਣਜੀਤ ਸਿੰਘ ਬ੍ਰਹਮਪੁਰਾ ਦੇ ਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ ਨੂੰ ਖਡੂਰ ਸਾਹਿਬ, ਜਥੇਦਾਰ ਤੋਤਾ ਸਿੰਘ ਦੇ ਪੁੱਤਰ ਬਰਜਿੰਦਰ ਸਿੰਘ ਮੱਖਣ ਬਰਾੜ ਨੂੰ ਮੋਗਾ (ਜਥੇਦਾਰ ਤੋਤਾ ਸਿੰਘ ਨੂੰ ਵੀ ਧਰਮਕੋਟ ਤੋਂ ਉਮੀਦਵਾਰ ਬਣਾਇਆ ਹੈ), ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਨੂੰ ਸਨੌਰ ਤੋਂ, ਕੁਲਦੀਪ ਸਿੰਘ ਵਡਾਲਾ ਦੇ ਪੁੱਤਰ ਗੁਰਪ੍ਰਤਾਪ ਸਿੰਘ ਵਾਡਲਾ ਨੂੰ ਨਕੋਦਰ, ਚਰਨਜੀਤ ਸਿੰਘ ਅਟਵਾਲ ਦੇ ਪੁੱਤਰ ਇੰਦਰਇਕਬਾਲ ਸਿੰਘ ਅਟਵਾਲ ਨੂੰ ਰਾਏਕੋਟ, ਜਗਦੇਵ ਸਿੰਘ ਤਲਵੰਡੀ ਦੇ ਪੁੱਤਰ ਰਣਜੀਤ ਸਿੰਘ ਤਲਵੰਡੀ ਨੂੰ ਖੰਨਾ ਅਤੇ ਮਰਹੂਮ ਜ਼ੋਰਾ ਸਿੰਘ ਮਾਨ ਦੇ ਪੁੱਤਰ ਵਰਦੇਵ ਸਿੰਘ ਮਾਨ ਨੂੰ ਗੁਰੂਹਰਸਹਾਏ ਤੋਂ ਟਿਕਟ ਦਿੱਤੀ ਹੈ।


# ਲੜਕੀ ਦੀ ਲੋੜ ਹੈ

ਅਮਰੀਕਨ ਗਰੀਨ ਕਾਰਡ ਹੋਲਡਰ, ਤਲਾਕਸ਼ੁਦਾ, 41 ਸਾਲ, ਕੱਦ 5'-6" ਟਰੱਕ ਡਰਾਈਵਰ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਵਿਚ ਰਹਿੰਦੀ ਲੜਕੀ ਦੀ ਲੋੜ ਹੈ।

*ਸੰਪਰਕ ਕਰੋ (ਸ਼ਾਮ ਜਾਂ ਵੀਕਐਂਡ)*

**ਫੋਨ: 951-616-8772**

(50-1)

# SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-673-3825

*EARLY BIRD SALE!!!!*

Domestic fares available

# ਪੰਜਾਬ ਵਿਚ ਵਿਕਾਊ ਜ਼ਮੀਨ ਦੀ ਲੋੜ ਹੈ

ਐਨ ਆਰ ਆਈ ਪਾਰਟੀ ਨੂੰ ਪੰਜਾਬ ਵਿਚ ਵਿਕਾਊ ਜ਼ਮੀਨ ਦੀ ਲੋੜ ਹੈ, ਜੋ ਸਭ ਝਗੜਿਆਂ ਤੋ ਮੁਕਤ ਹੋਵੇ

*ਮਾਲਕ ਜ਼ਮੀਨ 'ਤੇ ਖੁਦ ਕਾਬਜ਼ ਹੋਵੇ
*ਮੁਸ਼ਤਰਕਾ ਖਾਤੇ ਦੀ ਸੂਰਤ 'ਚ ਸਾਰੇ ਭਾਈਵਾਲ ਵੇਚਣ ਲਈ ਰਾਜ਼ੀ ਹੋਣ
*ਲੁਧਿਆਣਾ ਤੇ ਜਲੰਧਰ ਖੇਤਰ 'ਚ ਸੜਕ ਨਾਲ ਲਗਦੀ ਜ਼ਮੀਨ ਨੂੰ ਪਹਿਲ

ਜ਼ਮੀਨ ਦਾ ਸੌਦਾ ਪੰਜਾਬ ਵਿਚ ਹੋਵੇਗਾ ਅਤੇ ਸਾਰਾ ਭੁਗਤਾਨ ਬੈਂਕ ਡਰਾਫਟ ਰਾਹੀਂ ਇਕ ਨੰਬਰ ਵਿਚ ਹੋਵੇਗਾ।

ਸੰਪਰਕ ਕਰੋ: 01191-98884-80673

Issue 53-2

# INDIAN BAZAAR

334 S. Emerson Ave., GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਤੇ ਮਿਠਾਈਆਂ ਲਈ ਮਸ਼ਹੂਰ

- ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
- ਕੈਟਰਿੰਗ ਵੀ ਕਰਦੇ ਹਾਂ
- ਵੱਡੇ ਆਰਡਰ ਲਈ ਸਪੈਸ਼ਲ ਰੇਟ
- ਤਾਜ਼ਾ ਸਬਜ਼ੀਆਂ ਹਰ ਵੀਰਵਾਰ

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

*ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।*

*ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ*



*ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ*

**Ph: 317-534-5151, 916-524-0045**

# ਆਮ ਆਦਮੀ ਪਾਰਟੀ ਲਈ ਰਿਹਾ ਉਤਰਾਅ-ਚੜ੍ਹਾਅ ਦਾ ਵਰ੍ਹਾ

**ਚੰਡੀਗੜ੍ਹ:** ਸਾਲ 2016 ਵਿਚ ਆਮ ਆਦਮੀ ਪਾਰਟੀ (ਆਪ) ਵਿਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਆਏ ਹਨ। 2016 ਦੇ ਸ਼ੁਰੂ ਵੇਲੇ ਦੀ ਚੜ੍ਹਤ ਅੱਜ 'ਆਪ' ਵਿਚ ਨਹੀਂ ਰਹੀ। ਇਕ ਵੇਲੇ ਚੁਫੇਰੇ ਜਦੋਂ ਰੌਲਾ ਪੈ ਰਿਹਾ ਸੀ ਕਿ 'ਆਪ' ਦੀ ਸਰਕਾਰ ਨੂੰ ਪੰਜਾਬ ਵਿਚ ਆਉਣ ਤੋਂ ਕੋਈ ਨਹੀਂ ਰੋਕ ਸਕਦਾ ਤਾਂ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਸਮੇਤ ਪ੍ਰਮੁੱਖ ਖਿਡਾਰੀਆਂ, ਪੱਤਰਕਾਰਾਂ, ਬੁੱਧੀਜੀਵੀਆਂ, ਸੇਵਾ ਮੁਕਤ ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰਾਂ ਆਦਿ ਦੀਆਂ ਇਸ ਪਾਰਟੀ ਵਿਚ ਸ਼ਾਮਲ ਹੋਣ ਲਈ ਕਤਾਰਾਂ ਲੱਗ ਗਈਆਂ ਸਨ।

ਨਿੱਤ-ਦਿਨ ਵੱਖ-ਵੱਖ ਵਰਗਾਂ ਦੇ ਆਗੂ ਡਾਰਾਂ ਦੇ ਰੂਪ ਵਿਚ 'ਆਪ' ਵਿਚ ਸ਼ਾਮਲ ਹੋ ਕੇ ਫਖ਼ਰ ਮਹਿਸੂਸ ਕਰ ਰਹੇ ਸਨ। ਪੰਜਾਬ ਦੇ ਘਰ-ਘਰ ਵਿਚ ਅਰਵਿੰਦ ਕੇਜਰੀਵਾਲ ਦੀ ਚਰਚਾ ਸੀ। ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ, ਭਾਜਪਾ, ਬਸਪਾ ਅਤੇ ਖੱਬੀਆਂ ਧਿਰਾਂ ਪੰਜਾਬ ਵਿਚੋਂ ਆਪਣੀ ਖੁਸ ਰਹੀ ਸਿਆਸੀ ਜ਼ਮੀਨ ਕਾਰਨ ਹੈਰਾਨ-ਪ੍ਰੇਸ਼ਾਨ ਸਨ। ਜਦੋਂ ਵੀ ਆਪ ਦਾ ਸੁਪਰੀਮੋ ਤੇ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਦੌਰੇ 'ਤੇ ਆਉਂਦਾ ਸੀ ਤਾਂ ਇਕ ਤਰ੍ਹਾਂ ਦਾ ਸਿਆਸੀ ਭੂਚਾਲ ਜਿਹਾ ਆ ਜਾਂਦਾ ਸੀ। ਹੌਲੀ-ਹੌਲੀ ਇਸ ਪਾਰਟੀ ਵਿਚ ਪੰਜਾਬੀ ਲੀਡਰਸ਼ਿਪ ਉਪਰ ਦਿੱਲੀ ਦੇ ਕੁਝ ਆਗੂਆਂ ਦਾ ਹੀ ਗਲਬਾ ਹੋਣ ਦੀ ਘੁਸਰ-ਮੁਸਰ ਸ਼ੁਰੂ ਹੋਈ। ਇਸੇ ਦੌਰਾਨ ਪਾਰਟੀ ਵਿਚ ਉਸ ਵੇਲੇ ਦੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਬਾਨੀ ਮਨਪ੍ਰੀਤ ਸਿੰਘ ਬਾਦਲ, ਭਾਜਪਾ ਦੇ ਸਾਬਕਾ ਆਗੂ ਨਵਜੋਤ ਸਿੰਘ ਸਿੱਧੂ, ਓਲੰਪੀਅਨ ਪਰਗਟ ਸਿੰਘ, ਬੈਂਸ ਭਰਾਵਾਂ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਆਦਿ ਨੂੰ ਪਾਰਟੀ ਵਿਚ ਸ਼ਾਮਲ ਕਰਨ ਦੇ ਮੁੱਦੇ ਉਪਰ ਮਤਭੇਦ ਉਭਰਨੇ ਸ਼ੁਰੂ ਹੋਏ ਕਿਉਂਕਿ ਪੰਜਾਬ ਦੇ ਕੁਝ ਆਗੂ ਪਾਰਟੀ ਵਿਚ ਆਪਣੀ ਮੈਰਿਟ ਖਿਸਕਣ ਦੇ ਡਰੋਂ ਕਿਸੇ ਵੀ ਬਾਹਰੀ ਪ੍ਰਭਾਵਸ਼ਾਲੀ ਆਗੂ ਨੂੰ ਸ਼ਾਮਲ ਹੋਣ ਤੋਂ ਰੋਕਣ ਲਈ ਵੱਖ-ਵੱਖ ਤਰੀਕੇ ਅਪਣਾਉਣ ਲੱਗੇ। ਇਸੇ ਦੌਰਾਨ ਹੀ ਜਦੋਂ ਸ੍ਰੀ ਕੇਜਰੀਵਾਲ ਨੇ ਧੂਮ-ਧੜੱਕੇ ਨਾਲ ਆਪਣੀ ਪਾਰਟੀ ਦਾ ਪਹਿਲਾ ਯੂਥ ਮੈਨੀਫੈਸਟੋ ਅੰਮ੍ਰਿਤਸਰ ਵਿਖੇ ਜਾਰੀ ਕੀਤਾ ਤਾਂ ਮੁੱਖ ਪੰਨੇ ਉਤੇ ਸ੍ਰੀ ਹਰਿਮੰਦਰ ਸਾਹਿਬ ਦੀ ਫੋਟੋ ਨਾਲ ਝਾੜੂ ਦੀ ਫੋਟੋ ਲਾਉਣ ਅਤੇ ਮੈਨੀਫੈਸਟੋ ਕਮੇਟੀ ਦੇ ਕੌਮੀ ਆਗੂ ਆਸ਼ੀਸ਼ ਖੇਤਾਨ ਵੱਲੋਂ ਮੈਨੀਫੈਸਟੋ ਦੀ ਤੁਲਨਾ ਧਾਰਮਿਕ ਗ੍ਰੰਥਾਂ ਨਾਲ ਕਰਨ ਦੇ ਮੁੱਦਿਆਂ ਨੇ ਪਾਰਟੀ ਦੀ ਗਿਰਾਵਟ ਦਾ ਰਾਹ ਖੋਲ੍ਹ ਦਿੱਤਾ। ਹਾਲੇ ਇਹ ਮੁੱਦਾ ਚੱਲ ਹੀ ਰਿਹਾ ਸੀ ਕਿ 'ਆਪ' ਨੇ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਵਰਕਰਾਂ ਕੋਲੋਂ ਪੈਸੇ ਲੈਣ ਦੇ ਦੋਸ਼ ਹੇਠ ਪਾਰਟੀ ਵਿਚੋਂ ਕੱਢਣ ਦਾ ਫੈਸਲਾ ਲੈ ਲਿਆ, ਜਿਸ ਨਾਲ 'ਆਪ' ਵਿਚ ਭੂਚਾਲ ਆ ਗਿਆ। ਸੂਤਰਾਂ ਅਨੁਸਾਰ ਸ੍ਰੀ ਛੋਟੇਪੁਰ ਨੂੰ ਕੱਢਣ ਦਾ ਅਸਲ ਕਾਰਨ ਉਨ੍ਹਾਂ ਵੱਲੋਂ ਹਰੇਕ ਜ਼ਿਲ੍ਹੇ ਵਿਚ ਪੰਜਾਬੀ ਬਨਾਮ ਦਿੱਲੀ ਵਾਲੇ ਨੇਤਾਵਾਂ ਦਾ ਮੁੱਦਾ ਬਣਾ ਕੇ ਆਪਣੀ ਧਿਰ ਉਸਾਰਨ ਦਾ ਯਤਨ ਕਰਨਾ ਸੀ।

ਸ੍ਰੀ ਛੋਟੇਪੁਰ ਨੂੰ ਕੱਢਣ ਤੋਂ ਬਾਅਦ ਕਈ ਜ਼ਿਲ੍ਹਿਆਂ ਦੇ ਇੰਚਾਰਜਾਂ ਸਮੇਤ ਵੱਡੀ ਗਿਣਤੀ ਆਗੂਆਂ ਵੱਲੋਂ ਪਾਰਟੀ ਨੂੰ ਅਲਵਿਦਾ ਕਹਿਣ ਕਾਰਨ ਇਕ ਵਾਰ 'ਆਪ' ਵਿਚ ਵੱਡਾ ਖਲਾਅ ਪੈਦਾ ਹੋ ਗਿਆ। ਇਸ ਤੋਂ ਬਾਅਦ ਟਿਕਟਾਂ ਦੀ ਵੰਡ ਨੂੰ ਲੈ ਕੇ ਪੰਜਾਬ ਭਰ ਵਿਚ ਬਗਾਵਤ ਸ਼ੁਰੂ ਹੋ ਗਈ। ਚੁਫੇਰੇ ਪਾਰਟੀ ਦੀ ਕੌਮੀ ਲੀਡਰਸ਼ਿਪ ਉਪਰ ਟਿਕਟਾਂ ਬਦਲੇ ਨੋਟ ਲੈਣ ਸਮੇਤ ਕਈ ਹੋਰ ਗੰਭੀਰ ਦੋਸ਼ ਵੀ ਲੱਗੇ, ਪਰ ਫਿਲਹਾਲ ਇਸ ਦਾ ਕੋਈ ਠੋਸ ਸਬੂਤ ਸਾਹਮਣੇ ਨਹੀਂ ਆਇਆ। ਇਨ੍ਹਾਂ




ਕਾਰਨਾਂ ਕਰਕੇ ਪੰਜਾਬ ਵਿਚ 'ਆਪ' ਦੀ ਸਰਕਾਰ ਹਰ ਹਾਲਤ ਵਿਚ ਬਣਨ ਦੀ ਚਰਚਾ ਨੇ ਮੋੜਾ ਕੱਟਿਆ ਅਤੇ ਸਿਆਸੀ ਪੰਡਿਤਾਂ ਵੱਲੋਂ ਪੰਜਾਬ ਵਿਚ 'ਆਪ' ਦੇ ਬਰਾਬਰ ਕਾਂਗਰਸ ਦੇ ਮਜ਼ਬੂਤ ਰੂਪ ਵਿਚ ਖੜ੍ਹੇ ਹੋਣ ਦੇ ਚਰਚੇ ਸ਼ੁਰੂ ਹੋ ਗਏ। 'ਆਪ' ਦੀ ਲੀਡਰਸ਼ਿਪ ਨੇ ਸਮੁੱਚੀਆਂ ਗਲਤੀਆਂ ਉਪਰ ਅੱਖਾਂ ਮੀਟਣ ਦੀ ਥਾਂ ਗਲਤੀਆਂ ਵਿਚ ਸੁਧਾਰ ਕਰਨ ਦੇ ਕੁਝ ਯਤਨ ਵਿੱਢੇ ਅਤੇ ਕਾਂਗਰਸ ਵਿਚ ਵੀ ਟਿਕਟਾਂ ਦੀ ਵੰਡ ਨੂੰ ਲੈ ਕੇ ਪੈਦਾ ਹੋਏ ਭੰਬਲਭੂਸੇ ਕਾਰਨ ਹੁਣ ਇਸ ਗਿਰਾਵਟ ਨੂੰ ਕੁਝ ਠੱਲ੍ਹ ਪਈ ਹੈ। ਭਾਵੇਂ ਸਾਲ 2016 ਦੇ ਸ਼ੁਰੂਆਤ ਵਾਲੀ ਚੜ੍ਹਤ ਹੁਣ 'ਆਪ' ਦੀ ਨਹੀਂ ਰਹੀ ਪਰ ਦੋਵੇਂ ਬਾਦਲਾਂ ਅਤੇ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਹਲਕਿਆਂ ਵਿਚ ਪਾਰਟੀ ਨੇ ਵੱਡੇ ਆਗੂ ਭਗਵੰਤ ਮਾਨ, ਜਰਨੈਲ ਸਿੰਘ ਅਤੇ ਹਿੰਮਤ ਸਿੰਘ ਸ਼ੇਰਗਿੱਲ ਨੂੰ ਉਮੀਦਵਾਰ ਐਲਾਨ ਕੇ ਮੁੜ ਆਪਣੇ ਪੈਰ ਜਮਾਉਣ ਦੇ ਯਤਨ ਵਿੱਢੇ ਹਨ।

# ਕੇਜਰੀਵਾਲ ਨੇ ਮਜੀਠੀਏ ਦੇ ਗੜ੍ਹ 'ਚ ਜਾ ਕੇ ਮਾਰਿਆ ਲਲਕਾਰਾ

**ਅੰਮ੍ਰਿਤਸਰ:** ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਗੜ੍ਹ ਹਲਕਾ ਮਜੀਠਾ ਵਿਚ ਸੰਨ੍ਹ ਲਾਉਣ ਲਈ ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਰੋਡ ਸ਼ੋਅ ਕੀਤਾ ਗਿਆ। ਇਕ ਮਹੀਨੇ ਵਿਚ ਇਸ ਹਲਕੇ ਵਿਚ ਸ੍ਰੀ ਕੇਜਰੀਵਾਲ ਦਾ ਇਹ ਦੂਜਾ ਦੌਰਾ ਹੈ। ਇਥੇ ਸ੍ਰੀ ਕੇਜਰੀਵਾਲ ਨੇ ਐਲਾਨ ਕੀਤਾ ਕਿ ਸੂਬੇ ਵਿਚ 'ਆਪ' ਸਰਕਾਰ ਆਉਣ ਮਗਰੋਂ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਕਾਰੋਬਾਰ ਦੇ ਦੋਸ਼ ਹੇਠ ਨਾ ਸਿਰਫ ਗ੍ਰਿਫਤਾਰ ਕੀਤਾ ਜਾਵੇਗਾ, ਸਗੋਂ ਇਸ ਰਾਹੀਂ ਕਮਾਏ ਧਨ ਨੂੰ ਵਸੂਲ ਕੇ ਪੰਜਾਬ ਦੇ ਵਿਕਾਸ ਲਈ ਵਰਤਿਆ ਜਾਵੇਗਾ।



ਮਜੀਠਾ ਕਸਬੇ ਵਿਚ ਰੋਡ ਸ਼ੋਅ ਦੌਰਾਨ ਗੇੜਾ ਲਾਉਂਦਿਆਂ ਸ੍ਰੀ ਕੇਜਰੀਵਾਲ ਨੇ ਵਾਹਨ ਉਤੇ ਲੱਗੇ ਮਾਈਕ ਰਾਹੀਂ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਬਿਕਰਮ ਸਿੰਘ ਮਜੀਠੀਆ ਉਤੇ ਨਸ਼ਿਆਂ ਦੇ ਕਾਰੋਬਾਰੀਆਂ ਨਾਲ ਸਬੰਧ ਹੋਣ ਦਾ ਦੋਸ਼ ਲਾਇਆ ਅਤੇ ਐਲਾਨ ਕੀਤਾ ਕਿ 'ਆਪ' ਸਰਕਾਰ ਆਉਣ ਉਤੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇਗਾ। ਉਸ ਵੱਲੋਂ ਕਮਾਇਆ ਧਨ ਵਸੂਲਿਆ ਜਾਵੇਗਾ ਅਤੇ ਲੋਕਾਂ ਦੇ ਵਿਕਾਸ ਲਈ ਖਰਚ ਕੀਤਾ ਜਾਵੇਗਾ। ਇਸ ਦੌਰਾਨ ਸ੍ਰੀ ਕੇਜਰੀਵਾਲ ਦਾ ਕਾਫਲਾ ਕਸਬੇ ਵਿਚ ਕਿਸੇ ਥਾਂ 'ਤੇ ਰੁਕੇ ਬਿਨਾਂ ਹੀ ਪਿੰਡ ਨਾਗ ਕਲਾਂ ਪੁੱਜਾ, ਜਿਥੇ ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਵੀ ਕੀਤਾ। 'ਆਪ' ਆਗੂ ਨੇ ਹੋਕਾ ਦਿੱਤਾ ਕਿ ਸੂਬੇ ਵਿਚੋਂ ਨਸ਼ੇ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇਗਾ ਅਤੇ ਇਸ ਲਈ ਪੰਜਾਬ ਵਾਸੀਆਂ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਕਾਂਗਰਸ ਬਾਰੇ ਵੀ ਸੁਚੇਤ ਕਰਦਿਆਂ ਆਖਿਆ ਕਿ ਜੇਕਰ ਕਾਂਗਰਸ ਨੂੰ ਵੋਟ ਪਾਈ ਤਾਂ ਇਸ ਨਾਲ ਵੋਟ ਵੰਡੀ ਜਾਵੇਗੀ ਅਤੇ ਮਜੀਠੀਆ ਨੂੰ ਲਾਭ ਪੁੱਜੇਗਾ। ਉਨ੍ਹਾਂ ਆਖਿਆ ਕਿ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਬਚਾਉਣ ਲਈ ਮੌਜੂਦਾ ਹਾਕਮ ਧਿਰ ਦੇ ਰਾਜ ਨੂੰ ਖਤਮ ਕਰਨਾ ਜ਼ਰੂਰੀ ਹੈ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਿਚਾਲੇ ਸਮਝੌਤਾ ਹੋਣ ਦਾ ਵੀ ਦੋਸ਼ ਲਾਇਆ ਅਤੇ ਆਖਿਆ ਕਿ ਦੋਵੇਂ ਵਾਰੋ-ਵਾਰੀ ਪੰਜਾਬ ਨੂੰ ਲੁੱਟ ਰਹੇ ਹਨ।

## ਲੰਬੀ ਤੋਂ ਬਾਦਲ ਵਿਰੁਧ ਜਰਨੈਲ ਸਿੰਘ ਲੜੇਗਾ ਚੋਣ

**ਲੰਬੀ:** ਆਮ ਆਦਮੀ ਪਾਰਟੀ ਨੇ ਅਕਾਲੀ ਦਲ ਖਿਲਾਫ਼ ਖੁੱਲ੍ਹੀ ਸਿਆਸੀ ਜੰਗ ਦਾ ਐਲਾਨ ਕਰਦਿਆਂ ਸਾਬਕਾ ਪੱਤਰਕਾਰ ਅਤੇ ਰਾਜੌਰੀ ਗਾਰਡਨ (ਦਿੱਲੀ) ਤੋਂ 'ਆਪ' ਦੇ ਵਿਧਾਇਕ ਜਰਨੈਲ ਸਿੰਘ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖਿਲਾਫ਼ ਉਨ੍ਹਾਂ ਦੇ ਜੱਦੀ ਹਲਕੇ ਲੰਬੀ ਤੋਂ ਉਮੀਦਵਾਰ ਐਲਾਨਿਆ ਹੈ। ਇਹ ਐਲਾਨ 'ਆਪ' ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੰਬੀ ਹਲਕੇ ਦੇ ਪਿੰਡ ਕੋਲਿਆਂਵਾਲੀ ਵਿਖੇ ਖੇਤਾਂ ਵਿਚ ਪਾਰਟੀ ਦੀ ਸੂਬਾ ਪੱਧਰੀ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ।

ਸ੍ਰੀ ਕੇਜਰੀਵਾਲ ਨੇ 'ਪੰਜਾਬ ਇਨਕਲਾਬ ਰੈਲੀ' ਵਿਚ ਮੌਜੂਦ ਲੋਕਾਂ ਤੋਂ ਹੱਥ ਖੜ੍ਹੇ ਕਰਵਾ ਕੇ ਜਰਨੈਲ ਸਿੰਘ ਦੀ ਉਮੀਦਵਾਰੀ ਬਾਰੇ ਸਹਿਮਤੀ ਹਾਸਲ ਕੀਤੀ। ਪ੍ਰਸ਼ਾਸਨ ਵੱਲੋਂ ਮਨਜ਼ੂਰੀ ਨਾ ਦੇਣ ਕਾਰਨ ਰੈਲੀ ਮਲੋਟ-ਗੰਗਾਨਗਰ ਡਿਫੈਂਸ ਸੜਕ ਤੋਂ ਕਰੀਬ ਤਿੰਨ ਕਿਲੋਮੀਟਰ ਦੂਰ ਖੇਤਾਂ ਵਿਚ ਕੀਤੀ ਗਈ। ਸ੍ਰੀ ਕੇਜਰੀਵਾਲ ਦੇ ਕਰੀਬ ਸਾਢੇ ਤਿੰਨ ਘੰਟੇ ਦੇਰ ਨਾਲ ਪੁੱਜਣ ਉਤੇ ਵੀ ਲੋਕ ਰੈਲੀ 'ਚ ਉਨ੍ਹਾਂ ਦੀ ਉਡੀਕ ਵਿਚ ਬੈਠੇ ਰਹੇ। ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਕੇਜਰੀਵਾਲ ਨੇ ਸ੍ਰੀ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਪੱਕੀ ਸੈਟਿੰਗ ਹੋਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਪੰਜਾਬ ਨੂੰ ਲੁੱਟਣ ਲਈ ਵਾਰੀ ਬੰਨ੍ਹੀ ਹੋਈ ਹੈ। ਉਨ੍ਹਾਂ ਲੰਬੀ ਤੋਂ ਉਮੀਦਵਾਰ ਜਰਨੈਲ ਸਿੰਘ ਨੂੰ 'ਪੰਜਾਬ ਦਾ ਸ਼ੇਰ' ਕਰਾਰ ਦਿੰਦਿਆਂ ਕਿਹਾ ਕਿ ਇਹ ਲੜਾਈ ਸਿਰਫ ਜਰਨੈਲ ਸਿੰਘ ਦੀ ਨਹੀਂ ਬਲਕਿ ਹਰ ਉਸ ਵਿਅਕਤੀ ਦੀ ਹੈ ਜਿਹੜਾ ਪੰਜਾਬ ਨੂੰ ਬਚਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਉਤੇ ਕੁਸ਼ਤੀ-ਭਲਵਾਨੀ ਦੀਆਂ 'ਦੰਗਲ' ਜਿਹੀਆਂ ਫਿਲਮਾਂ ਬਣਦੀਆਂ ਹਨ, ਜਦਕਿ ਪੰਜਾਬ 'ਤੇ ਨਸ਼ਿਆਂ ਬਾਰੇ 'ਉੜਤਾ ਪੰਜਾਬ' ਜਿਹੀਆਂ ਫ਼ਿਲਮਾਂ ਸੂਬੇ ਦੀ ਹਕੀਕਤ ਬਿਆਨਦੀਆਂ ਹਨ। 'ਆਪ' ਦੇ ਇੰਚਾਰਜ ਸੰਜੈ ਸਿੰਘ ਨੇ ਅਕਾਲੀ ਦਲ ਉਤੇ ਭਗਵੰਤ ਮਾਨ ਦੇ ਦਫ਼ਤਰ 'ਚ ਭੰਨ-ਤੋੜ ਕਰਵਾਉਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਪਾਰਟੀ ਬਾਦਲਾਂ ਦੀ ਧੱਕੇਸ਼ਾਹੀ ਤੋਂ ਨਹੀਂ ਡਰੇਗੀ। ਸ੍ਰੀ ਭਗਵੰਤ ਮਾਨ ਨੇ ਵੀ ਆਪਣੀ ਤਕਰੀਰ ਦੌਰਾਨ ਅਕਾਲੀ ਦਲ ਅਤੇ ਕਾਂਗਰਸ ਨੂੰ ਤਿੱਖੇ ਰਗੜੇ ਲਗਾਏ।

# ਬਾਦਲ ਸਰਕਾਰ ਲਈ ਚੁਣੌਤੀਆਂ ਭਰਪੂਰ ਰਿਹਾ 2016 ਦਾ ਵਰ੍ਹਾ

**ਚੰਡੀਗੜ੍ਹ:** ਪੰਜਾਬ ਸਰਕਾਰ ਅਤੇ ਖਾਸ ਕਰ ਸ਼੍ਰੋਮਣੀ ਅਕਾਲੀ ਦਲ ਲਈ ਵਰ੍ਹਾ 2016 ਪਿਛਲੇ ਇਕ ਦਹਾਕੇ ਦੇ ਸਮੇਂ ਦੌਰਾਨ ਸਭ ਤੋਂ ਜ਼ਿਆਦਾ ਮੁਸ਼ਕਲਾਂ ਤੇ ਚੁਣੌਤੀਆਂ ਭਰਪੂਰ ਰਿਹਾ ਹੈ। ਇਸ ਸਾਲ ਦੌਰਾਨ ਕਾਨੂੰਨ ਵਿਵਸਥਾ ਦੇ ਪੂਰੀ ਤਰ੍ਹਾਂ ਲੀਹ ਤੋਂ ਲਹਿਣ, ਸੰਤ ਢੱਡਰੀਆਂ ਵਾਲੇ ਉਤੇ ਕਾਤਲਾਨਾ ਹਮਲਾ ਤੇ ਸੰਤ ਦੇ ਇਕ ਸਾਥੀ ਦਾ ਕਤਲ, ਮਾਤਾ ਚੰਦ ਕੌਰ, ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਸਿੰਘ ਗਗਨੇਜਾ ਤੇ ਕਈ ਹੋਰਨਾਂ ਦੀਆਂ ਭੇਤਭਰੀ ਹਾਲਤ ਵਿਚ ਹੱਤਿਆਵਾਂ ਹੋਣ, ਅਪਰਾਧੀ ਗਰੋਹਾਂ ਦੇ ਪੁਲਿਸ ਅਤੇ ਸਰਕਾਰ ਤੋਂ ਬੇਕਾਬੂ ਹੋਣ, ਨਸ਼ਿਆਂ ਦੀ ਸਮਗਲਿੰਗ, ਕਿਸਾਨ ਖੁਦਕੁਸ਼ੀਆਂ, ਰਾਜ ਸਰਕਾਰ ਦੀ ਨਿੱਘਰੀ ਹੋਈ ਵਿੱਤੀ ਹਾਲਤ ਆਦਿ ਮੁੱਦਿਆਂ ਨੇ ਜਿਥੇ ਹਾਕਮ ਧਿਰ ਨੂੰ ਪ੍ਰਸ਼ਾਸਕੀ ਫਰੰਟ ਉਤੇ ਘੇਰੀ ਰੱਖਿਆ, ਉਥੇ ਆਮ ਆਦਮੀ ਪਾਰਟੀ (ਆਪ) ਤੋਂ ਮਿਲ ਰਹੀ ਰਾਜਸੀ ਚੁਣੌਤੀ ਨਾਲ ਵੀ ਸਰਕਾਰ ਨੂੰ ਦੋ-ਚਾਰ ਹੋਣਾ ਪਿਆ।



ਹਾਕਮ ਪਾਰਟੀ ਦੇ ਦਸ ਸਾਲ ਦੇ ਲਗਾਤਾਰ ਰਾਜ ਦੌਰਾਨ ਇਹ ਇਕ ਅਜਿਹਾ ਵਰ੍ਹਾ ਹੋ ਨਿੱਬੜਿਆ ਜਦੋਂ ਸਰਕਾਰ ਨੇ ਆਪਣੀਆਂ ਨਾਕਾਮੀਆਂ ਛੁਪਾਉਣ ਲਈ ਯਾਤਰਾਵਾਂ, ਯਾਦਗਾਰਾਂ ਦਾ ਪ੍ਰਚਾਰ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਦਾ 'ਓਟ ਆਸਰਾ' ਲਿਆ। ਦੇਖਿਆ ਜਾਵੇ ਤਾਂ ਬਰਗਾੜੀ ਕਾਂਡ ਤੋਂ ਬਾਅਦ ਹੁਕਮਰਾਨ ਧਿਰ ਦੇ ਡਿੱਗੇ ਸਿਆਸੀ ਮਿਆਰ ਨੂੰ ਥਾਂ ਸਿਰ ਕਰਨ ਲਈ ਅਕਾਲੀ ਦਲ ਨੇ ਜਿਵੇਂ ਹੀ ਸਦਭਾਵਨਾ ਰੈਲੀਆਂ ਦਾ ਦੌਰ ਆਰੰਭਿਆ ਤਾਂ ਸਾਲ ਦੇ ਅੰਤ ਤੱਕ ਸੰਭਲ ਹੀ ਨਾ ਸਕੇ ਤੇ ਹਰ ਫੈਸਲੇ ਵਿਚੋਂ ਹੀ ਸਿਆਸੀ ਬੋਅ ਆਉਂਦੀ ਰਹੀ ਹੈ। ਪੰਜਾਬ ਦੀ ਸਿਆਸਤ ਵਿਚ ਸ਼ਾਇਦ ਇਹ ਪਹਿਲੀ ਵਾਰੀ ਦੇਖਿਆ ਗਿਆ ਜਦੋਂ ਰਾਜਸੀ ਧਿਰਾਂ ਨੂੰ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਇਕ ਸਾਲ ਪਹਿਲਾਂ ਹੀ ਚੁਣਾਵੀ ਗੇਅਰ ਪਾਉਣਾ ਪਿਆ ਹੋਵੇ।

ਸ਼੍ਰੋਮਣੀ ਅਕਾਲੀ ਦਲ ਅਤੇ ਸਰਕਾਰ ਲਈ ਕਾਨੂੰਨ ਵਿਵਸਥਾ ਦਾ ਮੁੱਦਾ ਬੇਹੱਦ ਚੁਣੌਤੀਪੂਰਨ ਰਿਹਾ। ਸਾਲ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਹੀ ਲੁਧਿਆਣਾ ਵਿਚ ਨਾਮਧਾਰੀ ਸੰਪਰਦਾ ਨਾਲ ਸਬੰਧਤ ਮਾਤਾ ਚੰਦ ਕੌਰ ਦਾ ਭੇਤਭਰੀ ਹਾਲਤ ਵਿਚ ਕਤਲ ਹੋ ਗਿਆ। ਇਹ ਮਾਮਲਾ ਹਾਲੇ ਗਰਮ ਹੀ ਸੀ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਉਤੇ ਲੁਧਿਆਣਾ ਜ਼ਿਲ੍ਹੇ ਵਿਚ ਹੀ ਕਾਤਲਾਨਾ ਹਮਲਾ ਹੋਇਆ। ਇਸ ਹਮਲੇ ਦੇ ਦੋਸ਼ ਵਿਚ ਦਮਦਮੀ ਟਕਸਾਲ ਨਾਲ ਸਬੰਧਤ ਕੁਝ ਵਿਅਕਤੀ ਫੜੇ ਵੀ ਗਏ ਸਨ ਅਤੇ ਇਹ ਮਸਲਾ ਕਈ ਮਹੀਨੇ ਚਰਚਾ ਦਾ ਵਿਸ਼ਾ ਰਿਹਾ। ਦੋ ਧਾਰਮਿਕ ਸ਼ਖ਼ਸੀਅਤਾਂ ਸੰਤ ਢੱਡਰੀਆਂ ਵਾਲਾ ਅਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਵਿਚਾਲੇ ਵਿਵਾਦ ਵੀ ਖੁੱਲ੍ਹ ਕੇ ਸਾਹਮਣੇ ਆਇਆ। ਇਹ ਮਾਮਲਾ ਅਜੇ ਠੰਢਾ ਵੀ ਨਹੀਂ ਹੋਇਆ ਸੀ ਕਿ ਆਰ.ਐਸ.ਐਸ. ਦੀ ਪੰਜਾਬ ਇਕਾਈ ਦੇ ਆਗੂ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਸਿੰਘ ਗਗਨੇਜਾ 'ਤੇ ਜਲੰਧਰ ਵਿਚ ਹਮਲਾ ਹੋਇਆ ਅਤੇ ਕੁਝ ਮਹੀਨਿਆਂ ਬਾਅਦ ਉਹ ਚਲਾਣਾ ਕਰ ਗਏ। ਮਾਤਾ ਚੰਦ ਕੌਰ ਅਤੇ ਗਗਨੇਜਾ ਦੇ ਮਾਮਲਿਆਂ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਦੇਣੀ ਪਈ।

## ਅਪਰਾਧੀ ਗਰੋਹਾਂ ਦਾ ਬੋਲਬਾਲਾ

ਪੰਜਾਬ ਦੀ ਧਰਤੀ 'ਤੇ ਅਪਰਾਧੀ ਗਰੋਹਾਂ ਦਾ ਵਧ ਰਿਹਾ ਬੋਲਬਾਲਾ ਵੀ ਹਾਕਮ ਪਾਰਟੀ ਅਤੇ ਸਰਕਾਰ ਲਈ ਸਿਰਦਰਦੀ ਪੈਦਾ ਕਰ ਗਿਆ। ਸਰਕਾਰ ਨੇ ਭਾਵੇਂ ਅਪਰਾਧੀਆਂ ਨੂੰ ਨੱਥ ਪਾਉਣ ਲਈ ਸਖ਼ਤ ਕਾਨੂੰਨ 'ਪਕੋਕਾ' ਲਿਆਉਣ ਦੀ ਤਿਆਰੀ ਕਰ ਲਈ ਸੀ, ਪਰ ਮੰਤਰੀਆਂ ਦੇ ਵਿਰੋਧ ਕਾਰਨ ਸਰਕਾਰ ਇਹ ਕਦਮ ਚੁੱਕਣ ਵਿੱਚ ਸਫਲ ਨਾ ਹੋ ਸਕੀ। ਇਸੇ ਸਾਲ ਦੌਰਾਨ ਖੁਲਾਸਾ ਹੋਇਆ ਕਿ ਪੰਜਾਬ ਵਿਚ ਇਸ ਸਮੇਂ ਆਧੁਨਿਕ ਹਥਿਆਰਾਂ ਨਾਲ ਲੈਸ ਅਪਰਾਧੀਆਂ ਦੇ 57 ਗਰੋਹਾਂ ਦੇ 500 ਤੋਂ ਵੱਧ ਮੈਂਬਰ ਦਨਦਨਾਉਂਦੇ ਫਿਰਦੇ ਹਨ। ਪਟਿਆਲਾ ਜ਼ਿਲ੍ਹੇ ਦੀ ਅਤਿ-ਸੁਰੱਖਿਅਤ ਨਾਭਾ ਜੇਲ੍ਹ ਵਿਚੋਂ 5 ਗੈਂਗਸਟਰਾਂ ਦੇ ਦਿਨ-ਦਿਹਾੜੇ ਭੱਜ ਨਿਕਲਣ ਨੇ ਸਰਕਾਰ ਅਤੇ ਹਾਕਮ ਪਾਰਟੀ ਨੂੰ ਵੱਡੀ ਨਮੋਸ਼ੀ ਦਿੱਤੀ। ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਚ ਭਾਵੇਂ ਅਕਤੂਬਰ 2015 ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ, ਪਰ ਇਸ ਦੇ ਪ੍ਰਭਾਵ ਤੋਂ ਅਕਾਲੀ ਦਲ ਪੂਰਾ ਸਾਲ ਮੁਕਤੀ ਨਹੀਂ ਪਾ ਸਕਿਆ। ਮੁਤਵਾਜ਼ੀ ਜਥੇਦਾਰਾਂ ਦੀਆਂ ਸਰਗਰਮੀਆਂ ਅਤੇ ਸਰਬੱਤ ਖਾਲਸਾ ਵੀ ਇਸ ਸਾਲ ਦੀਆਂ ਚਰਚਿਤ ਤੇ ਹਾਕਮ ਧਿਰ ਲਈ ਚੁਣੌਤੀਪੂਰਨ ਘਟਨਾਵਾਂ ਵਿਚ ਸ਼ਾਮਲ ਸਨ।

## ਸਰਕਾਰ ਦੇ ਮੱਥੇ 'ਤੇ ਕਿਸਾਨ ਖੁਦਕੁਸ਼ੀਆਂ ਦਾ ਕਲੰਕ

ਪੰਜਾਬ ਦੇ ਕਿਸਾਨਾਂ ਲਈ ਇਹ ਸਾਲ ਸਭ ਤੋਂ ਜ਼ਿਆਦਾ ਮੰਦਭਾਗਾ ਰਿਹਾ। ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਪਿਛਲੇ ਦੋ ਸਾਲਾਂ ਤੋਂ ਫਸਲਾਂ ਵਿਚ ਘਾਟਾ ਪੈਣ ਕਾਰਨ ਕਿਸਾਨਾਂ ਨੇ ਸਭ ਤੋਂ ਜ਼ਿਆਦਾ ਖੁਦਕੁਸ਼ੀਆਂ ਕੀਤੀਆਂ। ਅਕਾਲੀ-ਭਾਜਪਾ ਸਰਕਾਰ ਦੇ ਦਸ ਸਾਲਾ ਸ਼ਾਸਨ ਦੇ ਅੰਤਿਮ ਵਰ੍ਹੇ ਦੌਰਾਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੇ ਵੀ ਸਰਕਾਰ ਦੇ ਮੱਥੇ ਉਤੇ ਕਲੰਕ ਹੀ ਲਾਇਆ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਬਾਦਲ ਸਰਕਾਰ ਨੂੰ ਕਿਸਾਨਾਂ ਦੀਆਂ ਖੁਦਕੁਸ਼ੀਆਂ, ਕਾਨੂੰਨ ਵਿਵਸਥਾ ਅਤੇ ਹੋਰਨਾਂ ਧਾਰਮਿਕ ਤੇ ਰਾਜਸੀ ਮੁੱਦਿਆਂ ਦਾ ਕੋਈ ਹੱਲ ਤਾਂ ਨਹੀਂ ਲੱਭਿਆ। ਸਰਕਾਰ ਨੇ ਹਾਕਮ ਪਾਰਟੀ ਉਤੇ ਪੈਣ ਵਾਲੇ ਦੁਰਪ੍ਰਭਾਵਾਂ ਤੋਂ ਬਚਣ ਅਤੇ ਸਥਾਪਤੀ ਵਿਰੋਧੀ ਰੁਖ਼ ਖੁੰਢਾ ਕਰਨ ਲਈ ਯਾਤਰਾਵਾਂ ਦਾ ਸਹਾਰਾ ਲਿਆ ਤੇ ਇਸੇ ਤਰ੍ਹਾਂ ਯਾਦਗਾਰਾਂ ਨੂੰ ਵੱਡੇ ਪ੍ਰਚਾਰ ਦਾ ਸਾਧਨ ਬਣਾਇਆ।

# ਕੈਸ਼-ਲੈਸ ਲੋਕਾਂ ਲਈ 'ਕੈਸ਼-ਲੈਸ' ਆਰਥਿਕਤਾ ਦੇ ਸੁਫਨੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਨਵੇਂ ਸਾਲ ਵਿਚ ਪੈਰ ਧਰਦੇ ਸਾਰ ਭਾਰਤ ਦੀ ਰਾਜਨੀਤੀ ਇੱਕ ਨਵੇਂ ਚੋਣ ਦੌਰ ਵਿਚ ਠਿੱਲੇਗੀ। ਦੇਸ਼ ਦੇ ਪੰਜ ਰਾਜਾਂ ਦੇ ਲੋਕਾਂ ਨੇ ਵਿਧਾਨ ਸਭਾਵਾਂ ਦੀ ਚੋਣ ਕਰਨੀ ਹੈ। ਇਸ ਦੇਸ਼ ਦੀ ਵਾਗ ਸਾਂਭਣ ਦਾ ਹੱਕ ਦੇਣ ਵਾਲੀ ਲੋਕ ਸਭਾ ਦੇ 543 ਮੈਂਬਰਾਂ ਵਿਚੋਂ 102 ਇਨ੍ਹਾਂ ਪੰਜ ਰਾਜਾਂ ਵਿਚੋਂ ਆਉਂਦੇ ਹਨ। ਇਕੱਲੇ ਉਤਰ ਪ੍ਰਦੇਸ਼ ਵਿਚ ਲੋਕ ਸਭਾ ਦੀਆਂ 80 ਸੀਟਾਂ ਹਨ ਅਤੇ 13 ਸਾਡੇ ਪੰਜਾਬ ਵਿਚ ਹਨ। 'ਸਿਰ ਜਿੱਡਾ ਸਿਰਵਾਰਨਾ' ਹੋਣ ਦੇ ਮੁਹਾਵਰੇ ਵਾਂਗ ਲੋਕ ਸਭਾ ਵਿਚ ਕਿਸੇ ਰਾਜ ਦੀਆਂ ਸੀਟਾਂ ਦੀ ਗਿਣਤੀ ਦੇ ਹਿਸਾਬ ਨਾਲ ਕੌਮੀ ਰਾਜਨੀਤੀ ਵਿਚ ਉਸ ਦਾ ਮਹੱਤਵ ਹੁੰਦਾ ਹੈ। ਇਸੇ ਲਈ ਪੰਜ ਰਾਜਾਂ ਦੀਆਂ ਚੋਣਾਂ ਇੱਕ ਤਰ੍ਹਾਂ 'ਮਿੰਨੀ ਪਾਰਲੀਮੈਂਟ ਚੋਣਾਂ' ਹੋਣਗੀਆਂ।



ਪਿਛਲਾ ਸਾਲ ਸਾਡੇ ਸਾਹਮਣੇ ਕਈ ਅਣਸੁਲਝੇ ਸਵਾਲ ਛੱਡ ਗਿਆ ਹੈ। ਅਸੀਂ ਇਸ ਚਰਚਾ ਵਿਚ ਇਸ ਵਕਤ ਨਹੀਂ ਪੈਣਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪਾਰਟੀ ਪਿਛਲਾ ਸਾਲ ਚੜ੍ਹਨ ਵੇਲੇ ਪਾਕਿਸਤਾਨ ਨਾਲ ਸਬੰਧਾਂ ਵਿਚ ਸੁਧਾਰ ਦੇ ਪੈਂਤੜੇ ਉਤੇ ਖੜੋਤੀ ਸੀ ਤੇ ਮਸਾਂ ਦੋ ਦਿਨ ਬਾਅਦ ਉਸ ਨੂੰ ਉਲਟੀ ਟੇਪ ਵਜਾਉਣੀ ਪਈ ਸੀ। ਇਸ ਪਿੱਛੋਂ ਸਾਰਾ ਸਾਲ ਹੋਰ ਵਿਗੜਦੇ ਸਬੰਧਾਂ ਵਿਚ ਗੁਜ਼ਰ ਗਿਆ ਅਤੇ ਇਹ ਗੱਲ ਗੁੱਝੀ ਰਹਿ ਗਈ ਕਿ ਨੇਪਾਲ ਵਿਚ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨੇ ਆਪੋ ਵਿਚ ਹੱਥ ਨਹੀਂ ਸੀ ਮਿਲਾਇਆ। ਦੋਵਾਂ ਦੇ ਇੱਕ ਸਾਂਝੇ ਕਾਰੋਬਾਰੀ ਦੋਸਤ ਨੇ ਦਿੱਲੀ ਤੋਂ ਨੇਪਾਲ ਜਾ ਕੇ ਦੋਵਾਂ ਨੂੰ ਮਿਲਣ ਲਈ ਅੱਧੀ ਰਾਤ ਰਾਜ਼ੀ ਕਰ ਲਿਆ ਸੀ। ਪਠਾਨਕੋਟ ਵਿਚ ਏਅਰ ਫੋਰਸ ਸਟੇਸ਼ਨ ਉਤੇ ਦਹਿਸ਼ਤਗਰਦ ਹਮਲੇ ਮਗਰੋਂ ਉਸ ਦੋਸਤ ਦਾ ਕਦੇ ਨਾਂ ਵੀ ਨਹੀਂ ਸੁਣਿਆ। ਗੁੱਝੀ ਕਹਾਣੀ ਇਹ ਹੈ ਕਿ 10 ਲੱਖ ਕਰੋੜ ਰੁਪਏ ਦੇ ਜਿਸ ਕੋਇਲਾ ਘੋਟਾਲੇ ਨੇ ਮਨਮੋਹਨ ਸਿੰਘ ਸਰਕਾਰ ਦੀ ਜੜ੍ਹ ਪੁੱਟੀ ਸੀ ਤੇ ਕਾਂਗਰਸ ਦਾ ਉਦੋਂ ਦਾ ਇੱਕ ਪਾਰਲੀਮੈਂਟ ਮੈਂਬਰ ਉਸ ਘੋਟਾਲੇ ਦਾ ਸਭ ਤੋਂ ਬਦਨਾਮ ਦੋਸ਼ੀ ਸੀ, ਭਾਰਤ-ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਅੱਧੀ ਰਾਤ ਨੂੰ ਮਿਲਣੀ ਕਰਾਉਣ ਵਾਲਾ 'ਸਾਂਝਾ ਦੋਸਤ' ਉਸੇ ਦੋਸ਼ੀ ਦਾ ਸਕਾ ਭਰਾ ਸੀ। ਲੋਕ ਸਮਝ ਹੀ ਨਹੀਂ ਸਕੇ ਕਿ ਕੋਇਲਾ ਸਕੈਂਡਲ ਲਈ ਜਿਸ ਕਾਂਗਰਸੀ ਆਗੂ ਨੂੰ ਭਾਜਪਾ ਭੰਡਦੀ ਰਹੀ ਸੀ, ਉਸੇ ਦਾ ਭਰਾ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਕੂਟਨੀਤਕ ਸਾਂਝ ਪਵਾਉਣ ਵਾਲਾ ਸਾਂਝਾ ਦੋਸਤ ਕਿਵੇਂ ਹੋ ਗਿਆ!

ਭਾਰਤ ਵਿਚ ਗੁੱਝੇ ਰਹਿ ਗਏ ਕਈ ਸਵਾਲਾਂ ਵਿਚੋਂ ਇੱਕ ਸਵਾਲ ਵੇਦਾਂਤਾ ਕਾਰਪੋਰੇਸ਼ਨ ਵੱਲੋਂ ਕਾਂਗਰਸ ਅਤੇ ਭਾਜਪਾ-ਦੋਵਾਂ ਨੂੰ ਦਿੱਤੇ ਗਏ ਉਨ੍ਹਾਂ ਫੰਡਾਂ ਦਾ ਹੈ, ਜਿਨ੍ਹਾਂ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਗਈ ਤਾਂ ਫੈਸਲਾ ਇਨ੍ਹਾਂ ਦੋ ਮੁੱਖ ਰਾਜਸੀ ਧਿਰਾਂ ਦੇ ਖਿਲਾਫ ਆਇਆ ਸੀ। ਸੁਪਰੀਮ ਕੋਰਟ ਵਿਚ ਕੇਸ ਹੀ ਮੁੱਕ ਗਿਆ। ਉਥੇ ਕੇਸ ਮੁੱਕਣ ਦਾ ਆਧਾਰ ਇਹ ਸੀ, ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਹਲਫਨਾਮਾ ਦੇ ਦਿੱਤਾ ਸੀ ਕਿ ਇਸ ਚੰਦੇ ਨੂੰ ਵਿਦੇਸ਼ੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਕੰਪਨੀ ਦਾ ਇੱਕ ਮਾਲਕ ਭਾਰਤੀ ਮੂਲ ਦਾ ਹੈ। ਹਾਈ ਕੋਰਟ ਦੇ ਫੈਸਲੇ ਤੋਂ ਪਹਿਲਾਂ ਇਹ ਗੱਲ ਇਦਾਂ ਨਹੀਂ ਸੀ ਕਹੀ ਗਈ, ਪਰ ਜਦੋਂ ਉਥੋਂ ਦੋਵਾਂ ਪਾਰਟੀਆਂ ਦੇ ਖਿਲਾਫ ਹੁਕਮ ਹੋ ਗਿਆ ਤੇ ਕਾਂਗਰਸ ਆਪਣੇ ਬਚਾਅ ਲਈ ਸੁਪਰੀਮ ਕੋਰਟ ਵਿਚ ਜਾ ਪੁੱਜੀ, ਉਦੋਂ ਕੇਂਦਰ ਸਰਕਾਰ ਨੇ ਦੋਵਾਂ ਦੇ ਸਾਂਝੇ ਬਚਾਅ ਲਈ ਇਹ ਬਹਾਨਾ ਘੜ ਲਿਆ ਸੀ। ਕਾਂਗਰਸ ਦੇ ਵਕੀਲ ਨੇ ਕਿਹਾ ਕਿ ਇਸ ਕੇਸ ਵਿਚ ਜਦੋਂ ਸਰਕਾਰ ਕਹਿ ਰਹੀ ਹੈ ਕਿ ਜੁਰਮ ਕੋਈ ਨਹੀਂ ਹੋਇਆ ਤਾਂ ਅਸੀਂ ਆਪਣੇ ਖਿਲਾਫ ਹਾਈ ਕੋਰਟ ਦਾ ਫੈਸਲਾ ਰੱਦ ਕਰਾਉਣ ਦੀ ਅਰਜ਼ੀ ਵਾਪਸ ਲੈਂਦੇ ਹਾਂ। ਇਸ ਤਰ੍ਹਾਂ ਇਹ ਕੇਸ ਮੁੱਕ ਗਿਆ। ਇਹ ਪੱਖ ਇਸ ਕੇਸ ਦੇ ਮੁੱਕਣ ਦਾ ਰਾਹ ਨਹੀਂ ਸੀ ਦੇਂਦਾ। ਕਾਂਗਰਸ ਨੇ ਹਾਈ ਕੋਰਟ ਦਾ ਫੈਸਲਾ ਰੱਦ ਕਰਵਾਉਣ ਦੀ ਅਰਜ਼ੀ ਵਾਪਸ ਵੀ ਲੈ ਲਈ ਹੋਵੇ ਤਾਂ ਹਾਈ ਕੋਰਟ ਦਾ ਉਹ ਹੁਕਮ ਰੱਦ ਨਹੀਂ ਸੀ ਹੋਇਆ ਕਿ ਦੋਵਾਂ ਪਾਰਟੀਆਂ ਦੇ ਖਿਲਾਫ ਚੋਣ ਕਮਿਸ਼ਨ ਵੀ ਅਤੇ ਵਿਦੇਸ਼ੀ ਲੈਣ-ਦੇਣ ਦੀ ਜਾਂਚ ਕਰਨ ਵਾਲੇ ਬਾਕੀ ਦੇ ਅਦਾਰੇ ਵੀ ਕਾਰਵਾਈ ਸ਼ੁਰੂ ਕਰਨ। ਉਨ੍ਹਾਂ ਸਰਕਾਰੀ ਅਦਾਰਿਆਂ ਨੇ ਜਾਂਚ ਦੀ ਲੋੜ ਇਸ ਕਰ ਕੇ ਨਹੀਂ ਸੀ ਸਮਝੀ ਕਿ ਦੋਵਾਂ ਮੁੱਖ ਪਾਰਟੀਆਂ ਦੇ ਲੀਡਰ ਇਹ ਚਾਹੁੰਦੇ ਸਨ ਕਿ ਜਾਂਚ ਬੰਦ ਹੋ ਜਾਵੇ।

ਬਹੁਤ ਸਾਰੇ ਲੋਕਾਂ ਦੀ ਰਾਏ ਹੈ ਕਿ ਕਾਂਗਰਸ ਪਾਰਟੀ, ਜਿਸ ਰਾਹੁਲ ਗਾਂਧੀ ਨੂੰ ਭਵਿੱਖ ਦੇ ਪ੍ਰਧਾਨ ਮੰਤਰੀ ਵਜੋਂ ਲੋਕਾਂ ਸਾਹਮਣੇ ਪੇਸ਼ ਕਰਨ ਰੁੱਝੀ ਹੋਈ ਹੈ, ਉਹ ਬਹੁਤਾ ਸਿਆਣਾ ਨਹੀਂ, ਕੁਚੱਜਾ ਹੈ। ਇੱਕ ਵਾਰ ਉਹ ਚੋਣ ਜਲਸੇ ਵਿਚ ਬੋਲਦਾ ਪਿਆ ਸੀ ਤਾਂ ਇੱਕ ਵਿਰੋਧੀ ਪਾਰਟੀ ਦਾ ਚੋਣ ਮੈਨੀਫੈਸਟੋ ਪੜ੍ਹ ਕੇ ਉਸ ਦਾ ਕੁਝ ਮਜ਼ਾਕ ਉਡਾ ਚੁੱਕਣ ਪਿੱਛੋਂ ਕਹਿਣ ਲੱਗਾ, "ਲਓ, ਮੈਂ ਇਸ ਪਾਰਟੀ ਦਾ ਮੈਨੀਫੈਸਟੋ ਪਾੜ ਦਿੱਤਾ ਹੈ।" ਕੈਮਰਿਆਂ ਵਿਚ ਇਹ ਦਿਸ ਪਿਆ ਕਿ ਵਿਰੋਧੀ ਪਾਰਟੀ ਦਾ ਚੋਣ ਮੈਨੀਫੈਸਟੋ ਪਾਸੇ ਪਿਆ ਰਹਿ ਗਿਆ ਸੀ ਤੇ ਰਾਹੁਲ ਗਾਂਧੀ ਨੇ ਕਾਂਗਰਸ ਦੇ ਉਮੀਦਵਾਰਾਂ ਦੀ ਲਿਸਟ ਪਾੜ ਛੱਡੀ ਸੀ। ਪਿਛਲੇ ਹਫਤੇ ਉਹ ਫਿਰ ਗਲਤੀ ਕਰ ਗਿਆ। ਪਾਰਲੀਮੈਂਟ ਸੈਸ਼ਨ ਦੌਰਾਨ ਉਸ ਨੇ ਕਿਹਾ ਸੀ ਕਿ ਉਹ ਜਦੋਂ ਬੋਲਿਆ ਤਾਂ ਪ੍ਰਧਾਨ ਮੰਤਰੀ ਮੋਦੀ ਦੇ ਖੁਦ ਭ੍ਰਿਸ਼ਟਾਚਾਰੀ ਹੋਣ ਦਾ ਖੁਲਾਸਾ ਕਰ ਕੇ ਤੂਫਾਨ ਲਿਆ ਦੇਵੇਗਾ। ਫਿਰ ਉਹ ਗੁਜਰਾਤ ਜਾ ਕੇ ਬੋਲਿਆ ਤਾਂ ਸਹਾਰਾ ਅਤੇ ਬਿਰਲਾ- ਦੋ ਵੱਡੇ ਘਰਾਣਿਆਂ ਨਾਲ ਸਬੰਧਤ ਉਨ੍ਹਾਂ ਡਾਇਰੀਆਂ ਦਾ ਜ਼ਿਕਰ ਕਰ ਦਿੱਤਾ, ਜਿਨ੍ਹਾਂ ਬਾਰੇ ਅਰਵਿੰਦ ਕੇਜਰੀਵਾਲ ਤੇ ਪ੍ਰਸ਼ਾਂਤ ਭੂਸ਼ਣ ਬੜੇ ਚਿਰ ਤੋਂ ਵਾਰ-ਵਾਰ ਦੁਹਾਈ ਪਾ ਰਹੇ ਸਨ। ਉਨ੍ਹਾਂ ਦੋਵਾਂ ਦੀ ਦੁਹਾਈ ਹੋਰ ਗੱਲ ਸੀ, ਰਾਹੁਲ ਗਾਂਧੀ ਦਾ ਭਾਸ਼ਣ ਹੋਰ। ਰਾਹੁਲ ਗਾਂਧੀ ਨੇ ਮੋਦੀ ਦੇ ਗਿੱਟੇ ਸੇਕਣ ਦੇ ਚੱਕਰ ਵਿਚ ਆਪਣੀ ਪਾਰਟੀ ਉਤੇ ਸੱਟ ਮਾਰ ਲਈ। ਦਿੱਲੀ ਦੀ ਤਿੰਨ ਵਾਰੀਆਂ ਦੀ ਜਿਸ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਕਾਂਗਰਸ ਨੇ ਇਸ ਵੇਲੇ ਉਤਰ ਪ੍ਰਦੇਸ਼ ਦੀ ਚੋਣ ਕਮਾਨ ਸੌਂਪੀ ਹੋਈ ਹੈ, ਸਹਾਰਾ ਤੇ ਬਿਰਲਾ ਗਰੁੱਪਾਂ ਦੀਆਂ ਡਾਇਰੀਆਂ ਵਿਚ ਨਰਿੰਦਰ ਮੋਦੀ ਦੇ ਨਾਲ ਉਸ ਦਾ ਨਾਂ ਵੀ ਲਿਖਿਆ ਪਿਆ ਸੀ। ਇੰਨੀ ਗੱਲ ਤੋਂ ਫਿਰ ਜ਼ਾਹਰ ਹੋ ਗਿਆ ਕਿ ਦੋਵੇਂ ਪਾਰਟੀਆਂ ਵੱਡੇ ਘਰਾਣਿਆਂ ਦਾ ਚੋਗਾ ਚੁਗਣ ਨੂੰ ਇੱਕੋ ਜਿਹੀਆਂ ਹਨ।

ਹੁਣ ਇੱਕ ਹੋਰ ਮੁੱਦੇ ਦੀ ਚਰਚਾ ਵਿਚ ਇਹ ਦੋਵੇਂ ਪਾਰਟੀਆਂ ਇਕੱਠੀਆਂ ਹਨ। ਮਹਾਰਾਸ਼ਟਰ ਵਿਚ ਵੈਧਨਾਥ ਕੋਆਪਰੇਟਿਵ ਬੈਂਕ ਦਾ ਨਾਂ ਇਸ ਹਫਤੇ ਚਰਚਾ ਵਿਚ ਆਇਆ ਸੀ। ਉਸ ਉਤੇ ਬੰਦ ਹੋਏ ਪੁਰਾਣੇ ਨੋਟ ਨਵੇਂ ਨੋਟਾਂ ਨਾਲ ਬਦਲਣ ਅਤੇ ਇਸ ਵਿਚ ਭ੍ਰਿਸ਼ਟਾਚਾਰ ਕਰਨ ਦਾ ਦੋਸ਼ ਹੈ। ਪਦਮ ਭੂਸ਼ਣ ਨਾਲ ਸਨਮਾਨੇ ਹੋਏ ਡਾਕਟਰ ਸੁਰੇਸ਼ ਅਡਵਾਨੀ ਦਾ ਨਾਂ ਵੀ ਇਸ ਵਿਚ ਸ਼ਾਮਲ ਸੀ। ਫਿਰ ਉਹ ਕੇਸ ਜਾਂਚ ਲਈ ਬਹੁਤਾ ਅੱਗੇ ਨਹੀਂ ਵਧਿਆ ਅਤੇ ਹੌਲੀ-ਹੌਲੀ ਗੱਲ ਮੱਠੀ ਪੈਂਦੀ ਗਈ। ਕਹਾਣੀ ਇਹ ਨਿਕਲਦੀ ਹੈ ਕਿ ਉਸ ਵਿਚ ਵੀ ਦੋਵਾਂ ਪਾਰਟੀਆਂ ਦੇ ਲੋਕਾਂ ਦੀ ਸਾਂਝ ਸੀ ਤੇ ਗੱਲ ਦੋਵਾਂ ਧਿਰਾਂ ਤੱਕ ਆਉਣੀ ਹੈ। ਅਟਲ ਬਿਹਾਰੀ ਵਾਜਪਾਈ ਦੇ ਸਭ ਤੋਂ ਨੇੜਲੇ ਆਗੂ ਪ੍ਰਮੋਦ ਮਹਾਜਨ ਦੀ ਮੌਤ ਪਿੱਛੋਂ ਉਸ ਪੱਖ ਦੀ ਰਾਜਨੀਤੀ ਦੀ ਅਗਵਾਈ ਪ੍ਰਮੋਦ ਦੇ ਜੀਜੇ ਗੋਪੀ ਨਾਥ ਮੁੰਡੇ ਨੂੰ ਸੌਂਪੀ ਗਈ ਸੀ। ਨਰਿੰਦਰ ਮੋਦੀ ਸਰਕਾਰ ਵਿਚ ਗੋਪੀ ਨਾਥ ਮੁੰਡੇ ਮੰਤਰੀ ਬਣਿਆ ਸੀ, ਪਰ ਕੁਝ ਦਿਨ ਪਿੱਛੋਂ ਸੜਕ ਹਾਦਸੇ ਵਿਚ ਮੌਤ ਹੋ ਜਾਣ ਦੇ ਬਾਅਦ ਉਸ ਦੀ ਇੱਕ ਧੀ ਮਹਾਰਾਸ਼ਟਰ ਦੀ ਮੰਤਰੀ ਤੇ ਦੂਸਰੀ ਧੀ ਭਾਜਪਾ ਟਿਕਟ ਉਤੇ ਸੰਸਦ ਮੈਂਬਰ ਬਣ ਗਈ। ਹੁਣ ਚਰਚਾ ਵਿਚ ਆਏ ਵੈਧਨਾਥ ਬੈਂਕ ਦੇ ਡਾਇਰੈਕਟਰਾਂ ਵਿਚ ਗੋਪੀ ਨਾਥ ਮੁੰਡੇ ਦੀ ਸੰਸਦ ਮੈਂਬਰ ਧੀ ਪ੍ਰੀਤਮ ਮੁੰਡੇ ਸ਼ਾਮਲ ਹੈ ਤੇ ਨੋਟਬੰਦੀ ਪਿੱਛੋਂ ਉਥੇ ਕਰੋੜਾਂ ਰੁਪਏ ਦੇ ਲੈਣ-ਦੇਣ ਦੇ ਚੱਕਰ ਵਿਚ ਪਦਮ ਭੂਸ਼ਣ ਡਾ. ਅਡਵਾਨੀ ਦਾ ਨਾਂ ਜੁੜਦਾ ਹੈ। ਡਾ. ਅਡਵਾਨੀ ਨੂੰ ਜਦੋਂ ਪਦਮ ਸ੍ਰੀ ਐਵਾਰਡ ਦਿੱਤਾ ਗਿਆ ਸੀ ਤਾਂ ਭਾਜਪਾ ਦੇ ਅਟਲ ਬਿਹਾਰੀ ਵਾਜਪਾਈ ਦੀ ਕੇਂਦਰ ਸਰਕਾਰ ਹੁੰਦੀ ਸੀ, ਪਰ ਜਦੋਂ ਪਦਮ ਭੂਸ਼ਣ ਦਿੱਤਾ ਤਾਂ ਕਾਂਗਰਸ ਦੇ ਡਾ. ਮਨਮੋਹਨ ਸਿੰਘ ਦੀ ਸਰਕਾਰ ਸੀ। ਦੋਵਾਂ ਧਿਰਾਂ ਦੇ ਇਹੋ ਜਿਹੇ ਸਨਮਾਨਤ ਲੋਕਾਂ ਨਾਲ ਸਬੰਧ ਹਨ।

ਨਤੀਜੇ ਵਜੋਂ ਦੇਸ਼ ਨੇ ਕਿੱਧਰ ਜਾਣਾ ਹੈ, ਉਸ ਬਾਰੇ ਦੋ ਗੱਲਾਂ ਕਹਿਣੀਆਂ ਕਾਫੀ ਹਨ। ਨਰਿੰਦਰ ਮੋਦੀ ਸਰਕਾਰ ਦੀ ਨੋਟਬੰਦੀ ਦਾ ਜਦੋਂ 49ਵਾਂ ਦਿਨ ਸੀ ਤੇ ਅਗਲੇ ਦਿਨ ਪੁਰਾਣੇ ਨੋਟ ਜਮ੍ਹਾਂ ਕਰਾਉਣ ਦੀ ਮਿਆਦ ਮੁੱਕ ਜਾਣੀ ਸੀ, ਉਸ ਦਿਨ ਖਬਰ ਆਈ ਕਿ ਜਿਸ ਬੀਬੀ ਨੂੰ ਕਦੀ ਪਹਿਲਾ ਆਧਾਰ ਕਾਰਡ ਮਿਲਿਆ ਸੀ, ਮੋਦੀ ਸਰਕਾਰ ਦੇ ਵਕਤ ਉਸ ਦਾ ਸਾਰਾ ਪਿੰਡ ਕੈਸ਼-ਲੈਸ (ਨਗਦੀ ਵਿਹੂਣਾ) ਹੋ ਗਿਆ ਹੈ। ਮੋਦੀ ਸਰਕਾਰ ਲੋਕਾਂ ਨੂੰ ਕਾਰਡ ਤੇ ਡਿਜੀਟਲ ਲੈਣ-ਦੇਣ ਦੇ ਹੋਰ ਢੰਗ ਵਰਤਣ ਨੂੰ ਪ੍ਰੇਰਨ ਵੇਲੇ ਕਹਿੰਦੀ ਹੈ ਕਿ ਸਾਰੇ ਲੋਕਾਂ ਨੂੰ 'ਕੈਸ਼-ਲੈਸ' ਬਣਨਾ ਚਾਹੀਦਾ ਹੈ। ਇਸ ਕਾਰਨ ਇਸ ਖਬਰ ਵੱਲ ਧਿਆਨ ਜਾਣਾ ਸੁਭਾਵਕ ਸੀ। ਖਬਰ ਦੇ ਮੁਤਾਬਕ ਉਸ ਬੀਬੀ ਨੇ ਦੱਸਿਆ ਕਿ ਜਦੋਂ ਭਾਰਤ ਸਰਕਾਰ ਨੇ ਡਾ. ਮਨਮੋਹਨ ਸਿੰਘ ਦੇ ਸਮੇਂ ਆਧਾਰ ਕਾਰਡ ਸ਼ੁਰੂ ਕੀਤੇ ਤਾਂ ਪਹਿਲਾ ਕਾਰਡ ਉਸ ਨੂੰ ਦੇਣ ਦੇ ਨਾਲ ਕਈ ਭਰੋਸੇ ਦਿਵਾਏ ਗਏ ਸਨ, ਪਰ ਕੋਈ ਪੂਰਾ ਨਹੀਂ ਹੋਇਆ। ਉਸ ਦੇ ਘਰ ਅੱਜ ਵੀ ਨਾ ਰਸੋਈ ਗੈਸ ਦਾ ਕੁਨੈਕਸ਼ਨ ਹੈ, ਨਾ ਬਿਜਲੀ ਦੀ ਤਾਰ ਆਈ ਤੇ ਨਾ ਕੋਈ ਹੋਰ ਸਹੂਲਤ। ਖਿਡੌਣੇ ਵੇਚ ਕੇ ਗੁਜ਼ਾਰਾ ਕਰਦੀ ਉਸ ਔਰਤ ਨੇ ਕਿਹਾ ਕਿ ਪਿੰਡਾਂ ਦੇ ਲੋਕ ਪਿਛਲੇ ਡੇਢ ਮਹੀਨੇ ਤੋਂ ਬੱਚਿਆਂ ਲਈ ਖਿਡੌਣੇ ਨਹੀਂ ਖਰੀਦ ਰਹੇ, ਉਨ੍ਹਾਂ ਕੋਲ ਪੈਸੇ ਹੀ ਨਹੀਂ ਹਨ। ਜਦੋਂ ਬੀਬੀ ਨੂੰ ਮੋਦੀ ਸਰਕਾਰ ਦੀ ਕੈਸ਼-ਲੈਸ ਆਰਥਿਕਤਾ ਬਾਰੇ ਸਮਝਾਇਆ ਗਿਆ ਤਾਂ ਹੱਸ ਕੇ ਬੋਲੀ; 'ਮੇਰਾ ਤਾਂ ਸਾਰਾ ਪਿੰਡ ਕੈਸ਼-ਲੈਸ ਹੈ, ਕਿਸੇ ਕੋਲ ਜਦੋਂ ਪੈਸੇ ਹੀ ਨਹੀਂ, ਨਾ ਉਹ ਬੈਂਕ ਵਿਚ ਜਮ੍ਹਾਂ ਕਰਾਉਣ ਤੇ ਨਾ ਕਢਵਾਉਣ ਜਾਵੇਗਾ। ਪ੍ਰਧਾਨ ਮੰਤਰੀ ਨੂੰ ਜਾ ਕੇ ਦੱਸ ਦਿਓ ਕਿ ਸਾਡਾ ਪਿੰਡ ਸਾਰਿਆਂ ਤੋਂ ਵੱਧ ਕੈਸ਼-ਲੈਸ ਬਣ ਚੁੱਕਾ ਹੈ, ਮਨਮੋਹਨ ਸਿੰਘ ਨੇ ਸਾਡੇ ਨਾਲ ਵਾਅਦੇ ਕੀਤੇ ਸਨ, ਹੁਣ ਮੋਦੀ ਸਾਹਿਬ ਵੀ ਵਾਅਦੇ ਕਰੀ ਜਾ ਰਹੇ ਹਨ'।



*ਰਾਹੁਲ ਗਾਂਧੀ*

ਦੂਸਰੀ ਗੱਲ ਇਹ ਕਿ ਜਦੋਂ ਇਸ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਹਰ ਪਿੰਡ ਅਤੇ ਹਰ ਸ਼ਹਿਰ ਵਿਚ ਸਭ ਤੋਂ ਪਹਿਲਾਂ 'ਸ਼ੌਚਾਲਿਆ' (ਟਾਇਲੇਟ) ਬਣਾਇਆ ਜਾਣਾ ਚਾਹੀਦਾ ਹੈ ਤਾਂ ਇੱਕ ਕਾਰਟੂਨਿਸਟ ਨੇ ਇਸ ਬਾਰੇ ਇੱਕ ਚਿੱਤਰ ਉਲੀਕਿਆ ਸੀ। ਕਾਰਟੂਨਿਸਟ ਦੇ ਚਿੱਤਰ ਵਿਚ ਸੜਕ ਉਤੇ ਲੱਗੇ ਪ੍ਰਧਾਨ ਮੰਤਰੀ ਦੀ ਫੋਟੋ ਵਾਲੇ ਬੋਰਡ ਉਤੇ ਲਿਖਿਆ ਸੀ ਕਿ 'ਹਰ ਸ਼ਹਿਰ ਤੇ ਹਰ ਪਿੰਡ ਵਿਚ ਹਰ ਨੁੱਕਰ ਉਤੇ ਸ਼ੌਚਾਲਿਆ ਜ਼ਰੂਰੀ ਬਣਨੇ ਚਾਹੀਦੇ ਹਨ'।' ਬੋਰਡ ਦੇ ਹੇਠਾਂ ਇੱਕ ਗਰੀਬ ਜਿਹਾ ਬੰਦਾ ਖੜਾ ਇਹ ਕਹਿ ਰਿਹਾ ਸੀ ਕਿ 'ਜਦੋਂ ਖਾਵਾਂਗੇ, ਪੇਟ ਦੇ ਵਿਚ ਕੁਝ ਜਾਵੇਗਾ, ਫਿਰ ਸ਼ੌਚਾਲਿਆ ਵੀ ਜਾਵਾਂਗੇ, ਉਸ ਤੋਂ ਬਿਨਾਂ ਸ਼ੌਚਾਲਿਆ ਦੀ ਲੋੜ ਕਿਸ ਲਈ ਹੈ?' ਇਹ ਸਵਾਲ ਅੱਜ ਵੀ ਖੜਾ ਹੈ। ਪ੍ਰਧਾਨ ਮੰਤਰੀ ਇਸ ਦੇਸ਼ ਦੇ ਅਣਪੜ੍ਹ ਗਰੀਬਾਂ ਨੂੰ ਖੁਸ਼ ਕਰਨ ਲਈ ਕਹਿੰਦਾ ਹੈ ਕਿ ਤੁਹਾਡਾ ਅੰਗੂਠਾ ਹੁਣ ਤੁਹਾਡਾ ਬੈਂਕ ਬਣ ਜਾਵੇਗਾ ਤੇ ਅਮੀਰ-ਗਰੀਬ ਸਭ ਬਰਾਬਰ ਹੋ ਜਾਣਗੇ। ਅਮੀਰਾਂ ਦੇ ਬੈਂਕ ਖਾਤੇ ਵਿਚ ਕਾਫੀ ਮੋਟੀ ਰਕਮ ਹੋਵੇਗੀ, ਉਹ ਸੈਂਸਰ ਉਤੇ ਅੰਗੂਠਾ ਰੱਖ ਕੇ ਕੱਢਵਾ ਲੈਣਗੇ। ਸ਼ੌਚਾਲਿਆ ਦੀ ਗੱਲ ਵਾਂਗ ਗਰੀਬ ਦੇ ਖਾਤੇ ਹੀ ਜਦੋਂ ਖਾਲੀ ਪਏ ਹਨ ਤਾਂ ਅੰਗੂਠਾ ਦੱਬਣ ਨਾਲ ਉਥੋਂ ਕੀ ਨਿਕਲੇਗਾ? ਉਂਜ ਸੁਫਨੇ ਬਹੁਤ ਸੁਹਾਵਣੇ ਹਨ।

## ਗਾਇਕ ਰਾਜ ਬਰਾੜ ਦਾ ਦੇਹਾਂਤ

**ਮੋਗਾ:** ਪੰਜਾਬੀ ਗਾਇਕ ਤੇ ਅਦਾਕਾਰ ਰਾਜ ਬਰਾੜ ਦਾ ਦੇਹਾਂਤ ਹੋ ਗਿਆ ਹੈ। ਉਹ 44 ਵਰ੍ਹਿਆਂ ਦੇ ਸਨ। ਉਨ੍ਹਾਂ ਦਾ 3 ਜਨਵਰੀ ਨੂੰ ਜਨਮ ਦਿਨ ਸੀ ਅਤੇ ਹੁਣ 2 ਜਨਵਰੀ ਨੂੰ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਉਹ ਕਾਫੀ ਅਰਸੇ ਤੋਂ ਬਿਮਾਰ ਸਨ। ਉਨ੍ਹਾਂ ਦੀ ਆਉਣ ਵਾਲੀ ਫਿਲਮ 'ਆਮ ਆਦਮੀ' (ਜਮੂਰੇ) ਮੁਕੰਮਲ ਹੋ ਚੁੱਕੀ ਹੈ ਅਤੇ ਨਵੇਂ ਵਰ੍ਹੇ 2017 ਵਿਚ ਫਰਵਰੀ ਵਿਚ ਰਿਲੀਜ਼ ਹੋਣੀ ਸੀ। ਸ੍ਰੀ ਬਰਾੜ ਦੀ ਬੇਵਕਤੀ ਮੌਤ ਨਾਲ ਸੰਗੀਤ ਜਗਤ ਵਿਚ ਸੋਗ ਦੀ ਲਹਿਰ ਹੈ।



ਗਾਇਕ ਤੇ ਅਦਾਕਾਰ ਰਾਜ ਬਰਾੜ ਦਾ ਜਨਮ ਮਾਤਾ ਧਿਆਨ ਕੌਰ ਬਰਾੜ ਦੀ ਕੁੱਖੋਂ ਤੇ ਪਿਤਾ ਕਿਸ਼ੋਰਾ ਸਿੰਘ ਬਰਾੜ ਦੇ ਘਰ ਹੋਇਆ। ਉਨ੍ਹਾਂ ਦਾ ਪੂਰਾ ਨਾਂ ਰਾਜਬਿੰਦਰ ਸਿੰਘ ਬਰਾੜ ਸੀ। ਗੀਤਕਾਰੀ ਦਾ ਸ਼ੌਕ ਹੋਣ ਕਰ ਕੇ ਉਹ ਗੀਤਾਂ ਵਿਚ ਆਪਣਾ ਨਾਂ ਰਾਜਾ ਲਿਖਦਾ, ਜਿਸ ਕਾਰਨ ਉਹ ਰਾਜ ਬਰਾੜ ਦੇ ਨਾਂ ਨਾਲ ਪ੍ਰਸਿੱਧ ਹੋਇਆ। ਰਾਜ ਬਰਾੜ ਵੱਲੋਂ ਲਿਖੇ ਗੀਤ 'ਤੇਰੀ ਭਿੱਜਗੀ ਕੁੜਤੀ ਲਾਲ ਪਸੀਨੇ ਨਾਲ ਕੁੜੇ' ਨਾਲ ਉਹ ਮਕਬੂਲ ਹੋਏ। ਉਨ੍ਹਾਂ ਨੇ 'ਚੰਡੀਗੜ੍ਹ ਦੇ ਨਜ਼ਾਰਿਆਂ ਨੇ ਪੱਟਿਆ' ਗੀਤ ਰਾਹੀਂ ਗਾਇਕੀ ਵਿਚ ਆਪਣਾ ਲੋਹਾ ਮਨਵਾਇਆ। ਉਨ੍ਹਾਂ ਵੱਲੋਂ ਲਿਖੇ ਗੀਤ ਹਰਭਜਨ ਮਾਨ, ਕੁਲਦੀਪ ਮਾਣਕ, ਮੁਹੰਮਦ ਸਦੀਕ, ਸਰਦੂਲ ਸਿਕੰਦਰ, ਹੰਸ ਰਾਜ ਹੰਸ, ਅਮਰਿੰਦਰ ਗਿੱਲ ਆਦਿ ਗਾਇਕਾਂ ਨੇ ਗਾਏ। ਗੀਤਕਾਰੀ ਤੇ ਗਾਇਕੀ ਤੋਂ ਇਲਾਵਾ ਰਾਜ ਬਰਾੜ ਨੇ 2010 ਵਿਚ 'ਜਵਾਨੀ ਜ਼ਿੰਦਾਬਾਦ' ਫਿਲਮ ਰਾਹੀਂ ਆਪਣੀ ਅਦਾਕਾਰੀ ਦਾ ਜਲਵਾ ਬਿਖੇਰਿਆ।

## *ਪੰਜਾਬ ਦੇ ਸਿਨੇਮਾ ਘਰਾਂ ਵਿਚ ਪੰਜਾਬੀ ਫਿਲਮ ਦਿਖਾਉਣਾ ਲਾਜ਼ਮੀ ਕਰਾਰ*

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਸਬੰਧੀ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਤਹਿਤ ਹਰ ਮਲਟੀਪਲੈਕਸ 'ਚ ਘੱਟੋ ਘੱਟ ਇਕ ਸ਼ੋਅ ਰੋਜ਼ਾਨਾ ਪੰਜਾਬੀ ਫਿਲਮ ਦਾ ਦਿਖਾਉਣਾ ਲਾਜ਼ਮੀ ਹੋਵੇਗਾ।

ਦੱਸਣਯੋਗ ਹੈ ਕਿ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੀ ਚੇਅਰਪਰਸਨ ਸਤਿੰਦਰ ਸੱਤੀ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਇਸ ਮੁੱਦੇ ਉਤੇ ਗੱਲ ਕਰਦਿਆਂ ਪੰਜਾਬੀ ਸਿਨੇਮਾ, ਪੰਜਾਬੀ ਜ਼ੁਬਾਨ ਤੇ ਪੰਜਾਬੀ ਸੱਭਿਆਚਾਰ ਦੇ ਪ੍ਰਸਾਰ ਲਈ ਇਸ ਸਬੰਧੀ ਕੋਈ ਠੋਸ ਨੀਤੀ ਲਿਆਉਣ ਦੀ ਗੱਲ ਕੀਤੀ ਸੀ।

ਸਤਿੰਦਰ ਸੱਤੀ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸਮੁੱਚੇ ਕਲਾਕਾਰਾਂ ਵੱਲੋਂ ਜਿਥੇ ਧੰਨਵਾਦ ਕੀਤਾ, ਉਥੇ ਉਨ੍ਹਾਂ ਕਿਹਾ ਕਿ ਅਜਿਹਾ ਹੋਣ ਨਾਲ ਹੁਣ ਪੰਜਾਬੀ ਸਿਨੇਮਾ ਸਾਊਥ ਦੇ ਸਿਨੇਮਾ ਵਾਂਗ ਹੋਰ ਵੀ ਤਰੱਕੀ ਕਰ ਸਕੇਗਾ। ਸਤਿੰਦਰ ਸੱਤੀ ਨੇ ਇਹ ਵੀ ਕਿਹਾ ਕਿ ਸਰਕਾਰ ਦੇ ਇਨ੍ਹਾਂ ਆਦੇਸ਼ਾਂ ਨਾਲ ਸਮੁੱਚੇ ਪੰਜਾਬੀ ਫਿਲਮ ਜਗਤ ਦੀ ਇਕ ਵੱਡੀ ਪ੍ਰਾਪਤੀ ਹੈ।

**ਰੈਸਟੋਰੈਂਟ ਸਟਾਫ ਦੀ ਲੋੜ ਹੈ**

**ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**

**ਸੰਪਰਕ ਕਰੋ**

**ਫੋਨ: 850-510-3466**

1-2

ਪੰਜਾਬ ਟਾਈਮਜ਼

*ਸਨਿਚਰਵਾਰ, 7 ਜਨਵਰੀ 2017*

## ਪਟਨਾ ਸਾਹਿਬ ਵਿਚ ਪ੍ਰਕਾਸ਼ ਪੁਰਬ

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਉਨ੍ਹਾਂ ਦੇ ਜਨਮ ਸਥਾਨ ਪਟਨਾ ਸਾਹਿਬ ਵਿਖੇ ਰੌਣਕਾਂ ਲੱਗੀਆਂ ਹੋਈਆਂ ਹਨ। ਲੱਖਾਂ ਸ਼ਰਧਾਲੂ ਵਹੀਰਾਂ ਘੱਤ ਕੇ ਦਸਮ ਪਾਤਿਸ਼ਾਹ ਨੂੰ ਨਤਮਸਤਕ ਹੋਣ ਲਈ ਪੁੱਜ ਰਹੇ ਹਨ। ਇਸ ਸ਼ੁਭ ਕਾਰਜ ਮੌਕੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਹੇਠਲੀ ਬਿਹਾਰ ਸਰਕਾਰ ਨੇ ਵਿਸ਼ੇਸ਼ ਪ੍ਰਬੰਧ ਕੀਤੇ ਹੋਏ ਹਨ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਅਤੇ ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਨੇ ਵੀ ਇਸ ਪ੍ਰਕਾਸ਼ ਉਤਸਵ ਮੌਕੇ ਉਚੇਚੇ ਐਲਾਨ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਬਹੁਤ ਵਾਰ ਅਜਿਹੇ ਸਮਾਗਮਾਂ ਨੂੰ ਆਪਣੇ ਸਿਆਸੀ ਹਿਤਾਂ ਲਈ ਵੀ ਵਰਤਿਆ ਜਾਂਦਾ ਰਿਹਾ ਹੈ। ਇਸੇ ਕਰ ਕੇ ਦੇਖਣ ਵਿਚ ਆ ਰਿਹਾ ਹੈ ਕਿ ਹੁਣ ਹਰ ਸਿਆਸੀ ਪਾਰਟੀ ਦਾ ਨੁਮਾਇੰਦਾ ਪਟਨਾ ਸਾਹਿਬ ਅੱਪੜ ਰਿਹਾ ਹੈ। ਉਥੇ ਨਤਮਸਤਕ ਹੋਣ ਗਏ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤਾਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਪੁੱਜ ਕੇ ਕਾਂਗਰਸ ਪਾਰਟੀ ਲਈ ਪ੍ਰਚਾਰ ਕਰਨ ਦਾ ਸੱਦਾ ਵੀ ਦੇ ਆਏ ਹਨ। ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੀ ਇਸ ਮਾਮਲੇ ਵਿਚ ਪਿਛੇ ਨਹੀਂ ਹੈ। ਇਸ ਨੇ 'ਆਪਣੀ' ਸਰਕਾਰ ਹੋਣ ਦਾ ਫਾਇਦਾ ਉਠਾਉਂਦਿਆਂ ਸਰਕਾਰੀ ਬੱਸਾਂ ਸ਼ਰਧਾਲੂਆਂ ਨੂੰ ਉਥੇ ਲਿਜਾਣ ਲਈ ਲਾ ਦਿੱਤੀਆਂ ਹਨ। ਇਸ ਸਬੰਧੀ ਵਿਸ਼ੇਸ਼ ਨੁਕਤਾ ਇਹ ਹੈ ਕਿ ਜਦੋਂ-ਜਦੋਂ ਸਰਕਾਰੀ ਬੱਸਾਂ ਦਾ ਅਜਿਹਾ ਮਸਲਾ ਸਾਹਮਣੇ ਆਉਂਦਾ ਹੈ ਤਾਂ ਇਸ ਦਾ ਸਿੱਧਾ ਫਾਇਦਾ ਸਦਾ ਬਾਦਲ ਪਰਿਵਾਰ ਨੂੰ ਹੀ ਮਿਲਦਾ ਰਿਹਾ ਹੈ। ਜਿਉਂ ਹੀ ਪੰਜਾਬ ਵਿਚੋਂ ਸਰਕਾਰੀ ਬੱਸਾਂ ਪਟਨਾ ਸਾਹਿਬ ਲਈ ਲਾਈਆਂ ਗਈਆਂ, ਬਾਦਲਾਂ ਦੀਆਂ ਬੱਸਾਂ ਦੀ ਗਿਣਤੀ ਸੜਕਾਂ ਉਤੇ ਪਹਿਲਾਂ ਨਾਲੋਂ ਵਧ ਗਈ ਹੈ। ਇਸ ਤੋਂ ਵੀ ਵੱਡੀ ਗੱਲ, ਚੋਣਾਂ ਸਿਰ ਉਤੇ ਹੋਣ ਕਰ ਕੇ ਅਕਾਲੀ ਦਲ ਨੇ 350ਵੇਂ ਪ੍ਰਕਾਸ਼ ਪੁਰਬ ਸਬੰਧੀ ਖੁਦ ਕੋਈ ਖਾਸ ਸਮਾਗਮ ਨਹੀਂ ਉਲੀਕਿਆ ਹੈ, ਸਗੋਂ ਪਾਰਟੀ ਦੀ ਸਾਰੀ ਤਾਕਤ ਸਿਆਸੀ ਸਰਗਰਮੀ ਲਈ ਝੋਕ ਦਿੱਤੀ ਹੋਈ ਹੈ। ਤਰਦੀ ਨਜ਼ਰੇ ਦੇਖਿਆਂ ਇਸ ਵਿਚ ਕੋਈ ਮਾੜੀ ਗੱਲ ਵੀ ਨਹੀਂ ਜਾਪਦੀ, ਚੋਣਾਂ ਮੌਕੇ ਚੋਣ-ਸਰਗਰਮੀਆਂ ਹੋਣੀਆਂ ਜਾਂ ਵਧਣੀਆਂ ਹੀ ਹੁੰਦੀਆਂ ਹਨ, ਪਰ ਇਥੇ ਮਸਲਾ ਤਰਜੀਹਾਂ ਦਾ ਵੀ ਹੈ। ਜੇ ਅਕਾਲੀ ਦਲ ਅਤੇ ਸਿੱਖਾਂ ਦੀ ਇਕੋ-ਇਕ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਤਰਜੀਹਾਂ ਪ੍ਰਕਾਸ਼ ਪੁਰਬ ਜਾਂ ਗੁਰੂ ਸਾਹਿਬਾਨ ਦਾ ਸੁਨੇਹਾ ਵੱਧ ਤੋਂ ਵੱਧ ਲੋਕਾਈ ਤੱਕ ਪਹੁੰਚਾਉਣ ਵਾਲੀਆਂ ਹੁੰਦੀਆਂ ਤਾਂ ਕੋਈ ਵੀ ਸਰਗਰਮੀ ਜਾਂ ਰੁਝੇਵਾਂ ਇਨ੍ਹਾਂ ਦੇ ਰਾਹ ਦਾ ਰੋੜਾ ਨਹੀਂ ਸੀ ਬਣਨਾ, ਪਰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀਆਂ ਤਰਜੀਹਾਂ ਹਾਲ ਦੀ ਘੜੀ ਕਿਉਂਕਿ ਸਿਆਸੀ ਵਧੇਰੇ ਹਨ, ਇਸ ਲਈ ਉਸ ਹਿਸਾਬ ਨਾਲ ਪ੍ਰਕਾਸ਼ ਪੁਰਬ ਮਨਾਉਣ ਦੀ ਥਾਂ ਬਹੁਤਾ ਧਿਆਨ ਸਿਆਸੀ ਸਰਗਰਮੀਆਂ ਉਤੇ ਹੀ ਲੱਗਾ ਹੋਇਆ ਹੈ। ਚਾਹੀਦਾ ਤਾਂ ਇਹ ਸੀ ਕਿ ਦਸਮ ਪਾਤਿਸ਼ਾਹ ਨੇ ਉਸ ਵਕਤ ਅੰਤਾਂ ਦੀਆਂ ਔਖਿਆਈਆਂ ਦੇ ਬਾਵਜੂਦ ਜੋ ਪ੍ਰਸੰਗ ਉਭਾਰੇ ਸਨ, ਉਨ੍ਹਾਂ ਬਾਰੇ ਵੱਧ ਤੋਂ ਵੱਧ ਗੱਲ ਚਲਾਈ ਜਾਂਦੀ। ਇਸ ਪ੍ਰਸੰਗ ਵਿਚ ਸਭ ਤੋਂ ਪਹਿਲਾਂ ਨੁਕਤਾ ਜੋ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਇਹ ਹੈ ਕਿ ਉਨ੍ਹਾਂ ਨੇ ਲੋਕਾਈ ਨੂੰ ਭੈਅ-ਮੁਕਤ ਹੋ ਜਾਣ ਦੇ ਰਾਹ ਤੋਰਿਆ। ਸਿੱਖ ਪਰੰਪਰਾ ਆਪਣੇ ਮੁਢਲੇ ਦੌਰ ਤੋਂ ਹੀ ਮਨੁੱਖ ਨੂੰ ਭੈਅ-ਮੁਕਤ ਹੋਣ ਦਾ ਉਪਦੇਸ਼ ਦਿੰਦੀ ਰਹੀ ਹੈ। ਦਸਮ ਪਾਤਿਸ਼ਾਹ ਨੇ ਇਸੇ ਭੈਅ ਨੂੰ ਦੂਰ ਕਰਨ ਲਈ ਵੱਡੀ ਜਥੇਬੰਦਕ ਮੁਹਿੰਮ ਦਾ ਆਗਾਜ਼ ਕੀਤਾ ਸੀ। ਇਹ ਜਥੇਬੰਦਕ ਮੁਹਿੰਮ ਫਿਰ ਅਗਾਂਹ ਵੱਡੀ ਸਮਾਜਕ ਤਬਦੀਲੀ ਦਾ ਵਸੀਲਾ ਬਣੀ।

'ਪੰਜਾਬ ਟਾਈਮਜ਼' ਲਈ ਇਹ ਖੁਸ਼ੀ ਦਾ ਅਵਸਰ ਹੈ ਕਿ ਅੱਜ ਜਦੋਂ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ 350ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ ਤਾਂ 'ਪੰਜਾਬ ਟਾਈਮਜ਼' ਆਪਣੀ ਹੋਂਦ ਦੇ 17 ਵਰ੍ਹੇ ਮੁਕੰਮਲ ਕਰ ਕੇ 18ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਰਿਹਾ ਹੈ। ਨਾਲ ਹੀ ਇਹ ਤਬਦੀਲੀ ਲਈ ਤਾਂਘ ਰੱਖਦਾ ਹੋਇਆ ਆਪਣੇ ਵਿਤ ਮੁਤਾਬਕ ਆਪਣਾ ਹਿੱਸਾ ਪਾਉਣ ਲਈ ਯਤਨਸ਼ੀਲ ਹੈ। ਇਸ ਸਫਰ ਦੌਰਾਨ ਕਈ ਕਿਸਮ ਦੇ ਉਤਰਾਅ-ਚੜ੍ਹਾਏ ਆਏ ਅਤੇ ਕਈ ਕਿਸਮ ਦੇ ਹਾਲਾਤ ਨਾਲ ਜੂਝਣ ਦੇ ਸਬੱਬ ਬਣੇ; ਪਰ ਪਾਠਕਾਂ, ਸੱਜਣਾਂ ਅਤੇ ਸਨੇਹੀਆਂ ਦੀ ਬਦੌਲਤ ਪਰਚੇ ਦਾ ਸਫਰ ਨਿਰਵਿਘਨ ਜਾਰੀ ਹੈ। ਅਸਲ ਵਿਚ ਅਦਾਰੇ ਨੂੰ ਅਜਿਹੀਆਂ ਸ਼ਖਸੀਅਤਾਂ ਦਾ ਸੰਗ-ਸਾਥ ਅਤੇ ਸੁਚੱਜੇ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ ਜਿਨ੍ਹਾਂ ਦੀ ਬਦੌਲਤ 'ਪੰਜਾਬ ਟਾਈਮਜ਼' ਪੱਤਰਕਾਰੀ ਦੇ ਖੇਤਰ ਵਿਚ ਇਕ ਮੁਕਾਮ ਹਾਸਲ ਕਰ ਸਕਿਆ ਹੈ। ਅਦਾਰੇ ਨੂੰ ਮਾਣ ਹੈ ਕਿ ਬਹੁਤ ਸਾਰੇ ਮਾਮਲਿਆਂ ਵਿਚ ਖੁਦ ਪਾਠਕਾਂ ਨੇ ਇਸ ਨੂੰ ਅਗਵਾਈ ਵਾਲਾ ਰਾਹ ਦਿਖਾਇਆ ਹੈ। ਪਾਠਕਾਂ ਦੇ ਇਸੇ ਹੁਲਾਰੇ ਕਾਰਨ ਹੀ ਮੰਜ਼ਿਲਾਂ ਸਰ ਕਰਨ ਦਾ ਤਹੱਈਆ ਕੀਤਾ ਜਾ ਸਕਿਆ ਹੈ ਅਤੇ ਅਗਾਂਹ ਰਾਹ ਮੋਕਲੇ ਹੋ ਸਕੇ ਹਨ। ਅਦਾਰੇ ਦੀ ਕੋਸ਼ਿਸ਼ ਸਦਾ ਇਹੀ ਰਹੀ ਹੈ ਕਿ ਸੰਵਾਦ ਵਾਲਾ ਚਿਰਾਗ ਬਾਲ ਕੇ ਰੱਖਿਆ ਜਾਵੇ ਅਤੇ ਮੀਡੀਆ ਦੇ ਮਿਸ਼ਨ ਨਾਲ ਜੁੜੀਆਂ ਰਵਾਇਤਾਂ ਉਤੇ ਪਹਿਰਾ ਦਿੱਤਾ ਜਾਵੇ। ਇਹ ਗੱਲ ਸੱਚ ਹੈ ਕਿ ਅੱਜ ਮੀਡੀਆ ਦੇ ਮਿਸ਼ਨ ਨਾਲ ਕਿਸੇ ਨਾ ਕਿਸੇ ਰੂਪ ਵਿਚ ਕਾਰੋਬਾਰੀ ਹਿਤ ਵੀ ਜੁੜ ਗਏ ਹਨ। ਪਰਵਾਸੀ ਮੀਡੀਆ ਕਿਉਂਕਿ ਇਸ ਜੱਗ-ਜਹਾਨ ਤੋਂ ਵੱਖ ਨਹੀਂ, ਇਸ ਲਈ ਇਸ ਦਾ ਅਸਰ ਪਰਵਾਸੀ ਮੀਡੀਆ ਉਤੇ ਵੀ ਸਾਫ ਦੇਖਿਆ ਜਾ ਸਕਦਾ ਹੈ, ਪਰ ਤਸੱਲੀ ਵਾਲੀ ਗੱਲ ਇਹ ਹੈ ਕਿ ਅੰਤਾਂ ਦੀਆਂ ਔਕੜਾਂ ਦੇ ਬਾਵਜੂਦ ਇਸ ਖੇਤਰ ਵਿਚ ਸੱਚ ਦੇ ਚਿਰਾਗ ਬਾਲੇ ਜਾ ਰਹੇ ਹਨ। ਕਾਰਨ ਸਿਰਫ ਇਕ ਹੀ ਹੈ ਕਿ ਲੱਖ ਕਮੀਆਂ ਦੇ ਬਾਵਜੂਦ, ਮੀਡੀਆ ਦਾ ਮਿਸ਼ਨ ਅਸਲ ਵਿਚ ਲੋਕ-ਚੇਤਨਾ ਨਾਲ ਜੁੜਿਆ ਹੋਇਆ ਹੈ ਅਤੇ ਲੋਕ-ਚੇਤਨਾ ਦੀਆਂ ਤੰਦਾਂ, ਸੱਚ ਦੀ ਤਾਣੀ ਵਿਚੋਂ ਹੀ ਹੋ ਕੇ ਨਿਕਲਦੀਆਂ ਹਨ। 'ਪੰਜਾਬ ਟਾਈਮਜ਼' ਦਾ ਇਸ ਬਾਰੇ ਕੋਈ ਦਾਅਵਾ ਨਹੀਂ, ਪਰ ਇਹ ਵਾਅਦਾ ਜ਼ਰੂਰ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਸੱਚ ਦੀ ਆਵਾਜ਼ ਬੁਲੰਦ ਕੀਤੀ ਜਾਵੇ ਅਤੇ ਪੱਤਰਾਕਾਰੀ ਦੀਆਂ ਨਰੋਈਆਂ ਕਦਰਾਂ-ਕੀਮਤਾਂ ਉਤੇ ਲਗਾਤਾਰ ਪਹਿਰਾ ਦਿੱਤਾ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਤਾਰਾਂ ਦਾ ਸੱਚ!*

ਸੂਰਜ-ਚੰਦਰਮਾ ਨੇ ਵਾਰੀ ਸਿਰ ਆਈ ਜਾਣਾ, ਪੈਣਾ ਨ੍ਹੀਂ ਫਰਕ ਦੋਹਾਂ ਦੀਆਂ ਰਫਤਾਰਾਂ ਵਿਚ।
ਨਵੇਂ ਸਾਲ ਵਿਚ ਨਵਾਂ ਹੋਣ ਦੀ ਕੀ ਆਸ ਭਲਾ, ਜਦੋਂ ਤੱਕ ਨਵਾਂਪਣ ਆਇਆ ਨਾ ਵਿਚਾਰਾਂ ਵਿਚ।
ਆਉਣਗੇ ਨਾ ਬਾਜ ਬਦਮਾਸ਼ੀ ਵਾਲੇ ਕਾਰਿਆਂ ਤੋਂ, ਪੈਦਾ ਨਾ ਸ਼ਰਮ ਹੋਣੀ ਬੰਦਿਆਂ ਮੱਕਾਰਾਂ ਵਿਚ।
ਲੱਖ ਲੱਖ ਦਿੱਤੀਆਂ ਵਧਾਈਆਂ ਤੇ ਅਸੀਸਾਂ ਭਾਵੇਂ, ਸੁੱਖਾਂ ਨਾਲ ਦੁੱਖ ਵੀ ਨੇ ਆਉਣੇ ਪਰਿਵਾਰਾਂ ਵਿਚ।
ਮੁੜ-ਘਿੜ ਖੋਤੀ ਆ ਨਾ ਜਾਵੇ ਉਸੇ ਬੋਹੜ ਥੱਲੇ, ਲਿਆਈਏ ਤਬਦੀਲੀ ਜ਼ਰਾ ਵਰਤੋਂ-ਵਿਹਾਰਾਂ ਵਿਚ।
ਸੌੜੀਆਂ ਸਿਆਸਤਾਂ ਨੂੰ ਨੱਥ ਪਾਈਏ, ਸਾਂਭੀਏ ਸੁਨਹਿਰੀ ਮੌਕਾ ਆਇਆ ਏ ਸਤਾਰਾਂ ਵਿਚ!

# ਨਸਲ ਅਤੇ ਜਾਤ

## ਜਾਤ ਕਿਰਤੀ ਜਮਾਤ ਦੀ ਚੇਤਨਾ ਦੇ ਵਿਕਾਸ ਦੇ ਰਾਹ ਵਿਚ ਨਸਲ ਤੋਂ ਵੀ ਵੱਡਾ ਅੜਿੱਕਾ

***ਚੋਟੀ ਦੇ ਬੌਧਿਕ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਨੇ ਆਪਣੇ ਤਾਜ਼ਾ ਅੰਕ (31 ਦਸੰਬਰ 2016) ਵਿਚ ਅਮਰੀਕਾ ਵਿਚ ਨਸਲਵਾਦ ਅਤੇ ਹਿੰਦੁਸਤਾਨ ਵਿਚ ਜਾਤਪਾਤੀ ਵਿਵਸਥਾ ਦੀਆਂ ਸਾਂਝੀਆਂ ਤੰਦਾਂ ਫੜਦਿਆਂ ਹੋਏ ਅੰਜੇਲਾ ਡੈਵਿਸ ਦੇ ਹਵਾਲੇ ਨਾਲ ਬਹੁਤ ਅਹਿਮ ਤਬਸਰਾ ਕੀਤਾ ਹੈ। ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਇਸ ਦਾ ਪੰਜਾਬੀ ਰੂਪ ਉਚੇਚੇ ਤੌਰ 'ਤੇ ਪੇਸ਼ ਕਰ ਰਹੇ ਹਾਂ। ਇਸ ਤਬਸਰੇ ਨੂੰ ਪੰਜਾਬੀ ਰੂਪ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਦਿੱਤਾ ਹੈ। -ਸੰਪਾਦਕ***

ਬੁੱਧੀਜੀਵੀ ਕਾਰਕੁਨ ਜਿਨ੍ਹਾਂ ਵਰਤਾਰਿਆਂ (ਨਸਲਵਾਦ, ਜਾਤਪਾਤਵਾਦ, ਪਿਤਰ-ਸੱਤਾਵਾਦ, ਸਰਮਾਏਦਾਰੀ ਅਤੇ ਸਾਮਰਾਜਵਾਦ) ਖ਼ਿਲਾਫ਼ ਸੰਘਰਸ਼ ਕਰ ਰਹੇ ਹਨ, ਅਕਸਰ ਹੀ ਇਨ੍ਹਾਂ ਦੀ ਫ਼ਿਤਰਤ ਦੇ ਇਤਿਹਾਸਕ ਵੇਰਵਿਆਂ ਨੂੰ ਕਲਮਬੰਦ ਕਰਨਾ ਉਨ੍ਹਾਂ ਲਈ ਜ਼ਰੂਰੀ ਹੁੰਦਾ ਹੈ। ਜਿਵੇਂ ਉਮੀਦ ਕੀਤੀ ਜਾਂਦੀ ਹੈ, ਉਚੇਰੇ ਅਕਾਦਮਿਕ ਅਹੁਦਿਆਂ 'ਤੇ ਬੈਠੇ ਸਿਆਸੀ ਅੰਨ੍ਹੇ ਭਗਤ ਹਮੇਸ਼ਾ ਇਹੀ ਦਲੀਲ ਦਿੰਦੇ ਹਨ ਕਿ ਇਨ੍ਹਾਂ ਬੁੱਧੀਜੀਵੀਆਂ ਦਾ ਕੰਮ "ਹਕੀਕਤਮੁਖੀ" ਨਹੀਂ ਹੈ ਅਤੇ ਉਹ "ਮੁਕੱਦਸ ਸੰਸਥਾਵਾਂ" ਨੂੰ "ਸਿਆਸੀਕਰਨ" ਤੋਂ ਬਚਾਉਣ ਲਈ ਬੁੱਧੀਜੀਵੀ ਕਾਰਕੁਨਾਂ ਨੂੰ ਯੂਨੀਵਰਸਿਟੀਆਂ ਵਿਚੋਂ ਕੱਢਣ ਦੇ ਯਤਨ ਕਰਨ ਤਕ ਜਾਂਦੇ ਹਨ। ਲੇਕਿਨ ਸਾਨੂੰ ਇਹ ਦਿਮਾਗ ਵਿਚ ਰੱਖਣ ਦੀ ਲੋੜ ਹੈ ਕਿ ਇਹ ਬੁੱਧੀਜੀਵੀ ਕਾਰਕੁਨ ਮੁਕਤੀ ਪ੍ਰਤੀ ਆਪਣੀ ਵਚਨਬੱਧਤਾ ਦੀ ਢੁੱਕਵੀਂ ਥਾਂ ਤੋਂ ਲਿਖਦੇ ਹਨ। ਸਥਾਪਤੀ ਦੇ ਵਿਦਵਾਨਾਂ ਦੇ ਉਲਟ, ਇਨ੍ਹਾਂ ਦੀ ਰੁਚੀ ਅਤੀਤ ਦੀਆਂ ਮੁਕਤੀ ਲਹਿਰਾਂ ਦੀਆਂ ਕਾਮਯਾਬੀਆਂ ਅਤੇ ਨਾ-ਕਾਮਯਾਬੀਆਂ ਅਤੇ ਇਤਿਹਾਸ ਨੂੰ ਬਣਾਉਣ ਵਿਚ ਮਨੁੱਖੀ ਏਜੰਸੀ ਨੂੰ ਵਧੇਰੇ ਅਹਿਮੀਅਤ ਦੇਣ ਵਿਚ ਹੁੰਦੀ ਹੈ।

ਐਸੀ ਹੀ ਬੁੱਧੀਜੀਵੀ ਕਾਰਕੁਨ ਅੰਜੇਲਾ ਡੈਵਿਸ ਨੇ ਅੱਠਵੇਂ ਅਨੁਰਾਧਾ ਗਾਂਧੀ ਯਾਦਗਾਰੀ ਲੈਕਚਰ ਦੌਰਾਨ ਅਮਰੀਕਾ ਦੇ ਕਾਲੇ ਲੋਕਾਂ ਅਤੇ ਹਿੰਦੁਸਤਾਨ ਦੇ ਦਲਿਤਾਂ ਦੀ ਸਾਂਝੇ ਦਰਦ ਦੀਆਂ ਕੜੀਆਂ ਜੋੜਨ ਦਾ ਯਤਨ ਕੀਤਾ ਜਿਸ ਨੂੰ ਮੁੰਬਈ ਵਿਚ 16 ਦਸੰਬਰ ਨੂੰ 'ਸਿਆਹਫ਼ਾਮ ਜ਼ਿੰਦਗੀਆਂ, ਦਲਿਤ ਜ਼ਿੰਦਗੀਆਂ: ਇਤਿਹਾਸ ਅਤੇ ਇਕਮੁੱਠਤਾਵਾਂ' ਵਿਸ਼ੇ ਉਪਰ ਲੈਕਚਰ ਦੇਣ ਲਈ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ (ਇਹ ਲੈਕਚਰ ਹਰ ਸਾਲ ਮਰਹੂਮ ਅਨੁਰਾਧਾ ਗਾਂਧੀ ਦੀ ਯਾਦ ਵਿਚ ਕਰਵਾਇਆ ਜਾਂਦਾ ਹੈ। ਉਚਕੋਟੀ ਦੀ ਇਸ ਜ਼ਹੀਨ ਬੁੱਧੀਜੀਵੀ ਅਤੇ ਮਾਓਵਾਦੀ ਆਗੂ ਦਾ ਮਾਓਵਾਦੀ ਛਾਪਾਮਾਰ ਇਲਾਕਿਆਂ ਵਿਚ ਸਖ਼ਤ ਜ਼ਿੰਦਗੀ ਜਿਉਂਦਿਆਂ ਦਿਮਾਗੀ ਮਲੇਰੀਆ ਦੀ ਨਾਮੁਰਾਦ ਬਿਮਾਰੀ ਕਾਰਨ 12 ਅਪਰੈਲ 2008 ਨੂੰ ਦੇਹਾਂਤ ਹੋ ਗਿਆ ਸੀ)। ਇਹ ਮੰਨਦੇ ਹੋਏ ਕਿ 'ਨਸਲ ਅਤੇ ਜਾਤ ਬੁਨਿਆਦੀ ਤੌਰ 'ਤੇ ਇਕੋ ਚੀਜ਼ ਨਹੀਂ; ਇਹ ਦਾਸਤਾ ਦੇ ਦੋ ਵੱਖਰੇ-ਵੱਖਰੇ ਤਰੀਕੇ ਹਨ', ਉਸ ਨੇ 'ਹਿੰਦੁਸਤਾਨ ਅੰਦਰ ਦਲਿਤ ਲੋਕਾਂ ਦੇ ਲੰਮੇ ਇਤਿਹਾਸ ਤੋਂ ਸਿੱਖਣ' ਦੀ ਅਹਿਮੀਅਤ ਉਪਰ ਜ਼ੋਰ ਦਿੱਤਾ। ਡੈਵਿਸ ਦਾ ਲੈਕਚਰ ਅਮਰੀਕਾ ਅੰਦਰ ਕਾਲੇ ਲੋਕਾਂ ਦੇ ਬੀਤੇ ਅਤੇ ਵਰਤਮਾਨ ਦੇ ਮੁਕਤੀ ਸੰਘਰਸ਼ਾਂ ਬਾਰੇ ਸਿੱਖਣ ਅਤੇ ਇਹ ਅਹਿਸਾਸ ਕਰਨ ਅਤੇ ਸਮਝਣ ਦਾ ਵੱਡਾ ਮੌਕਾ ਸੀ ਕਿ ਐਸੀ ਮੁਕਤੀ ਕੁਲ ਲੋਕਾਂ ਦੀ ਮੁਕਤੀ ਲਈ ਲਾਜ਼ਮੀ ਹੈ, ਤੇ ਇਸ ਤੋਂ ਬਗ਼ੈਰ ਇਹ ਅਸੰਭਵ ਹੈ।

ਇਕ ਵਕਤ ਡੈਵਿਸ ਅਹਿੰਸਕ ਵਿਦਿਆਰਥੀ ਤਾਲਮੇਲ ਕਮੇਟੀ (ਸਟੂਡੈਂਟ ਨਾਨ-ਵਾਇਲੈਂਟ ਕੋਆਰਡੀਨੇਟਿੰਗ ਕਮੇਟੀ) ਅਤੇ ਬਲੈਕ ਪੈਂਥਰ ਪਾਰਟੀ ਦੀ ਮੈਂਬਰ ਸੀ ਤੇ ਉਹ ਕਮਿਊਨਿਸਟ ਪਾਰਟੀ ਯੂ.ਐਸ.ਏ. ਦੀ ਮੈਂਬਰ ਵੀ ਰਹੀ ਹੈ। ਕੋਈ ਵਕਤ ਸੀ ਜਦੋਂ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐਫ.ਬੀ.ਆਈ) ਉਸ ਨੂੰ ਮਫ਼ਰੂਰ ਮੰਨਦੀ ਸੀ ਅਤੇ ਉਸ ਨੂੰ 'ਅਮਰੀਕਾ ਦੀ ਐਸੀ ਮੁਜਰਿਮ' ਕਰਾਰ ਦਿੱਤਾ ਹੋਇਆ ਸੀ 'ਜਿਸ ਦੀ ਸਭ ਤੋਂ ਵੱਧ ਤਲਾਸ਼' ਕੀਤੀ ਜਾਂਦੀ ਸੀ। ਐਸੇ ਜੁਰਮ ਲਈ ਤਲਾਸ਼ ਜੋ ਉਸ ਨੇ ਕੀਤਾ ਹੀ ਨਹੀਂ ਸੀ ਅਤੇ ਜਿਸ ਬਾਬਤ ਬਾਅਦ ਵਿਚ ਉਹ ਅਦਾਲਤਾਂ ਵਿਚ ਬੇਕਸੂਰ ਸਾਬਤ ਹੋਈ। 1969 ਵਿਚ ਰੋਨਲਡ ਰੀਗਨ ਜੋ ਉਦੋਂ ਕੈਲੀਫੋਰਨੀਆ ਦਾ ਗਵਰਨਰ ਸੀ, ਨੇ ਪੂਰਾ ਤਾਣ ਲਾਇਆ ਕਿ ਉਹ ਸੂਬੇ ਦੀ ਕਿਸੇ ਵੀ ਯੂਨੀਵਰਸਿਟੀ ਅੰਦਰ ਅਧਿਆਪਨ ਦੀ ਨੌਕਰੀ ਨਾ ਕਰ ਸਕੇ। ਇਸ ਇਤਿਹਾਸ ਨੂੰ ਦੇਖਦਿਆਂ, ਡੈਵਿਸ ਤੋਂ ਇਹ ਸਿੱਖਣਾ ਹੌਸਲਾ ਦੇਣ ਵਾਲੀ ਗੱਲ ਸੀ ਕਿ ਅਮਰੀਕਾ ਦੀ ਕਾਲੇ ਲੋਕਾਂ ਦੀ ਮੁਕਤੀ ਲਹਿਰ ਹੁਣ ਉਨ੍ਹਾਂ 'ਕਾਲੇ ਮਸੀਹਾ (ਮਰਦ) ਆਗੂਆਂ' ਦੀ ਅਹਿਸਾਨਮੰਦ ਨਹੀਂ ਰਹੀ ਜੋ 'ਮਾਣ-ਤਾਣ ਬਦਲੇ ਮੁਕਤੀ ਦੇ ਵਾਅਦੇ ਕਰਦੇ ਹਨ'। ਇਹ ਵੀ ਕਿ ਮੌਜੂਦਾ 'ਕਾਲਿਆਂ ਦੀ ਜ਼ਿੰਦਗੀ ਵੀ ਮਾਇਨੇ ਰੱਖਦੀ ਹੈ' ਲਹਿਰ ਅਤੀਤ ਦੀਆਂ ਲਹਿਰਾਂ ਤੋਂ ਇਸ ਲਿਹਾਜ਼ ਨਾਲ ਨਿਵੇਕਲੀ ਹੈ ਕਿ ਕਾਲੀਆਂ ਨਾਰੀਵਾਦੀ ਔਰਤ ਕਾਰਕੁਨ ਇਸ ਦੀਆਂ ਮੋਹਰਲੀਆਂ ਕਤਾਰਾਂ ਵਿਚ ਲੜ ਰਹੀਆਂ ਹਨ।

ਡੈਵਿਸ ਦਾ ਲੈਕਚਰ ਜਿਸ ਹੋਰ ਗੱਲ ਨੂੰ ਸਮਝਣ ਦਾ ਸਬੱਬ ਬਣਿਆ ਉਹ ਸੀ ਅਤੀਤ ਵਿਚ ਅਤੇ ਅੱਜ ਵੀ ਕਾਲੇ ਲੋਕਾਂ ਨੂੰ ਨਸਲਵਾਦ ਤਹਿਤ ਮਾਰੇ ਜਾਣ ਦੇ ਵਰਤਾਰੇ ਦੀ ਲਗਾਤਾਰਤਾ ਅਤੇ ਬਦਲਾਓ ਦਾ ਦੁਵੱਲਾ ਸਬੰਧ। ਸਾਲ 2014 ਵਿਚ ਫਰਗੂਸਨ ਵਿਚ 18 ਸਾਲ ਦੇ ਲੜਕੇ ਮਿਸ਼ੇਲ ਬਰਾਊਨ ਦੀ ਪੁਲਿਸ ਅਫ਼ਸਰ ਵਲੋਂ ਹੱਤਿਆ ਜਾਂ ਬਾਲਟੀਮੋਰ ਪੁਲਿਸ ਵਲੋਂ ਪੰਝੀ ਸਾਲਾ ਲੜਕੇ ਫਰੈਡੀ ਗਰੇਅ ਦਾ ਕਤਲ ਇਸ ਦੀਆਂ ਮਿਸਾਲਾਂ ਹਨ, ਇਸ ਦੇ ਬਾਵਜੂਦ ਕਿ ਉਸ ਸ਼ਹਿਰ ਦੀ ਸਿਆਸੀ ਸੱਤਾ ਕਾਲੇ ਹੱਥਾਂ ਵਿਚ ਹੈ। ਬੁਨਿਆਦੀ ਅਰਥਾਂ ਵਿਚ, ਚਾਹੇ ਅਤੀਤ ਵਿਚ ਸੀ ਜਾਂ ਵਰਤਮਾਨ ਵਿਚ ਹੈ, ਜੋ ਕੁਝ ਅਮਰੀਕਾ ਵਿਚ ਹੁੰਦਾ ਆ ਰਿਹਾ ਹੈ, ਇਹ ਇਕ ਤਰ੍ਹਾਂ ਨਾਲ ਸਟੇਟ ਦੀ ਮਨਜ਼ੂਰੀ ਨਾਲ ਕਾਲੇ ਲੋਕਾਂ ਦੀਆਂ ਹੱਤਿਆਵਾਂ ਹਨ। ਐਸੇ ਕਤਲ, ਭਾਵੇਂ ਉਹ ਅਤੀਤ ਵਿਚ ਗੋਰੇ ਨਸਲਵਾਦੀਆਂ ਵਲੋਂ ਤਸ਼ੱਦਦ ਢਾਹ ਕੇ ਕੀਤੇ ਜਾਂਦੇ ਰਹੇ ਜਾਂ ਹੁਣ ਪੁਲਿਸ ਵਲੋਂ ਕੀਤੇ ਜਾ ਰਹੇ ਹਨ, ਉਹ ਗੋਰਿਆਂ ਦੀ ਸਰਬੋਤਮ ਹੈਸੀਅਤ ਦੀ ਨਸਲਵਾਦੀ ਭਾਵਨਾ ਦੀ ਮੁੜ ਤਸਦੀਕ ਹਨ।

ਸਾਨੂੰ ਖ਼ੁਦ ਨੂੰ ਮੁੜ ਚੇਤੇ ਕਰਾਉਣ ਦੀ ਲੋੜ ਹੈ ਕਿ ਲੁੱਟ-ਖਸੁੱਟ ਅਤੇ ਨਸਲੀ ਵਿਤਕਰੇ ਦੋਵਾਂ ਦੀਆਂ ਜੜ੍ਹਾਂ ਅਮਰੀਕਨ ਸਰਮਾਏਦਾਰੀ ਢਾਂਚੇ ਦੇ ਧੁਰ ਅੰਦਰ ਤਕ ਲੱਗੀਆਂ ਹੋਈਆਂ ਹਨ। ਕੋਈ ਇਹ ਸੋਚ ਸਕਦਾ ਹੈ ਕਿ ਅਫ਼ਰੀਕਨ-ਅਮਰੀਕਨ ਅਤੇ ਗੋਰੇ ਮਜ਼ਦੂਰ ਗੋਰੀ ਹੁਕਮਰਾਨ ਜਮਾਤ ਵਿਰੁਧ ਸਾਂਝੇ ਸੰਘਰਸ਼ ਅੰਦਰ ਸੰਭਾਵਿਤ ਕੁਦਰਤੀ ਸੰਗੀ ਹਨ, ਪਰ ਨਸਲਵਾਦੀ ਵਿਚਾਰਧਾਰਾ (ਜੋ ਗੋਰਿਆਂ ਦੇ ਸਰਬੋਤਮ ਹੋਣ ਅਤੇ ਰੰਗਦਾਰ ਚਮੜੀ ਵਾਲਿਆਂ ਦੇ ਘਟੀਆ ਨਸਲ ਹੋਣ ਦੀ ਦਾਅਵੇਦਾਰ ਹੈ) ਅਜੇ ਵੀ ਲੁਟੀਂਦਿਆਂ ਅਤੇ ਦੱਬੇ-ਕੁਚਲਿਆਂ ਨੂੰ ਅਸਰਦਾਰ ਤੌਰ 'ਤੇ ਵੰਡਣ ਦੇ ਸਮਰੱਥ ਹੈ। ਇਸ ਵਿਚਾਰਧਾਰਾ ਦੀਆਂ ਜੜ੍ਹਾਂ 16ਵੀਂ ਅਤੇ 17ਵੀਂ ਸਦੀ ਅੰਦਰ ਸਰਮਾਏਦਾਰੀ ਦੇ ਮੁੱਢਲੇ ਕੌਮਾਂਤਰੀ ਫੈਲਾਓ ਅਤੇ ਇਸ ਦੀ ਮੂਲਵਾਸੀ ਸਥਾਨਕ ਵਸੋਂ ਵਿਚੋਂ ਲੁੱਟ ਦਾ ਸ਼ਿਕਾਰ ਬਣਾਏ ਜਾ ਸਕਣ ਵਾਲੇ ਕਿਰਤੀਆਂ ਨੂੰ ਗ਼ੁਲਾਮ ਬਣਾਉਣ ਦੀ ਜ਼ਰੂਰਤ ਵਿਚ ਲੱਗੀਆਂ ਹੋਈਆਂ ਹਨ, ਚਾਹੇ ਉਹ ਪੀਲੀ ਜਾਂ ਭੂਰੀ ਚਮੜੀ ਵਾਲੇ ਹੋਣ, ਚਾਹੇ ਲਾਲ ਜਾਂ ਕਾਲੇ ਹੋਣ। ਅਮਰੀਕਾ ਦੇ ਕੁਦਰਤੀ ਵਸੀਲਿਆਂ ਦਾ ਲਾਹਾ ਲੈਣ ਲਈ ਅਫ਼ਰੀਕਾ ਤੋਂ ਕਾਲਿਆਂ ਨੂੰ ਜਬਰੀ ਗ਼ੁਲਾਮ ਬਣਾਇਆ ਜਾਂਦਾ ਰਿਹਾ। ਖ਼ਾਨਾਜੰਗੀ ਦੇ ਨਤੀਜੇ ਵਜੋਂ ਗ਼ੁਲਾਮੀ ਦਾ ਖ਼ਾਤਮਾ ਜ਼ਰੂਰ ਹੋ ਗਿਆ, ਪਰ ਨਸਲੀ ਤੁਅੱਸਬ ਅਤੇ ਭੇਦਭਾਵ ਕਾਲੇ, ਭੂਰੇ, ਲਾਲ ਅਤੇ ਗੋਰੇ ਮਜ਼ਦੂਰਾਂ ਦੀ ਮਜ਼ਦੂਰ ਜਮਾਤ ਵਜੋਂ ਇਕਜੁੱਟ ਹੋਣ ਵਿਚ ਅੜਿੱਕਾ ਬਣ ਗਏ। 1950ਵਿਆਂ ਅਤੇ 60ਵਿਆਂ ਦੀ ਸ਼ਹਿਰੀ ਹੱਕਾਂ ਦੀ ਲਹਿਰ ਦੇ ਸਮੇਂ ਤੋਂ ਲੈ ਕੇ ਹੁਣ ਤਕ ਦੇ ਦਹਾਕਿਆਂ ਅੰਦਰ ਇਕ ਕਾਲੀ ਸਿਆਸੀ ਹੁਕਮਰਾਨ ਜਮਾਤ ਵੀ ਉਭਰ ਆਈ ਹੈ। ਹੁਣ ਕਾਲੇ ਲੋਕਾਂ ਦੀ ਮੁਕਤੀ ਲਹਿਰ ਨੂੰ ਗੋਰੀ ਹੁਕਮਰਾਨ ਜਮਾਤ ਵਲੋਂ ਉਨ੍ਹਾਂ ਦੇ ਇਕ ਹਿੱਸੇ ਨੂੰ ਆਪਣੇ ਜੋਟੀਦਾਰ ਬਣਾ ਕੇ ਅਤੇ ਜਬਰ ਤੇ ਇਸ ਜੋਟੀਦਾਰੀ ਦੇ ਮਿਸ਼ਰਣ ਦੁਆਰਾ ਕੁਚਲਿਆ ਜਾਂਦਾ ਹੈ ਜਿਸ ਦੀ ਪਹਿਲਾਂ ਨਾਲੋਂ ਕਿਤੇ ਵੱਧ ਟੇਕ ਕਾਲਿਆਂ ਉਪਰ ਹੈ।

ਹਿੰਦੁਸਤਾਨ ਵਿਚ, ਦਲਿਤ ਮੁਕਤੀ ਸੰਘਰਸ਼ ਜਾਤਪਾਤ ਦੇ ਬੀਜ-ਨਾਸ਼ ਦੇ ਇਰਦ-ਗਿਰਦ ਕੇਂਦਰਤ ਹੈ, ਨਸਲ ਦੇ ਉਲਟ ਇਸ ਦਾ ਮੁੱਢ ਪੂਰਵ ਇਤਿਹਾਸਕ ਦੌਰ ਵਿਚ ਬੱਝਿਆ ਸੀ। ਬਸਤੀਆਨਾ ਦੌਰ ਤੋਂ ਲੈ ਕੇ ਇਥੇ ਜੋ ਸਰਮਾਏਦਾਰੀ ਦਾ ਅਲਪ-ਵਿਕਾਸ ਹੋਇਆ ਹੈ, ਉਸ ਦੇ ਬਾਵਜੂਦ ਅਜੇ ਵੀ ਹਿੰਦੁਸਤਾਨੀ ਸਮਾਜ ਦੇ ਸਮਾਜੀ ਢਾਂਚੇ ਅੰਦਰ ਜਾਤਪਾਤੀ ਵਿਵਸਥਾ ਦੀ ਸਥਿਰਤਾ ਅਤੇ ਕਠੋਰਤਾ ਬਰਕਰਾਰ ਹੈ। ਜਦੋਂਕਿ ਨਸਲੀ ਮਸਲਾ ਤਾਂ ਅਮਰੀਕਾ ਦੀ ਸਥਾਪਤੀ ਲਈ ਘੋਰ ਖ਼ਤਰਾ ਬਣਿਆ ਹੋਇਆ ਹੈ, ਪਰ ਹਿੰਦੁਸਤਾਨ ਦੀ ਜਾਤਪਾਤੀ ਵਿਵਸਥਾ ਦਾ ਮਾਮਲਾ ਵੱਖਰੀ ਤਰ੍ਹਾਂ ਦਾ ਹੈ। ਇਸ ਹੇਠ ਦਲਿਤਾਂ ਨੂੰ ਜਿਸ ਘੋਰ ਜ਼ਲਾਲਤ ਅਤੇ ਅਪਮਾਨ, ਜ਼ੁਲਮ ਅਤੇ ਵਹਿਸ਼ਤ ਦਾ ਸ਼ਿਕਾਰ ਹੋਣਾ ਪੈਂਦਾ ਹੈ, ਉਸ ਦੇ ਬਾਵਜੂਦ ਜਾਤਪਾਤ ਪਿਛਾਂਹਖਿੱਚੂ ਅਤੇ ਸਮਾਜ ਨੂੰ ਵੰਡਣ ਵਾਲੀ ਪੱਕੀ ਸੰਸਥਾ ਦੇ ਤੌਰ 'ਤੇ ਆਪਣੀ "ਦਰਜੇਬੰਦੀ ਆਧਾਰਤ ਨਾਬਰਾਬਰੀ" ਵਾਲੇ ਢਾਂਚੇ ਤਹਿਤ ਕੰਮ ਕਰੀ ਜਾ ਰਹੀ ਹੈ।

ਜਾਤਪਾਤੀ ਵਿਵਸਥਾ ਨੇ ਹਿੰਦੁਸਤਾਨ ਦੇ ਦੱਬੇਕੁਚਲੇ ਲੋਕਾਂ ਨੂੰ ਡੂੰਘੇ ਰੂਪ 'ਚ ਵੰਡਿਆ ਹੈ ਅਤੇ ਉਹ ਘੋਰ ਅਪਮਾਨ ਦਾ ਸ਼ਿਕਾਰ ਹਨ। ਅਸਲੀਅਤ ਇਹ ਹੈ ਕਿ ਇਨ੍ਹਾਂ ਵਿਚੋਂ ਜੋ ਸਭ ਤੋਂ ਵਾਂਝੇ ਹਿੱਸੇ ਭੰਗੀ, ਮੈਲਾ ਢੋਣ ਵਾਲੇ, ਅਤੇ ਗਲੀਆਂ ਤੇ ਪਖ਼ਾਨਿਆਂ ਨੂੰ ਸਾਫ਼ ਕਰਨ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਬਾਕੀ ਅਛੂਤ ਵੀ ਆਪਣੇ ਤੋਂ ਅਛੂਤ ਸਮਝ ਕੇ ਵਿਤਕਰਾ ਕਰਦੇ ਹਨ। ਲਿਹਾਜ਼ਾ, ਜਾਤਪਾਤ ਵਿਚ ਗ੍ਰਸੇ ਹਿੰਦੂ ਜੋ ਸਲੂਕ ਅਛੂਤਾਂ ਨਾਲ ਕਰਦੇ ਹਨ, ਉਹੀ ਅਪਮਾਨਿਤ ਕਰਨ ਵਾਲਾ ਸਲੂਕ ਅਛੂਤਾਂ ਦਾ ਇਕ ਹਿੱਸਾ ਬਾਕੀ ਅਛੂਤਾਂ ਨਾਲ ਕਰਦਾ ਹੈ। ਵਿਅਕਤੀ ਦੇ ਤੌਰ 'ਤੇ ਉਪਰ ਉਠਣ ਦਾ ਮੌਕਾ ਪੈਦਾ ਕੀਤੇ ਜਾਣ ਅਤੇ "ਪੱਛੜੀਆਂ ਜਾਤਾਂ" ਤੇ ਦਲਿਤਾਂ ਦੀ ਔਸਤ ਆਮਦਨੀ, ਉਨ੍ਹਾਂ ਦੇ ਵਿਦਿਅਕ ਅਤੇ ਕੰਮਕਾਜ ਦੇ ਪੱਧਰ ਵਿਚ ਸੁਧਾਰ ਹੋਣ ਦੇ ਬਾਵਜੂਦ ਸਿਆਸੀ ਪ੍ਰਬੰਧ ਅੰਦਰ, ਉਚੇਰੀ ਸਿੱਖਿਆ ਅਤੇ ਸਰਕਾਰੀ ਰੋਜ਼ਗਾਰ ਅੰਦਰ "ਰਾਖਵੇਂਕਰਨ" ਦੀ ਸ਼ਕਲ ਵਿਚ ਜੋ ਸੁਰੱਖਿਆਕਾਰੀ ਵਿਤਕਰਾ ਮੌਜੂਦ ਹੈ, ਉਸ ਨੇ ਹਿੰਦੁਸਤਾਨ ਦੇ ਇਨ੍ਹਾਂ ਵਾਂਝੇ ਲੋਕਾਂ ਨੂੰ ਪਹਿਲਾਂ ਤੋਂ ਵੀ ਵਧੇਰੇ ਅਲੱਗ-ਥਲੱਗ ਕਰ ਦਿੱਤਾ ਹੈ। ਇਸ ਨੇ ਉਨ੍ਹਾਂ ਦਰਮਿਆਨ ਪਾੜੇ ਹੋਰ ਵਧਾ ਦਿੱਤੇ ਹਨ ਅਤੇ ਇਸ ਨਾਲ ਪਹਿਲਾਂ ਹੀ ਪਾਟੋਧਾੜ ਹੋਇਆ ਅਵਾਮ ਹੋਰ ਜ਼ਿਆਦਾ ਵੰਡਿਆ ਗਿਆ ਹੈ। ਕੋਈ ਵੀ ਇਹ ਨਹੀਂ ਚਾਹੇਗਾ ਕਿ ਕਿਸੇ ਹੋਰ ਮੁਲਕ ਨੂੰ ਐਸੀ ਦੁਰਦਸ਼ਾ ਦਾ ਸਾਹਮਣਾ ਕਰਨਾ ਪਵੇ ਜੋ ਹਿੰਦੁਸਤਾਨ ਦੀ ਹੈ।

***ਜਾਤਪਾਤੀ ਵਿਵਸਥਾ ਨੇ ਹਿੰਦੁਸਤਾਨ ਦੇ ਦੱਬੇ-ਕੁਚਲੇ ਲੋਕਾਂ ਨੂੰ ਡੂੰਘੇ ਰੂਪ 'ਚ ਵੰਡਿਆ ਹੈ ਅਤੇ ਉਹ ਘੋਰ ਅਪਮਾਨ ਦਾ ਸ਼ਿਕਾਰ ਹਨ। ਅਸਲੀਅਤ ਇਹ ਹੈ ਕਿ ਇਨ੍ਹਾਂ ਵਿਚੋਂ ਜੋ ਸਭ ਤੋਂ ਵਾਂਝੇ ਹਿੱਸੇ ਭੰਗੀ, ਮੈਲਾ ਢੋਣ ਵਾਲੇ, ਅਤੇ ਗਲੀਆਂ ਤੇ ਪਖ਼ਾਨਿਆਂ ਨੂੰ ਸਾਫ਼ ਕਰਨ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਬਾਕੀ ਅਛੂਤ ਵੀ ਆਪਣੇ ਤੋਂ ਅਛੂਤ ਸਮਝ ਕੇ ਵਿਤਕਰਾ ਕਰਦੇ ਹਨ। ਲਿਹਾਜ਼ਾ, ਜਾਤਪਾਤ ਵਿਚ ਗ੍ਰਸੇ ਹਿੰਦੂ ਜੋ ਸਲੂਕ ਅਛੂਤਾਂ ਨਾਲ ਕਰਦੇ ਹਨ, ਉਹੀ ਅਪਮਾਨਿਤ ਕਰਨ ਵਾਲਾ ਸਲੂਕ ਅਛੂਤਾਂ ਦਾ ਇਕ ਹਿੱਸਾ ਬਾਕੀ ਅਛੂਤਾਂ ਨਾਲ ਕਰਦਾ ਹੈ।***

# 2017: ਸੋਵੀਅਤ ਕ੍ਰਾਂਤੀ ਦਾ ਸ਼ਤਾਬਦੀ ਸਾਲ

ਹਰ ਨਵੇਂ ਸਾਲ ਵਾਂਗ ਇਸ ਨਵੇਂ ਸਾਲ ਦੀਆਂ ਵੀ ਬਹੁਤ ਗੱਲਾਂ ਹੋਣਗੀਆਂ। ਆਮ ਤੌਰ 'ਤੇ ਇਸ ਦਾ ਸੰਭਾਵੀ ਰੇਖਾ ਚਿੱਤਰ ਬੀਤ ਚੁੱਕੇ ਸਾਲ 2016 ਦੀਆਂ ਘਟਨਾਵਾਂ ਦੇ ਮੱਦੇਨਜ਼ਰ ਕੀਤਾ ਜਾਵੇਗਾ। ਸਦੀ ਦੀ ਗੱਲ ਸਦੀ ਬਦਲਣ ਵੇਲੇ ਹੀ ਕੀਤੀ ਜਾ ਸਕਦੀ ਹੈ, ਪਰ 2017 ਨਾਲ ਪਿਛਲੀ ਸਦੀ ਦੀ ਵੀ ਇਕ ਗੱਲ ਜ਼ਰੂਰ ਜੁੜੇਗੀ। ਇਸ ਸਾਲ 7 ਨਵੰਬਰ ਨੂੰ ਕਈ ਜਗ੍ਹਾ ਰੂਸ ਵਿਚ ਇਸੇ ਦਿਨ 1917 ਵਿਚ ਹੋਏ ਸਮਾਜਵਾਦੀ ਇਨਕਲਾਬ ਨੂੰ ਸੰਮੇਲਨਾਂ ਰਾਹੀਂ ਮਨਾਇਆ ਜਾਵੇਗਾ ਤੇ ਕਈ ਹੋਰ ਫੋਰਮਾਂ ਉਪਰ ਚਰਚਾ ਹੋਵੇਗੀ। ਕੁੱਲ ਮਿਲਾ ਕੇ ਇਤਿਹਾਸਕ ਤੇ ਸਿਆਸੀ ਚਿੰਤਕ ਆਪੋ-ਆਪਣੇ ਤਰੀਕੇ ਨਾਲ ਇਸ ਬਾਰੇ ਇਸ ਸਾਲ ਕੁਝ ਨਾ ਕੁਝ ਜ਼ਰੂਰ ਕਹਿਣਗੇ।

ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਜਨਮ ਵੀ 1917 ਦੇ ਸਾਲ ਵਿਚ

**ਅਭੈ ਸਿੰਘ**
ਫੋਨ: +91-98783-75903

ਹੋਇਆ ਸੀ। ਇਸ ਬਾਰੇ ਉਸ ਦੇ ਪਿਤਾ ਜਵਾਹਰਲਾਲ ਨਹਿਰੂ ਨੇ ਆਪਣੇ ਇਕ ਖ਼ਤ ਵਿਚ ਲਿਖਿਆ ਸੀ- "ਤੇਰਾ ਜਨਮ ਅਜਿਹੇ ਸਾਲ ਵਿਚ ਹੋਇਆ ਹੈ, ਜਦੋਂ ਵੀਹਵੀਂ ਸਦੀ ਦੀ ਸਭ ਤੋਂ ਅਹਿਮ ਘਟਨਾ ਵਾਪਰੀ ਸੀ।" ਕਿਸੇ ਦੇ ਖ਼ਿਆਲ ਕਿਸੇ ਤਰ੍ਹਾਂ ਦੇ ਵੀ ਹੋਣ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਰੂਸੀ ਕ੍ਰਾਂਤੀ ਵੀਹਵੀਂ ਸਦੀ ਦੀ ਸਭ ਤੋਂ ਅਹਿਮ ਘਟਨਾ ਸੀ। ਰਾਜਿਆਂ ਦੇ ਰਾਜ ਬਦਲਦੇ ਰਹੇ, ਇਕ ਮੁਲਕ ਦਾ ਦੂਜੇ ਉਪਰ ਕਬਜ਼ਾ ਹੁੰਦਾ ਰਿਹਾ, ਇਕ ਵੰਸ਼ ਖ਼ਤਮ ਹੋ ਗਿਆ ਤੇ ਦੂਜਾ ਸ਼ੁਰੂ ਵੀ ਹੁੰਦਾ ਰਿਹਾ, ਪਰ ਇਸ ਤਰ੍ਹਾਂ ਇਕੋ ਦਿਨ ਸਿਆਸੀ, ਆਰਥਿਕ ਅਤੇ ਸਮਾਜੀ ਰਾਜ ਪ੍ਰਬੰਧ ਦਾ ਬਦਲ ਜਾਣਾ ਸਮੁੱਚੇ ਸੰਸਾਰ ਲਈ ਵਿਲੱਖਣ ਘਟਨਾ ਸੀ।

ਇਹ ਗੱਲ ਵੱਖਰੀ ਹੈ ਕਿ ਵੀਹਵੀਂ ਸਦੀ ਦੀ ਦੂਸਰੀ ਸਭ ਤੋਂ ਅਹਿਮ ਘਟਨਾ ਵਾਪਰਨ ਦੇ ਵਕਤ ਜਵਾਹਰਲਾਲ ਨਹਿਰੂ ਤੇ ਇੰਦਰਾ ਗਾਂਧੀ, ਦੋਵੇਂ ਇਸ ਸੰਸਾਰ ਵਿਚ ਨਹੀਂ ਰਹੇ। ਇਹ ਘਟਨਾ ਬੇਸ਼ੱਕ, ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਇਸ ਦੇ ਇਤਿਹਾਸ ਵਿਚ ਜਾਣ ਦੀ ਸੀ। ਸੋਵੀਅਤ ਕ੍ਰਾਂਤੀ ਵੇਲੇ ਅਮਰੀਕਾ ਦੇ ਪੱਤਰਕਾਰ ਜੌਹਨ ਰੀਡ ਨੇ ਕਿਤਾਬ ਲਿਖੀ ਸੀ- 'ਦਸ ਦਿਨ ਜਿਨ੍ਹਾਂ ਦੁਨੀਆ ਹਿਲਾ ਦਿੱਤੀ' ਅਤੇ 1990 ਵਿਚ ਗੋਰਬਾਚੋਵ ਨੂੰ ਨਜ਼ਰਬੰਦ ਕੀਤੇ ਜਾਣ ਵਿਰੁੱਧ ਮਾਸਕੋ ਵਿਚ ਹੋਏ ਜਨ ਅੰਦੋਲਨ ਬਾਰੇ ਇਕ ਰੂਸੀ ਪੱਤਰਕਾਰ ਨੇ ਲਿਖਿਆ ਸੀ- 'ਤਿੰਨ ਦਿਨ ਜਦੋਂ ਦੁਨੀਆ ਹਿੱਲ ਗਈ'। ਇਹ ਦੋਵੇਂ ਲੇਖਕ ਸੱਚੇ ਹਨ। ਦੁਨੀਆ ਇਕ ਸਦੀ ਵਿਚ ਦੋ ਵਾਰ ਹਿੱਲੀ।

2017 ਤੋਂ ਪਹਿਲਾਂ ਯੂਰਪ ਦੀਆਂ ਹੋਰ ਸਲਤਨਤਾਂ ਵਾਂਗ ਰੂਸ ਵੀ ਸਾਮਰਾਜੀ ਮੁਲਕ ਸੀ। ਪੱਛਮੀ ਯੂਰਪ ਦੀਆਂ ਤਾਕਤਾਂ ਤਾਂ ਸਮੁੰਦਰੀ ਪਾਣੀਆਂ ਦੇ ਜ਼ਰੀਏ ਦੱਖਣੀ ਏਸ਼ੀਆ ਦੇ ਗਰਮ ਮੁਲਕਾਂ ਵੱਲ ਵਧੀਆਂ ਤਾਂ ਜੋ ਉਥੋਂ ਦੀ ਕਾਲੀ ਮਿਰਚ, ਗਰਮ ਮਸਾਲੇ ਅਤੇ ਕਪਾਹ ਵਰਗੀਆਂ ਦੌਲਤਾਂ 'ਤੇ ਕਬਜ਼ਾ ਕੀਤਾ ਜਾਵੇ। ਰੂਸੀ ਸਾਮਰਾਜ ਆਪਣੀ ਸੀਮਾ ਨਾਲ ਲੱਗਦੇ ਏਸ਼ੀਅਨ ਮੁਲਕਾਂ ਤੇ ਕੁਝ ਪਛੜੇ ਯੂਰਪੀ ਮੁਲਕਾਂ ਵੱਲ ਹੀ ਵਧਿਆ। ਠੰਢੇ ਮੁਲਕ ਹੋਣ ਕਰ ਕੇ ਯੂਰਪ ਦੀਆਂ ਤਾਕਤਾਂ ਨੇ ਇਧਰ ਕੋਈ ਖਾਸ ਦਿਲਚਸਪੀ ਨਾ ਦਿਖਾਈ। ਪੂਰਬ ਵਾਲੇ ਪਾਸੇ ਰੂਸ ਨੇ ਆਪਣੇ ਮੁਲਕ ਦਾ ਨਕਸ਼ਾ ਵੀ ਬਹੁਤ ਵੱਡਾ ਕਰ ਕੇ ਉਤਰੀ ਧਰੁਵ ਦਾ ਸਾਰਾ ਟੁੰਡਰਾ ਤੇ ਧੁਰ ਪੂਰਬ ਵੱਲੋਂ ਅਮਰੀਕਾ ਦੇ ਅਲਾਸਕਾ ਤਕ ਆਪਣੀ ਸਰਹੱਦ ਦੀ ਸੀਮਾ ਖਿੱਚ ਲਈ।

ਅਠਾਰਵੀਂ ਸਦੀ ਦੀ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਯੂਰਪ ਵਿਚ ਪੂੰਜੀਵਾਦ ਦਾ ਆਗਾਜ਼ ਹੋਇਆ ਜੋ ਅਗਲੀ ਸਦੀ ਦੇ ਅੱਧ ਤਕ ਕਾਫ਼ੀ ਫੈਲ ਗਿਆ ਤੇ ਰੂਸ ਦੇ ਯੂਰਪੀ ਇਲਾਕੇ ਵਿਚ ਵੀ ਪਹੁੰਚ ਗਿਆ। ਪਹਿਲਾਂ ਤਾਂ ਰੂਸ ਹੀ ਦੋ ਮਹਾਂਦੀਪਾਂ ਵਿਚ ਫੈਲਿਆ ਦੁਨੀਆ ਦਾ ਸਭ ਤੋਂ ਵੱਡਾ ਮੁਲਕ ਸੀ ਤੇ ਮੱਧ ਏਸ਼ੀਆ ਦੇ ਵੱਡੇ ਮੁਲਕ ਰਲਾ ਕੇ ਖੇਤਰਫਲ ਦੇ ਲਿਹਾਜ਼ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਸਾਮਰਾਜ ਸੀ, ਪਰ ਆਰਥਿਕ ਪੱਖੋਂ ਪੂੰਜੀਵਾਦ ਸੰਸਾਰ ਦਾ ਇਹ ਸਭ ਤੋਂ ਪੱਛੜਿਆ ਹੋਇਆ ਮੁਲਕ ਸੀ। ਇਸੇ ਕਰ ਕੇ ਪੱਛਮੀ ਯੂਰਪ ਤੋਂ ਵਿਕਸਤ ਹੋਏ ਕਮਿਊਨਿਜ਼ਮ ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦਿਆਂ ਲੈਨਿਨ ਦੀ ਅਗਵਾਈ ਵਿਚ ਸਮਾਜਵਾਦੀ ਕ੍ਰਾਂਤੀ ਇਥੇ ਹੀ ਆਈ ਤੇ ਇਸ ਨੂੰ ਮਜ਼ਦੂਰਾਂ ਕਿਸਾਨਾਂ ਦਾ ਰਾਜ ਐਲਾਨਿਆ ਗਿਆ।

ਰੂਸ ਦੇ ਅਧੀਨ ਰਿਆਸਤਾਂ ਦੇ ਲੋਕਾਂ ਨੇ ਰੂਸੀਆਂ ਦੇ ਨਾਲ ਹੀ ਮਿਲ ਕੇ ਜ਼ਾਰ ਦੀ ਹਕੂਮਤ ਵਿਰੁੱਧ ਲੜਾਈ ਲੜੀ ਸੀ। ਇਸ ਕਰ ਕੇ ਉਨ੍ਹਾਂ ਨੂੰ ਵੀ ਨਾਲ ਰਲਾ ਕੇ ਸਾਂਝਾ ਮੁਲਕ ਬਣਾਇਆ ਜਿਸ ਦਾ ਨਾਂ 'ਸੋਵੀਅਤ ਸਮਾਜਵਾਦੀ ਰਿਪਬਲਿਕਾਂ ਦੀ ਯੂਨੀਅਨ' (ਯੂ.ਐਸ.ਐਸ.ਆਰ.) ਰੱਖਿਆ ਜਿਸ ਦਾ ਛੋਟਾ ਨਾਂ 'ਸੋਵੀਅਤ ਯੂਨੀਅਨ' ਪ੍ਰਸਿੱਧ ਹੋ ਗਿਆ। ਸਮਾਜਵਾਦੀ ਦਾ ਮਤਲਬ ਹੀ ਨਿੱਜੀ ਜਾਇਦਾਦਾਂ ਤੇ ਕਾਰੋਬਾਰਾਂ ਦਾ ਸਮਾਜੀਕਰਨ ਸੀ; ਭਾਵ ਪੈਦਾਵਾਰ ਦੇ ਸਭ ਸਾਧਨਾਂ ਦੀ ਸਮਾਜੀ ਮਲਕੀਅਤ। ਇਹ ਬਹੁਤ ਔਖਾ ਕੰਮ ਸੀ। ਨਵੀਂ ਸਮਾਜਵਾਦੀ ਸਰਕਾਰ ਨੇ ਪਹਿਲਾਂ ਜਗੀਰਦਾਰਾਂ ਦੀਆਂ ਜ਼ਮੀਨਾਂ ਹਲਵਾਹਕਾਂ ਨੂੰ ਅਤੇ ਫਿਰ ਉਨ੍ਹਾਂ ਦੇ ਸਾਂਝੇ ਫਾਰਮ, ਕੁਝ ਮਨਾ ਕੇ ਤੇ ਕੁਝ ਸਖ਼ਤੀ ਨਾਲ ਲਾਗੂ ਕੀਤੇ। ਕਾਰਖਾਨੇ ਤੇ ਕਾਰੋਬਾਰ ਸਰਕਾਰੀ ਕੰਟਰੋਲ ਵਿਚ ਲਿਆਂਦੇ। ਇਸ ਕੰਮ ਦੌਰਾਨ ਤਸ਼ੱਦਦ ਵੀ ਹੋਏ। ਬਾਹਰੋਂ ਵੀ ਤੇ ਅੰਦਰੋਂ ਵੀ ਹਥਿਆਰਬੰਦ ਦਾਖਲ ਹੋਏ, ਪਰ ਇਹ ਸਭ ਕੁਝ ਕਰ ਲਿਆ। ਇਸ ਦਾ ਨਤੀਜਾ ਬਹੁਤ ਵੱਡੀ ਆਰਥਿਕ ਤਰੱਕੀ ਤੇ ਉਸਾਰੀ ਵਿਚ ਨਿਕਲਿਆ।



*ਮਾਸਕੋ ਵਿਚ ਲੋਕਾਂ ਨੂੰ ਸੰਬੋਧਨ ਕਰ ਰਿਹਾ ਰੂਸੀ ਇਨਕਲਾਬ ਦਾ ਪਿਤਾਮਾ ਲੈਨਿਨ।*

ਇਸ ਦਾ ਵੱਡਾ ਹਿੱਸਾ ਭਾਵੇਂ ਫ਼ੌਜੀ ਸਾਜ਼ੋ-ਸਾਮਾਨ ਦੀ ਤਿਆਰੀ ਵਿਚ ਸ਼ੁਰੂ ਤੋਂ ਹੀ ਖ਼ਰਚ ਹੁੰਦਾ ਹੈ, ਪਰ ਇਸ ਦੇ ਬਾਵਜੂਦ ਯੂਰਪ ਦਾ ਸਭ ਤੋਂ ਪੱਛੜਿਆ ਹੋਇਆ ਮੁਲਕ ਵੱਡੀ ਤਾਕਤ ਬਣ ਗਿਆ। ਉਧਰ ਯੂਰਪ ਵਿਚ ਹਿਟਲਰ ਦੀ ਨਾਜ਼ੀ ਜਮਾਤ ਅਤੇ ਫਾਸਿਸ਼ਟ ਤਾਕਤਾਂ ਪੈਰ ਜਮਾਂ ਰਹੀਆਂ ਸਨ। ਸੋਵੀਅਤ ਯੂਨੀਅਨ ਦੀ ਫ਼ੌਜੀ ਤਾਕਤ ਹਿਟਲਰ ਦੇ ਬਰਾਬਰ ਦੀ ਨਹੀਂ ਸੀ। ਲੜਾਈ ਟਾਲਣ ਦੀ ਬਹੁਤ ਕੋਸ਼ਿਸ਼ ਕੀਤੀ ਗਈ, ਪਰ ਅਖੀਰ ਪੱਛਮੀ ਤਾਕਤਾਂ ਨੇ ਹਿਟਲਰ ਦਾ ਮੂੰਹ ਪੂਰਬ ਵੱਲ ਸੋਵੀਅਤ ਯੂਨੀਅਨ ਵੱਲ ਮੋੜ ਦਿੱਤਾ।

ਹਿਟਲਰ ਦੀਆਂ ਫ਼ੌਜਾਂ ਨੇ ਰੂਸ ਦੇ ਯੂਰਪੀ ਇਲਾਕੇ ਦੇ ਬਹੁਤ ਸ਼ਹਿਰਾਂ 'ਤੇ ਕਬਜ਼ਾ ਕੀਤਾ ਜਾਂ ਘੇਰਾ ਪਾਇਆ ਅਤੇ ਮਾਸਕੋ ਤੋਂ 40 ਕਿਲੋਮੀਟਰ ਪਹੁੰਚ ਗਏ। ਇਸ ਵਕਤ ਅੰਗਰੇਜ਼ਾਂ ਨੂੰ ਇਥੋਂ ਤਕ ਖਤਰਾ ਹੋ ਗਿਆ ਕਿ ਇਹ ਛੇਤੀ ਹੀ ਸਾਰੇ ਸੋਵੀਅਤ ਯੂਨੀਅਨ ਨੂੰ ਹੜੱਪ ਲਵੇਗਾ ਤੇ ਫਿਰ ਅਫ਼ਗਾਨਿਸਤਾਨ ਰਾਹੀਂ ਭਾਰਤ ਉਪਰ ਹਮਲਾ ਕਰ ਸਕਦਾ ਹੈ। ਉਨ੍ਹਾਂ ਦੱਰਾ ਖ਼ੈਬਰ ਦੇ ਉਰਲੇ ਪਾਸੇ ਟੈਂਕ ਰੋਕਣ ਦੀਆਂ ਖਾਈਆਂ ਤੇ ਕੰਕਰੀਟ ਰੋਕਾਂ ਉਸਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਪਿਸ਼ਾਵਰ ਤੋਂ ਦੱਰਾ ਖ਼ੈਬਰ ਤਕ ਰੇਲਵੇ ਲਾਈਨ ਵੀ ਵਿਛਾਈ, ਪਰ ਹਿਟਲਰ ਦੀਆਂ ਫ਼ੌਜਾਂ ਵੋਲਗਾ ਨਹੀਂ ਪਾਰ ਕਰ ਸਕੀਆਂ ਤੇ ਸੋਵੀਅਤ ਫ਼ੌਜਾਂ ਨੇ ਉਸ ਦਾ ਮੂੰਹ ਮੋੜ ਕੇ ਪਿੱਛਾ ਕਰਦਿਆਂ ਆਖ਼ਿਰ ਬਰਲਿਨ ਵਿਚ ਉਸ ਦੇ ਮੁੱਖ ਦਫ਼ਤਰ ਉਪਰ ਆਪਣਾ ਲਾਲ ਝੰਡਾ ਲਹਿਰਾ ਦਿੱਤਾ।

ਦੂਜੀ ਵੱਡੀ ਲੜਾਈ ਤੋਂ ਬਾਅਦ ਕਈ ਹੋਰ ਮੁਲਕ ਜੋ ਸੋਵੀਅਤ ਫ਼ੌਜਾਂ ਨੇ ਜਰਮਨਾਂ ਤੋਂ ਆਜ਼ਾਦ ਕਰਵਾਏ ਸਨ ਤੇ ਖੁਦ ਜਰਮਨੀ ਦਾ ਵੀ ਅੱਧਾ ਹਿੱਸਾ ਸਮਾਜਵਾਦੀ ਪ੍ਰਬੰਧ ਹੇਠ ਆ ਗਿਆ। ਚੀਨ, ਕੋਰੀਆ ਤੇ ਮੰਗੋਲੀਆ ਵੀ ਸਮਾਜਵਾਦੀ ਮੁਲਕ ਬਣੇ। ਇਉਂ ਦੁਨੀਆ 'ਚ ਸਮਾਜਵਾਦੀ ਬਲਾਕ ਬਣ ਗਿਆ। ਦੁਨੀਆ ਦੋ ਹਿੱਸਿਆਂ 'ਚ ਵੰਡੀ ਗਈ। ਇਸ ਪਾਸੇ ਤਾਂ ਇਸ ਤਕਸੀਮ ਨੂੰ ਸਮਾਜਵਾਦੀ ਤੇ ਪੂੰਜੀਵਾਦੀ ਮੁਲਕਾਂ ਦੀ ਤਕਸੀਮ ਕਿਹਾ ਜਾਂਦਾ ਰਿਹਾ, ਪਰ ਦੂਜੇ ਪਾਸੇ ਕਮਿਊਨਿਸਟ ਤੇ ਲੋਕਰਾਜੀ ਮੁਲਕਾਂ ਦੀ ਤਕਸੀਮ ਕਿਹਾ ਜਾਣ ਲੱਗਾ।

ਅਗਲੇ ਸਮਿਆਂ ਵਿਚ ਪੱਛਮੀ ਯੂਰਪ ਤੇ ਦੁਨੀਆ ਦੇ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚ ਵੀ ਲੋਕਰਾਜੀ ਦਸਤੂਰ ਵਿਕਸਤ ਹੋਣ ਲੱਗੇ। ਉਧਰ ਸਮਾਜਵਾਦੀ ਮੁਲਕਾਂ ਵਿਚ ਵੱਡੀ ਆਰਥਿਕ ਤਰੱਕੀ, ਉਸਾਰੀ ਤੇ ਲੋਕਾਂ ਦੇ ਰਹਿਣ ਸਹਿਣ ਵਿਚ ਵੀ ਵੱਡੀ ਬਿਹਤਰੀ, ਤਾਲੀਮ, ਰੁਜ਼ਗਾਰ, ਸਿਹਤ ਤੇ ਨਿਵਾਸ ਦੀਆਂ ਵੱਡੀਆਂ ਸਹੂਲਤਾਂ ਦੇ ਬਾਵਜੂਦ ਲੋਕ ਰਾਜ ਦੀ ਕਮੀ ਬਹੁਤ ਰੜਕਦੀ ਰਹੀ। ਹੌਲੀ-ਹੌਲੀ ਸਮਾਜਵਾਦੀ ਰਾਜਾਂ ਦੇ ਪ੍ਰਬੰਧਕਾਂ ਨੇ ਵੀ ਮਹਿਸੂਸ ਕੀਤਾ ਕਿ ਤਾਨਾਸ਼ਾਹੀ ਰੁਝਾਨ ਆਰਥਿਕ ਤਰੱਕੀ ਦੇ ਰਸਤੇ ਵਿਚ ਵੀ ਰੁਕਾਵਟਾਂ ਬਣ ਰਹੇ ਹਨ।

ਸਮਾਜਵਾਦੀ ਦੇਸ਼ਾਂ ਦੇ ਵਿਰੋਧ ਵਿਚ ਪੂੰਜੀਵਾਦੀ ਦੇਸ਼ ਤੇ ਉਨ੍ਹਾਂ ਦਾ ਲੀਡਰ ਅਮਰੀਕਾ ਖੜ੍ਹਾ ਰਿਹਾ। ਅਮਰੀਕਾ ਅਤੇ ਸੋਵੀਅਤ ਯੂਨੀਅਨ ਦੋ ਸੁਪਰ ਪਾਵਰ ਬਣ ਗਏ। ਦੁਨੀਆ ਦੇ ਹਰ ਖਿੱਤੇ ਵਿਚ ਇਨ੍ਹਾਂ ਦਾ ਆਪਸੀ ਅਸਰ ਰਸੂਖ਼ ਦਾ ਮੁਕਾਬਲਾ ਸੀ। ਪੱਛਮੀ ਯੂਰਪ ਦਾ ਲੋਕਰਾਜ ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਣ ਲੱਗਾ। ਲੋਕਰਾਜ ਦੀ ਸ਼ਕਤੀ ਨੇ ਪੂੰਜੀਵਾਦ ਦੇ ਲੋਟੂ ਪੱਖ ਨੂੰ ਆਰਥਿਕ ਉਸਾਰੀ ਤੇ ਲੋਕਾਂ ਵਾਸਤੇ ਵੱਧ ਸਹੂਲਤਾਂ ਵੱਲ ਮੋੜਿਆ। ਸਾਡੇ ਮੁਲਕ ਵਿਚ ਵੀ ਇਸ ਨੇ ਪੱਛਮੀ ਯੂਰਪ ਦੇ ਲੋਕਾਂ ਨੂੰ ਵੱਡੀਆਂ ਰਾਹਤਾਂ ਦਵਾਈਆਂ। ਸਮਾਜਵਾਦੀ ਦੇਸ਼ਾਂ ਵਿਚ ਇਸ ਦੀ ਅਣਹੋਂਦ ਸੀ ਤੇ ਪੂਰਬੀ ਯੂਰਪ ਦੇ ਸਮਾਜਵਾਦੀ ਦੇਸ਼ਾਂ ਵਿਚ ਇਹ ਭਾਵਨਾ ਪ੍ਰਬਲ ਹੋਈ ਕਿ ਉਹ ਤਾਂ ਸੋਵੀਅਤ ਫ਼ੌਜਾਂ ਕਰ ਕੇ ਹੀ ਸਮਾਜਵਾਦੀ, ਭਾਵ ਗ਼ੈਰ ਲੋਕਰਾਜੀ ਮੁਲਕ ਹਨ ਤੇ ਇਕ ਤਰ੍ਹਾਂ ਨਾਲ ਸੋਵੀਅਤ ਦੇ ਗ਼ੁਲਾਮ। ਸੋਵੀਅਤ ਯੂਨੀਅਨ ਦੇ ਅੰਦਰ ਗੋਰਬਾਚੋਵ ਨੇ ਸਮਾਜਵਾਦੀ ਪ੍ਰਬੰਧ ਨੂੰ ਲੋਕਰਾਜੀ ਲੀਹਾਂ ਉਪਰ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਤੇ ਅਖੀਰ ਸੋਵੀਅਤ ਯੂਨੀਅਨ ਹੀ ਇਤਿਹਾਸ ਵਿਚ ਚਲਾ ਗਿਆ। ਮਾਸਕੋ ਹੁਣ ਸਿਰਫ਼ ਰੂਸ ਦੀ ਰਾਜਧਾਨੀ ਹੈ, ਸੋਵੀਅਤ ਯੂਨੀਅਨ ਦੀ ਨਹੀਂ। ਪਹਿਲਾਂ ਸੋਵੀਅਤ ਯੂਨੀਅਨ ਬਣਨ ਬਾਰੇ ਦੁਨੀਆਂ ਵਿਚ ਬਹੁਤ ਕੁਝ ਲਿਖਿਆ ਗਿਆ ਸੀ। ਫਿਰ ਇਸ ਦੇ ਟੁੱਟਣ ਬਾਰੇ ਵੀ ਬਹੁਤ ਕੁਝ ਲਿਖਿਆ ਗਿਆ। ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਦੇ ਕਾਰਨਾਂ ਦੀਆਂ ਬਹੁਤ ਖੋਜਾਂ ਹੋਈਆਂ ਹਨ ਤੇ ਸ਼ਾਇਦ ਇਸ ਸਾਲ ਵੀ ਹੋਣਗੀਆਂ। ਕਿਸੇ ਨੇ ਛੋਟੀ ਜਿਹੀ ਗੱਲ ਲਿਖੀ ਸੀ ਕਿ ਜੇ ਸੋਵੀਅਤ ਯੂਨੀਅਨ ਵਿਚ ਵੀ ਬਹੁ-ਪਾਰਟੀ ਸਿਸਟਮ ਹੁੰਦਾ ਤੇ ਪੂੰਜੀਵਾਦ ਦਾ ਪ੍ਰਚਾਰ ਕਰਨ ਵਾਲੀ ਪਾਰਟੀ ਨੂੰ ਚੋਣ ਲੜਨ ਦੀ ਖੁੱਲ੍ਹ ਹੁੰਦੀ ਤਾਂ ਅੱਜ ਉਥੇ ਉਸ ਪਾਰਟੀ ਦੀ ਹੈਸੀਅਤ ਉਨੀ ਕੁ ਹੀ ਹੋਣੀ ਸੀ ਜਿੰਨੀ ਅਮਰੀਕਾ ਵਿਚ ਕਮਿਊਨਿਸਟ ਪਾਰਟੀ ਦੀ ਹੈ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਉਥੇ ਇਕ ਪੀੜ੍ਹੀ ਜਵਾਨ ਵੀ ਹੋ ਚੁੱਕੀ ਹੈ, ਪਰ ਅਜੇ ਵੀ ਜਗ੍ਹਾ-ਜਗ੍ਹਾ ਦਾਤੀ ਹਥੌੜੇ ਦੇ ਨਿਸ਼ਾਨ ਦਿਸਦੇ ਹਨ।

ਰੂਸ ਵਿਚ ਦੁਬਾਰਾ ਸਮਾਜਵਾਦੀ ਕ੍ਰਾਂਤੀ ਆਵੇਗੀ ਕਿ ਨਹੀਂ, ਇਹ ਸਵਾਲ ਰੂਸ ਸਮੇਤ ਸਮੁੱਚੀ ਦੁਨੀਆ ਵਿਚ ਉਠਦਾ ਰਿਹਾ ਹੈ, ਇਸ ਦਾ ਹਾਂ ਜਾਂ ਨਾਂਹ ਵਿਚ ਕੋਈ ਜਵਾਬ ਨਹੀਂ, ਪਰ ਇਸ ਸਾਲ ਇਸ ਮੁੱਦੇ ਉਪਰ ਦੁਬਾਰਾ ਬਹਿਸ ਚੱਲਣ ਦੀ ਉਮੀਦ ਹੈ।

# ਜ਼ਰਦਾਰੀ ਦੀ ਵਾਪਸੀ ਅਤੇ ਪਾਕਿਸਤਾਨੀ ਸਿਆਸਤ

ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਕੋ-ਚੇਅਰਮੈਨ ਆਸਿਫ਼ ਅਲੀ ਜ਼ਰਦਾਰੀ ਵੱਲੋਂ 18 ਮਹੀਨਿਆਂ ਦੀ ਸਵੈ-ਜਲਾਵਤਨੀ ਤੋਂ ਬਾਅਦ ਕੀਤੀ ਘਰ ਵਾਪਸੀ ਤੋਂ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਖੁਸ਼ੀ ਅਤੇ ਰਾਹਤ ਮਹਿਸੂਸ ਕਰ ਰਹੇ ਹਨ, ਪਰ ਨਾਲ ਹੀ ਉਨ੍ਹਾਂ ਸਲਾਹ ਵੀ ਦਿੱਤੀ ਹੈ ਕਿ ਜ਼ਰਦਾਰੀ ਨੂੰ ਪੀ.ਪੀ.ਪੀ. ਦਾ ਕੰਮਕਾਜ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ

**ਆਰਿਫ ਨਿਜ਼ਾਮੀ**

ਹੈ। ਸ਼ਰੀਫ਼ ਦੀ ਇਹ ਸਲਾਹ ਅਟਪਟੀ ਹੀ ਹੈ। ਆਪਣੀ ਪਾਰਟੀ ਨੂੰ ਕਿਵੇਂ ਚਲਾਉਣਾ ਹੈ, ਇਸ ਬਾਰੇ ਸੋਚਣਾ ਜ਼ਰਦਾਰੀ ਦਾ ਕੰਮ ਹੈ, ਕਿਸੇ ਹੋਰ ਦਾ ਨਹੀਂ। ਇਹ ਤਾਂ ਉਹੀ ਗੱਲ ਹੈ ਜਿਵੇਂ ਜ਼ਰਦਾਰੀ ਜਾਂ ਬਿਲਾਵਲ ਕੱਲ੍ਹ ਨੂੰ ਸ਼ਰੀਫ਼ ਨੂੰ ਕਹਿਣ ਕਿ ਉਨ੍ਹਾਂ ਨੂੰ ਸ਼ਹਿਬਾਜ਼ ਸ਼ਰੀਫ਼ ਜਾਂ ਚੌਧਰੀ ਨਿਸਾਲ ਅਲੀ ਖਾਨ ਨੂੰ ਇਸ ਕਰ ਕੇ ਪਾਰਟੀ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ ਕਿ ਉਹ ਪੀ.ਪੀ.ਪੀ. ਪ੍ਰਤੀ ਸਖ਼ਤ ਰੁਖ਼ ਅਪਣਾਉਂਦੇ ਹਨ।

ਆਪਣੇ ਹੁਣ ਤੱਕ ਦੇ ਛੋਟੇ ਜਿਹੇ ਸਿਆਸੀ ਕਾਰਜਕਾਲ ਦੌਰਾਨ ਬਿਲਾਵਲ ਭੁੱਟੋ ਸ਼ਰੀਫ਼ ਭਰਾਵਾਂ ਦੇ ਤਿੱਖੇ ਆਲੋਚਕ ਵਜੋਂ ਉਭਰੇ ਹਨ। ਕੂਟਨੀਤੀ ਅਤੇ ਸਮਝੌਤਾਵਾਦੀ ਸ਼ੈਲੀ ਅਪਣਾਉਣ ਵਾਲੇ ਆਪਣੇ ਪਿਤਾ ਤੋਂ ਉਲਟ ਬਿਲਾਵਲ ਆਪਣੇ ਸ਼ਬਦਾਂ ਵਿਚ ਕਦੇ ਕੋਈ ਝਿਜਕ ਨਹੀਂ ਵਰਤਦੇ। ਸ਼ਾਇਦ ਅਜਿਹੀ ਪਹੁੰਚ ਰਣਨੀਤੀ ਦਾ ਹੀ ਹਿੱਸਾ ਹੈ। ਨਵਾਜ਼ ਸ਼ਰੀਫ਼ ਕਦੇ ਖ਼ੁਦ ਆਪਣੇ ਵਿਰੋਧੀਆਂ 'ਤੇ ਸ਼ਬਦੀ ਹਮਲੇ ਨਹੀਂ ਕਰਦੇ, ਉਨ੍ਹਾਂ ਦੇ ਗ੍ਰਹਿ ਮੰਤਰੀ ਅਤੇ ਹੋਰ ਆਗੂ ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਸੰਭਾਲਦੇ ਹਨ। ਇਸੇ ਤਰ੍ਹਾਂ ਜ਼ਰਦਾਰੀ ਨੇ ਸਖ਼ਤ ਬਿਆਨੀ ਦਾ ਕੰਮ ਬਿਲਾਵਲ 'ਤੇ ਛੱਡਿਆ ਹੋਇਆ ਹੈ ਜੋ ਆਪਣੀ ਮਰਹੂਮ ਮਾਂ ਅਤੇ ਨਾਨੇ ਵਾਂਗ ਸਿੱਧੀ ਅਤੇ ਸਪਸ਼ਟ ਗੱਲ ਕਰਦੇ ਹਨ।

ਸ਼ਰੀਫ਼ ਭਰਾਵਾਂ ਨਾਲ ਆਪਣੇ ਰਿਸ਼ਤਿਆਂ ਤੋਂ ਇਲਾਵਾ ਜ਼ਰਦਾਰੀ ਸਾਹਮਣੇ ਆਪਣੀ ਪਾਰਟੀ ਦੇ ਕੰਮਕਾਜ ਨਾਲ ਸਬੰਧਤ ਹੋਰ ਵੱਡੇ ਮੁੱਦੇ ਵੀ ਹਨ। ਚੋਣਾਂ ਦਾ ਸਾਲ ਸਿਰ 'ਤੇ ਹੈ। ਲਾਹੌਰ ਵਿਚ ਆਪਣੀ ਲੰਮੀ ਠਹਿਰ ਦੌਰਾਨ ਬਿਲਾਵਲ ਵੱਲੋਂ ਸਿਰਜੇ ਉਤਸ਼ਾਹ ਦੇ ਬਾਵਜੂਦ ਪੰਜਾਬ ਵਿਚ ਪੀਪਲਜ਼ ਪਾਰਟੀ ਡਾਵਾਂਡੋਲ ਹੈ। ਪਾਕਿਸਤਾਨ ਦਾ ਇਹ ਸਭ ਤੋਂ ਵੱਡਾ ਸੂਬਾ ਤਾਜ ਵਿਚ ਜੜੇ ਜਾਣ ਵਾਲੇ ਨਗ ਦੀ ਅਹਿਮੀਅਤ ਰੱਖਦਾ ਹੈ। ਸੰਘੀ ਪੱਧਰ 'ਤੇ ਰਾਜ ਕਰਨ ਦੀ ਚਾਹਵਾਨ ਕਿਸੇ ਵੀ ਪਾਰਟੀ ਨੂੰ ਆਮ ਚੋਣਾਂ ਵਿਚ ਪੰਜਾਬ ਵਿਚ ਵਧੀਆ ਕਾਰਗੁਜ਼ਾਰੀ ਦਿਖਾਉਣੀ ਪਵੇਗੀ। 2008 ਤੋਂ ਸ਼ਹਿਬਾਜ਼ ਸ਼ਰੀਫ਼ ਨੇ ਸਖ਼ਤ ਮਿਹਨਤ, ਸਿਆਸੀ ਚੁਸਤੀ ਅਤੇ ਦ੍ਰਿੜ੍ਹਤਾ ਦੇ ਰਲੇਵੇਂ ਰਾਹੀਂ ਪੰਜਾਬ 'ਤੇ ਮਜ਼ਬੂਤ ਪਕੜ ਬਣਾਈ ਹੋਈ ਹੈ। ਸ਼ਰੀਫ਼ ਭਰਾਵਾਂ ਨੂੰ ਉਨ੍ਹਾਂ ਦੇ ਇਸ ਗੜ੍ਹ ਵਿਚ ਮਾਤ ਦੇਣੀ ਸੌਖੀ ਨਹੀਂ ਹੋਵੇਗੀ। ਉਰੈਂਜ ਟਰੇਨ, ਮੈਟਰੋ, ਹਾਈਵੇਅਜ਼ ਤੇ ਹੋਰ ਸੜਕਾਂ ਦੀ ਉਸਾਰੀ ਅਤੇ ਸਿਰੇ ਚੜ੍ਹਨ ਨੇੜੇ ਪਹੁੰਚੇ ਮੈਗਾ ਪਾਵਰ ਪ੍ਰਾਜੈਕਟਾਂ ਵਰਗੇ ਸ਼ਰੀਫ਼ ਸਰਕਾਰ ਦੇ ਕੰਮਾਂ ਬਾਰੇ ਵਿਰੋਧੀ ਧਿਰ ਭਾਵੇਂ ਪਾਰਦਰਸ਼ਤਾ ਦੀ ਘਾਟ ਦਾ ਰੌਲਾ ਪਾਉਂਦੀ ਹੋਵੇ, ਪਰ ਮੁਸਲਿਮ ਲੀਗ ਨੂੰ ਆਸ ਹੈ ਕਿ ਇਨ੍ਹਾਂ ਕੰਮਾਂ ਦਾ ਉਸ ਨੂੰ ਵੋਟਾਂ ਅਤੇ ਲੋਕ-ਹਮਾਇਤ ਦੇ ਰੂਪ ਵਿਚ ਲਾਹਾ ਮਿਲੇਗਾ।

ਉਂਜ ਵੀ ਹੁਣ ਪੰਜਾਬ ਵਿਚ ਦੋ ਧਿਰੀ ਲੜਾਈ ਨਹੀਂ ਰਹਿ ਗਈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਵੀ ਹੁਣ ਮਜ਼ਬੂਤ ਧਿਰ ਹੈ। 2013 ਦੀਆਂ ਆਮ ਚੋਣਾਂ ਤੋਂ ਬਾਅਦ ਤੋਂ ਇਹ ਪੀ.ਪੀ.ਪੀ. ਨੂੰ ਲਾਂਭੇ ਕਰ ਕੇ ਵੋਟ ਪ੍ਰਾਪਤੀ ਦੇ ਮਾਮਲੇ ਵਿਚ ਮੁਸਲਿਮ ਲੀਗ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਪਾਰਟੀ ਬਣ ਚੁੱਕੀ ਹੈ। ਕੌਮੀ ਅਤੇ ਸੂਬਾਈ ਪੱਧਰ 'ਤੇ ਹੋਈਆਂ ਕਈ ਉਪ ਚੋਣਾਂ ਵਿਚ ਪੀ.ਪੀ.ਪੀ. ਪੰਜਾਬ ਵਿਚ ਤੀਜੇ ਨੰਬਰ 'ਤੇ ਰਹੀ ਹੈ। ਹੁਣ ਆਉਣ ਵਾਲੀਆਂ ਚੋਣਾਂ ਦੀ ਤਿੰਨ ਧਿਰੀ ਲੜਾਈ ਵਿਚ ਪੀ.ਪੀ.ਪੀ. ਨੂੰ ਵਾਕਈ ਸਖ਼ਤ ਮਿਹਨਤ ਕਰਨੀ ਪਵੇਗੀ। ਸਮਾਂ ਵੀ ਉਸ ਦੇ ਹੱਕ ਵਿਚ ਨਹੀਂ ਹੈ। ਉਸ ਦੇ ਵਿਰੋਧੀ ਵੱਡੀ ਲੜਾਈ ਲਈ ਪਹਿਲਾਂ ਹੀ ਤਿਆਰ ਹੋ ਚੁੱਕੇ ਹਨ।

ਆਪਣੀ ਵਾਪਸੀ ਤੋਂ ਬਾਅਦ ਹੁਣ ਜ਼ਰਦਾਰੀ ਵੱਲੋਂ ਸ਼ਰੀਫ਼ਾਂ ਪ੍ਰਤੀ ਪਹਿਲਾਂ ਵਰਗਾ ਨਰਮ ਵਤੀਰਾ ਅਪਣਾਏ ਜਾਣ ਦੀ ਸੰਭਾਵਨਾ ਨਹੀਂ ਹੈ। ਇਮਰਾਨ ਖਾਨ ਦੇ 2014 ਦੇ ਧਰਨੇ ਵੇਲੇ ਸ਼ਰੀਫ਼ ਸਰਕਾਰ ਨੂੰ ਪੀ.ਪੀ.ਪੀ. ਦੇ ਕੋ-ਚੇਅਰਮੈਨ ਨੇ ਹੀ ਸੰਕਟ ਵਿਚੋਂ ਕੱਢਿਆ ਸੀ, ਪਰ ਬਾਅਦ ਵਿਚ ਜ਼ਰਦਾਰੀ ਨੇ ਮਹਿਸੂਸ ਕੀਤਾ ਕਿ ਜਦੋਂ ਜਨਰਲ ਰਾਹੀਲ ਸ਼ਰੀਫ਼ ਦੀ ਅਗਵਾਈ ਹੇਠ ਫ਼ੌਜ ਨੇ ਉਨ੍ਹਾਂ ਦੁਆਲੇ ਸ਼ਿਕੰਜਾ ਕੱਸਿਆ ਤਾਂ ਨਵਾਜ਼ ਸ਼ਰੀਫ਼ ਨੇ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਮੂੰਹ ਦੂਜੇ ਪਾਸੇ ਫੇਰ ਲਿਆ। ਸੁਭਾਵਿਕ ਤੌਰ 'ਤੇ ਜ਼ਰਦਾਰੀ ਨੇ ਉਦੋਂ ਖ਼ੁਦ ਨੂੰ ਇਕੱਲੇ ਮਹਿਸੂਸ ਕੀਤਾ ਸੀ।

ਜਿਥੋਂ ਤੱਕ ਨਵਾਜ਼ ਸ਼ਰੀਫ਼ ਦਾ ਸਬੰਧ ਹੈ, ਭਾਵੇਂ ਤਕਨੀਕੀ ਤੌਰ 'ਤੇ ਤਾਂ ਉਨ੍ਹਾਂ ਦਾ ਕੁਝ ਵਿਗੜ ਸਕਣਾ ਸੰਭਵ ਨਜ਼ਰ ਨਹੀਂ ਆਉਂਦਾ ਪਰ ਸਿਆਸੀ



*ਆਸਿਫ਼ ਅਲੀ ਜ਼ਰਦਾਰੀ*

ਤੌਰ 'ਤੇ ਪਨਾਮਾਗੇਟ ਮਾਮਲੇ ਨੇ ਉਨ੍ਹਾਂ ਦੇ ਅਕਸ ਨੂੰ ਵੱਡੀ ਸੱਟ ਜ਼ਰੂਰ ਮਾਰੀ ਹੈ। ਉਂਜ ਮੁਸਲਿਮ ਲੀਗ (ਨਵਾਜ਼) ਦਾ ਮੰਨਣਾ ਹੈ ਕਿ ਇਸ ਮਾਮਲੇ ਦਾ ਉਸ ਨੂੰ ਵੋਟਾਂ ਪੱਖੋਂ ਕੋਈ ਨੁਕਸਾਨ ਨਹੀਂ ਹੋਵੇਗਾ। ਹਾਂ, ਪਨਾਮਾ ਮਾਮਲੇ ਦੀ ਜਾਂਚ ਨੇ ਵਿਰੋਧੀ ਧਿਰ ਨੂੰ ਇਕੱਠੇ ਹੋਣ ਲਈ ਮੁਹਾਜ਼ ਜ਼ਰੂਰ ਮੁਹੱਈਆ ਕਰਵਾ ਦਿੱਤਾ ਹੈ। ਪਾਕਿਸਤਾਨ ਤਹਿਰੀਕੇ ਇਨਸਾਫ਼ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਵਿਚਕਾਰ ਚੱਲੀ ਲੰਮੀ ਆਪਸੀ ਖਿੱਚੋਤਾਣ ਤੋਂ ਬਾਅਦ ਹੁਣ ਇਕ ਤਰ੍ਹਾਂ ਨਾਲ ਜੰਗਬੰਦੀ ਵਾਲੀ ਸਥਿਤੀ ਹੈ, ਪਰ ਦੂਜੇ ਪਾਸੇ ਨਿਸਾਰ ਅਲੀ ਖਾਨ ਵੱਲੋਂ ਬਿਲਾਵਲ ਉਤੇ ਅਤੇ ਬਿਲਾਵਲ ਵੱਲੋਂ ਨਿਸਾਰ ਅਲੀ ਖਾਨ ਉਤੇ ਤਿੱਖੇ ਸ਼ਬਦੀ ਹਮਲੇ ਜਾਰੀ ਹਨ। ਆਉਣ ਵਾਲੇ ਸਮੇਂ ਵਿਚ ਇਹ ਟਕਰਾਅ ਹੋਰ ਵਧੇਗਾ। ਹੁਣ ਜਦੋਂ ਜ਼ਰਦਾਰੀ 18 ਮਹੀਨਿਆਂ ਬਾਅਦ ਦੇਸ਼ ਪਰਤੇ ਹਨ ਤਾਂ ਇਸ ਸਮੇਂ ਦੌਰਾਨ ਪਾਕਿਸਤਾਨ ਦੀ ਰਾਜਨੀਤੀ ਪਹਿਲਾਂ ਨਾਲੋਂ ਕਾਫੀ ਬਦਲ ਚੁੱਕੀ ਹੈ। ਜਨਰਲ ਰਾਹੀਲ ਸ਼ਰੀਫ਼ ਨੂੰ ਅਹੁਦੇ ਤੋਂ ਲਾਂਭੇ ਕਰਨ ਵਿਚ ਸਫਲ ਰਹਿਣ ਦੇ ਬਾਅਦ ਨਵਾਜ਼ ਸ਼ਰੀਫ਼ ਪਹਿਲਾਂ ਨਾਲੋਂ ਵਧੇਰੇ ਸਵੈ-ਭਰੋਸੇ ਵਿਚ ਹਨ। ਫ਼ੌਜੀ ਲੀਡਰਸ਼ਿਪ ਆਈ.ਐਸ.ਆਈ. ਅਤੇ ਆਈ.ਐਸ.ਪੀ.ਆਰ. ਵੱਲੋਂ ਉਨ੍ਹਾਂ ਖਿਲਾਫ਼ ਵਿੱਢੀ ਗਈ ਮੁਹਿੰਮ ਵੀ ਘੱਟੋ-ਘੱਟ ਹਾਲ ਦੀ ਘੜੀ ਲਈ ਰੁਕ ਹੀ ਚੁੱਕੀ ਹੈ। ਹੁਣ ਆਪਣਾ ਅਸਲੀ ਰੰਗ ਵਿਖਾਉਂਦਿਆਂ ਨਵਾਜ਼ ਸ਼ਰੀਫ਼ ਨੇ ਵੱਖ-ਵੱਖ ਸੰਸਥਾਵਾਂ ਨੂੰ ਬਾਈਪਾਸ ਕਰ ਕੇ ਮਨਮਰਜ਼ੀ ਦੇ ਫ਼ੈਸਲੇ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ। ਨਵਾਜ਼ ਸ਼ਰੀਫ਼ ਦੀ ਅਗਵਾਈ ਹੇਠਲੀ ਸਰਕਾਰੀ ਮਸ਼ੀਨਰੀ ਇਕ ਤਰ੍ਹਾਂ ਨਾਲ ਅਜਿਹੇ ਵਿਸ਼ਾਲ ਰੋਬੋਟ ਦਾ ਰੂਪ ਧਾਰ ਚੁੱਕੀ ਹੈ, ਜੋ ਆਪਣੇ ਲਈ ਅੜਿੱਕਾ ਬਣਨ ਵਾਲੀ ਕਿਸੇ ਵੀ ਸ਼ੈਅ ਨੂੰ ਢਹਿਢੇਰੀ ਕਰ ਦੇਣ ਲਈ ਤਿਆਰ ਹੈ। ਇਹ ਸਾਰਾ ਕੁਝ ਲੋਕਤੰਤਰ ਦੇ ਨਾਂ ਹੇਠ ਹੋ ਰਿਹਾ ਹੈ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ‘ਜਨ-ਹਿਤ’ ਪਟੀਸ਼ਨ ਕਿ ‘ਸ਼ਰਮ-ਹਿਤ’

ਹਾਦਸਾ-ਦਰ-ਹਾਦਸਾ
ਅਪਨਾ ਰਹੇ ਹਾਂ ਦਿਨ-ਬ-ਦਿਨ।
ਸਦਮਿਆਂ ਦੀ ਭੀੜ ਨੂੰ
ਗਲ ਲਾ ਰਹੇ ਹਾਂ ਦਿਨ-ਬ-ਦਿਨ।

ਰਾਜਿੰਦਰ ਪਰਦੇਸੀ ਦੇ ਇਸ ਸ਼ਿਅਰ ਮੁਤਾਬਕ ਸੋਚਾਂ ਦੇ ਸਮੁੰਦਰ ਵਿਚੋਂ ਗੋਤੇ ਲਵਾਉਣ ਵਾਲੀਆਂ ਬੁਰੀਆਂ ਤੋਂ ਬੁਰੀਆਂ ਖਬਰਾਂ ਭਾਵੇਂ ਆਲਿਉਂ-ਦੁਆਲਿਉਂ ਹਰ ਰੋਜ਼ ਹੀ ਆਈ ਜਾਂਦੀਆਂ ਹਨ, ਪਰ ਤਿੰਨ ਦਸੰਬਰ ਵਾਲੇ ਦਿਨ ਬਠਿੰਡਾ ਜ਼ਿਲ੍ਹੇ ਦੇ ਪਿੰਡ ਮੌੜ ਮੰਡੀ ਵਾਲੀ ਉਹ ਮਨਹੂਸ ਖਬਰ ਸ਼ਾਇਦ ਹੀ ਕਿਸੇ ਨੂੰ ਭੁੱਲੀ ਹੋਵੇ ਜਿਸ ਵਿਚ ਵਿਆਹ ਸਮਾਗਮ ਵਿਚ ਵੱਜਦੇ ਗੀਤਾਂ ਉਤੇ ਨੱਚਦੀਆਂ ਡਾਂਸਰ ਕੁੜੀਆਂ ਵਿਚੋਂ ਇਕ ਕੁਲਵਿੰਦਰ ਕੌਰ ਅਚਾਨਕ ਮੌਤ ਦੇ ਮੂੰਹ ਜਾ ਪਈ। ਜਿਵੇਂ ਅਜਿਹੇ ਅਣਕਿਆਸੇ ਕਹਿਰ ਉਪਰੰਤ ਹੁੰਦਾ ਹੀ ਹੈ, ਕੁਝ ਦਿਨ ਇਸ ਦਰਦਨਾਕ ਘਟਨਾ ਬਾਬਤ ਅਖਬਾਰਾਂ ਵਿਚ ਖਬਰਾਂ ਅਤੇ ਕਰੁਣਾਮਈ ਲੇਖ-ਕਵਿਤਾਵਾਂ ਛਪਦੇ ਰਹੇ।

ਫਿਰ ਇਸੇ ਤਰ੍ਹਾਂ ਸੋਸ਼ਲ ਸਾਈਟਾਂ ਉਤੇ ਵੀ ਭਿਆਨਕ ਦ੍ਰਿਸ਼ ਵਾਲੀ ਉਹ ਵੀਡੀਓ ਚਲਦੀ ਰਹੀ... ਦਿਲਾਂ ‘ਤੇ ਹੱਥ ਰੱਖ ਕੇ ਸਭ ਨੇ ਦੇਖਿਆ ਕਿ ਕਿਵੇਂ ਨੱਚ ਰਹੀ ਲੜਕੀ ਦੀ ਪੁੜਪੁੜੀ ਵਿਚ ਗੋਲੀ ਵੱਜੀ... ਕਿਵੇਂ ਥਾਏਂ ਮੁਰਦਾ ਹੋ ਕੇ ਡਿੱਗੀ ਪਈ ਉਤੇ ਰੰਗ-ਬਰੰਗੀਆਂ ਰੌਸ਼ਨੀਆਂ ਦੀਆਂ ਲਿਸ਼ਕੋਰਾਂ ਘੁੰਮ-ਘੁੰਮ ਕੇ ਪਈ ਗਈਆਂ... ਤੇ ਸਟੇਜ ਪਿੱਛੇ ਲੱਗੇ ਪਰਦੇ ਉਪਰ ਦਿਲਜੀਤ ਦੁਸਾਂਝ ਅਧ-ਨੰਗੀਆਂ ਮਾਡਲਾਂ ਨਾਲ ਬੇਹੂਦਾ ਟੱਪ-ਟਪੱਈਆ ਕਰਦਾ ਰਿਹਾ। ਰਾਈਫਲ ਦੇ ਫਾਇਰ ਦੀ ਠਾਹ ਸੁਣ ਕੇ ਲੜਕੀ ਦੇ ਨਾਲ ਦੀਆਂ ਡਾਂਸਰ ਕੁੜੀਆਂ ਦੇ ਹਉਕਿਆਂ ਸਿਸਕੀਆਂ ਤੇ ਫਿਰ ਚੀਕ-ਚਿਹਾੜੇ ਦੌਰਾਨ ਲਾਸ਼ ਬਣ ਚੁੱਕੀ ਕੁੜੀ ਨੂੰ ਕਿੰਜ ਲੱਤਾਂ-ਬਾਹਾਂ ਤੋਂ ਫੜ ਕੇ ਇਕ ਤਰ੍ਹਾਂ ਦਾ ਘੜੀਸ ਕੇ ਸਟੇਜ ਤੋਂ ਹੇਠਾਂ ਲਾਹਿਆ ਗਿਆ, ਇਹ ਹੌਲਨਾਕ ਵੀਡੀਓ ਦੇਖਦਿਆਂ ਸ਼ਾਇਦ ਹੀ ਕਿਸੇ ਦੀਆਂ ਅੱਖਾਂ ਸੁੱਕੀਆਂ ਰਹੀਆਂ ਹੋਣ।

ਬੇ-ਗੁਨਾਹ ਦੇ ਕਤਲ ਦਾ
ਕਿੰਨਾ ਕੁ ਪੈਂਦਾ ਮੁੱਲ ਹੈ,
ਦੋ ਘੜੀ ਸ਼ਰਧਾਂਜਲੀ ਤੇ
ਦੋ ਪਹਿਰ ਹੜਤਾਲ ਹੈ।

ਆਪਣੇ ਦੇਸ਼ ਵਿਚ ਕਿਤੇ ਵੀ ਕਿਸੇ ਨਿਰਦੋਸ਼ ਦਾ ਕਤਲ ਹੋ ਜਾਣ ਉਪਰੰਤ ਵਾਲੇ ਹਾਲਾਤ ਦਾ ਵੇਰਵਾ ਓਮ ਪ੍ਰਕਾਸ਼ ਅਤਰੇ ਦੇ ਇਸ ਸ਼ਿਅਰ ਵਿਚ ਦੱਸ ਹੀ ਦਿੱਤਾ ਗਿਆ ਹੈ, ਪਰ ਹੁਣ ਇਹਦੇ ਵਿਚ ਵਾਧਾ ਫੇਸਬੁੱਕੀ ਚਰਚਾ ਦਾ ਹੋਰ ਜੁੜ ਗਿਆ ਹੈ। ਸੋ, ਬਠਿੰਡਾ-ਕਾਂਡ ਬਾਰੇ ਵੀ ਫੇਸਬੁੱਕ ‘ਤੇ ਅਣਗਿਣਤ ਪੰਜਾਬੀਆਂ ਨੇ ਭੜਾਸ ਕੱਢੀ।... ਕਈ ਕਹਿ ਰਹੇ ਸਨ ਕਿ ਵਿਆਹ ਵਿਚ ਕਿਸੇ ਕੋਲ ਹਥਿਆਰ ਵੇਖਦੇ ਸਾਰ ਉਹ ਉਸ ਵਿਆਹ ਦਾ ‘ਬਾਈਕਾਟ’ ਕਰ ਕੇ ਘਰੇ ਮੁੜ ਆਇਆ ਕਰਨਗੇ। ਕਈਆਂ ਨੇ ਸੁਝਾਅ ਦਿੱਤਾ ਕਿ ਵਿਆਹਾਂ ਦੇ ਸੱਦਾ ਪੱਤਰਾਂ ਉਤੇ ਉਘੜਵੇਂ ਅੱਖਰਾਂ ਵਿਚ ਹਥਿਆਰ ਨਾ ਲਿਜਾਣ ਦੀ ਸਖਤ ਹਦਾਇਤ ਲਿਖਣੀ ਚਾਹੀਦੀ ਹੈ। ਬਹੁਤਿਆਂ ਨੇ ਵਿਆਹ-ਸ਼ਾਦੀਆਂ ਮੌਕੇ ਕੁੜੀਆਂ ਦੇ ਡਾਂਸ ਕਰਾਉਣ ਨੂੰ ਕੰਜਰਪੁਣਾ ਕਹਿੰਦਿਆਂ ਇਸ ਭੈੜੇ ਰਿਵਾਜ ਨੂੰ ਤੁਰਤ ਬੰਦ ਕਰਨ ‘ਤੇ ਜ਼ੋਰ ਦਿੱਤਾ... ਕੁਝ ਪਰਵਾਸੀ ਵੀਰਾਂ ਨੇ ਕਥਿਤ ਕਲਾਕਾਰਾਂ ਨੂੰ ਵਿਦੇਸ਼ਾਂ ਵਿਚ ਨਾ ਬੁਲਾਉਣ ਦੀਆਂ ਅਪੀਲਾਂ ਕੀਤੀਆਂ... ਕੁਝ ਵੀਰਾਂ ਨੇ ‘ਪੋਸਟਾਂ’ ਪਾਈਆਂ ਕਿ ਅਸੀਂ ਆਪਣੇ ਵਿਆਹਾਂ ਵਿਚ ਖਰੂਦੀ ਟੱਪ-ਟਪੱਈਏ ਤੋਂ ਪਰਹੇਜ਼ ਕਰਾਂਗੇ। ਕੋਈ ਮੈਰਿਜ ਪੈਲੇਸਾਂ ਦੇ ਪ੍ਰਬੰਧਕਾਂ ਦੀ ਢਿੱਲ ਨੂੰ ਕੋਸ ਰਿਹਾ ਸੀ... ਬਹੁਤਿਆਂ ਨੇ ਪੰਜਾਬ ਸਰਕਾਰ ਨੂੰ ਭੰਡਿਆ ਕਿ ਉਹ ਬਦ-ਅਮਨੀ ਨੂੰ ਠੱਲ੍ਹ ਪਾਉਣ ਵਿਚ ਨਾਕਾਮ ਹੈ... ਵਗੈਰਾ ਵਗੈਰਾ।



ਕੁਲਵਿੰਦਰ ਕੌਰ

ਗੁਸੈਲੇ ਤੇ ਸੋਗਮਈ ਸ਼ਬਦਾਵਲੀ ਵਾਲੇ ‘ਜ਼ਬਾਨੀ ਜਮ੍ਹਾਂ ਖਰਚ’ ਕਹੇ ਜਾ ਸਕਦੇ ਪੰਜਾਬੀਆਂ ਦੇ ਉਪਰੋਕਤ ਪ੍ਰਤੀਕਰਮਾਂ ਤੋਂ ਬਾਅਦ ਇਕ ਗੈਰ-ਪੰਜਾਬੀ ਦਾ ਅਨੋਖਾ ਅਤੇ ਨਿੱਗਰ ਪ੍ਰਤੀਕਰਮ ਸਾਹਮਣੇ ਆ ਗਿਆ। ਅਖਬਾਰਾਂ ਵਿਚ ਛਪਿਆ ਇਸ ਦਾ ਵੇਰਵਾ ਪੜ੍ਹ ਕੇ ਇਕ ਵਾਰ ਤਾਂ ਲੋਕ ਹੈਰਾਨ ਰਹਿ ਗਏ ਹੋਣਗੇ। ਕੁਝ ਅਸਰਦਾਰ ਅਤੇ ਸਾਰਥਕ ਸਿੱਟੇ ਕੱਢ ਕੇ ਦਿਖਾਉਣ ਵਾਲਾ ਇਹ ਨਿਵੇਕਲਾ ਪ੍ਰਤੀਕਰਮ ਪੰਜਾਬ ਤੋਂ ਲਗਭਗ ਢਾਈ ਹਜ਼ਾਰ ਕਿਲੋਮੀਟਰ ਦੂਰ ਦੱਖਣ ਦੇ ਕਰਨਾਟਕ ਪ੍ਰਾਂਤ ਨਾਲ ਸਬੰਧਤ ਪ੍ਰੋਫੈਸਰ ਪੰਡਿਤ ਰਾਉ ਧਰੈਨਵਰ ਦਾ ਹੈ। ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ ਸਮਾਜ ਸ਼ਾਸਤਰ ਦਾ ਵਿਸ਼ਾ ਪੜ੍ਹਾ ਰਹੇ ਇਸ ਸੰਵੇਦਨਸ਼ੀਲ ਪ੍ਰੋਫੈਸਰ ਨੇ ਫੇਸਬੁੱਕ ਜਾਂ ਅਖਬਾਰਾਂ ਵਿਚ ਕੋਈ ਮਗਜ਼ ਖਪਾਈ ਨਹੀਂ ਕੀਤੀ ਅਤੇ ਨਾ ਹੀ ‘ਮੰਦਭਾਗਾ’ ਕਹਿ ਕੇ ਇਸ ਖੂਨੀ ਕਾਰੇ ਤੋਂ ਪਿੱਛਾ ਛੁਡਾਇਆ। ਲੰਬੇ ਅਰਸੇ ਤੋਂ ਪੰਜਾਬੀਆਂ ਨੂੰ ਆਪਣੀ ਮਾਂ ਬੋਲੀ ਨਾ ਵਿਸਾਰਨ ਦਾ ਹੋਕਾ ਦੇ ਰਹੇ ਇਸ ਪ੍ਰੋਫੈਸਰ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ,

ਖੰਜਰ ਚਲੇ ਕਿਸੀ ਪੇ
ਤੜਪਤੇ ਹੈਂ ਹਮ ‘ਅਮੀਰ’
ਸਾਰੇ ਜਹਾਂ ਕਾ ਦਰਦ ਹਮਾਰੇ ਸੀਨੇ ਮੇਂ ਹੈ।

...ਇਹ ਪੰਡਿਤ ਰਾਉ ਪ੍ਰੋਫੈਸਰ ਸਿੱਧਾ ਗਿਆ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ। ਆਪਣੇ ਕੋਲ ਲਿਖ ਕੇ ਲੈ ਗਿਆ ਪੰਜਾਬੀ ਗਾਇਕ ਕਲਾਕਾਰਾਂ ਵੱਲੋਂ ਸਭਿਆਚਾਰ ਦੇ ਨਾਂ ਹੇਠ ਗਾਏ ਜਾਂਦੇ ਗੰਦ-ਮੰਦ ਦੇ ਕਈ ਨਮੂਨੇ...। ਨਾਲੇ ਲੈ ਗਿਆ ਆਪਣੇ ਕੋਲ ‘ਆਸਾ ਦੀ ਵਾਰ’ ਦਾ ਗੁਟਕਾ। ਜੱਜਾਂ ਮੂਹਰੇ ਖੜ੍ਹ ਕੇ ਕਹਿੰਦਾ,

“ਮਾਨਯੋਗ ਜੱਜ ਸਾਹਿਬ, ਜਿਸ ਪੰਜਾਬ ਦੀਆਂ ਫਿਜ਼ਾਵਾਂ ਵਿਚ ਹਰ ਸਵੇਰ ਆਸਾ ਦੀ ਵਾਰ ਦੀਆਂ ਤੁਕਾਂ ਗੂੰਜਦੀਆਂ ਹਨ, ‘ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥’...ਉਸੇ ਪੰਜਾਬ ਵਿਚ ਗੀਤਕਾਰਾਂ ਤੇ ਗਾਇਕਾਂ ਵੱਲੋਂ ਔਰਤ ਨੂੰ ਕਮਜ਼ੋਰ, ਭੋਗਣ ਵਾਲੀ ਵਸਤੂ ਤੇ ਮਹਿਜ਼ ‘ਕਾਮ-ਖਿਡਾਉਣਾ’ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਜਨ-ਹਿੱਤ ਪਟੀਸ਼ਨ ਦਾਖਲ ਕਰਦਿਆਂ ਉਸ ਨੇ ਅਦਾਲਤ ਨੂੰ ਇਤਿਹਾਸਕ ਹਵਾਲੇ ਦਿੰਦਿਆਂ ਕਿਹਾ ਕਿ ਪੰਜਾਬੀ ਲੋਕ ਤਾਂ ਆਪਣੇ ਗੁਰੂਆਂ ਦੇ ਰੂਹਾਨੀ ਨਾਦ ਵਿਚ ਨੱਚਦਿਆਂ ਸਭ ਦੀ ਇੱਜਤ ਆਬਰੂ ਦੇ ਰਖਵਾਲੇ ਅਣਖੀ ਲੋਕ ਹਨ, ਪਰ ਅਜੋਕੇ ਕਲਾਕਾਰਾਂ ਨੇ ਆਪਣੀਆਂ ਜੇਬਾਂ ਭਰਨ ਦੀ ਕੁਚੇਸ਼ਟਾ ਨਾਲ ਔਰਤ ਜਾਤੀ ਦੀ ਰੱਜ ਕੇ ਬੇਇੱਜਤੀ ਕਰਨੀ ਸ਼ੁਰੂ ਕਰ ਦਿੱਤੀ ਹੋਈ ਹੈ। ਦਲੀਲ ਵਜੋਂ ਉਸ ਨੇ ਇਨ੍ਹਾਂ ਗਾਇਕਾਂ ਵੱਲੋਂ ਗਾਏ ਕੁਝ ਗੀਤਾਂ ਦੇ ਮੁਖੜੇ ਵੀ ਦੁਹਰਾਏ।

ਖਪਤਕਾਰੀ ਬਜ਼ਾਰੂ ਚਕਾਚੌਂਧ ਨਾਲ ਭੰਬੇ ਪਏ ਪੰਜਾਬੀਆਂ ਨੂੰ ਮਹਿਜ ‘ਵੋਟ’ ਬਣਾਉਣ ਲਈ ਸਰਕਾਰ ਨੇ ਵੀ ਉਨ੍ਹਾਂ ਨੂੰ ਔਝੜੇ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਸੇ ਵੋਟ-ਬਟੋਰੂ ਨੀਤੀ ਬਾਰੇ ਪ੍ਰੋਫੈਸਰ ਰਾਉ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲੱਚਰਪੁਣੇ ਨੂੰ ਠੱਲ੍ਹ ਤਾਂ ਕੀ ਪਾਉਣੀ ਸੀ, ਸਗੋਂ ਵੱਡੇ-ਵੱਡੇ ਸਰਕਾਰੀ ਸਮਾਗਮਾਂ ਵਿਚ ਪੰਜਾਬ ਦੇ ਸਥਾਨਕ ਵਿਰਸੇ ਦੇ ਉਲਟ ਭੜਕੀਲੇ ਕਲਾਕਾਰਾਂ ਨੂੰ ਮੋਟੀਆਂ ਫੀਸਾਂ ਨਾਲ ਨਿਵਾਜਿਆ ਹੈ। ਇਹੋ ਜਿਹੇ ਮਾਹੌਲ ਦੇ ਚੱਲਦਿਆਂ ਪੰਜਾਬੀਆਂ ਦੀ ਕੁਝ ਆਪਣੀ ਅਣਗਹਿਲੀ ਸਦਕਾ ਬਠਿੰਡੇ ਦੇ ਡਾਂਸਰ ਕਾਂਡ ਜਿਹੇ ਭਾਣੇ ਵਾਪਰਨ ਲੱਗੇ ਹਨ। ਪੰਜਾਬੀ ਸਮਾਜ ਵਿਚ ਵੱਡੇ ਵਿਗਾੜ ਪੈਦਾ ਹੋ ਰਹੇ ਹਨ ਤੇ ਅਸ਼ਲੀਲਤਾ ਵਧ ਰਹੀ ਹੈ।



ਪੰਜਾਬੀ ਬੋਲੀ ਨਾ ਵਿਸਾਰਨ ਦਾ ਹੋਕਾ ਦੇ ਰਿਹਾ ਪ੍ਰੋ. ਪੰਡਿਤ ਰਾਓ ਧਰੈਨਵਰ

ਅਖਬਾਰੀ ਖਬਰਾਂ ਤੋਂ ਪਤਾ ਲੱਗਾ ਹੈ ਕਿ ਪ੍ਰੋਫੈਸਰ ਰਾਉ ਦੀਆਂ ਵਜ਼ਨਦਾਰ ਦਲੀਲਾਂ ਸੁਣਨ ਉਪਰੰਤ ਜੱਜ ਨੇ ਬਗੈਰ ਕੋਈ ਹੋਰ ਸਵਾਲ-ਜਵਾਬ ਕੀਤਿਆਂ ਉਸ ਦੀ ਪਟੀਸ਼ਨ ਪ੍ਰਵਾਨ ਕਰ ਲਈ। ਉਸੇ ਵੇਲੇ ਅਗਲੀ ਸੁਣਵਾਈ ਤਹਿਤ ਸਰਕਾਰ ਦੇ ਗ੍ਰਿਹ ਸਕੱਤਰ, ਸਭਿਆਚਾਰਕ ਮਾਮਲਿਆਂ ਦੇ ਸਕੱਤਰ, ਬਠਿੰਡਾ ਦੇ ਡੀ.ਸੀ., ਜ਼ਿਲ੍ਹਾ ਪੁਲਿਸ ਮੁਖੀ ਅਤੇ ਭਾਰਤ ਸਰਕਾਰ ਦੇ ਸਕੱਤਰ ਨੂੰ ਨੋਟਿਸ ਜਾਰੀ ਕਰ ਦਿੱਤੇ। ਇਵੇਂ ਸੰਗੀਤ ਦੇ ਨਾਂ ‘ਤੇ ਪੰਜਾਬ ਵਿਚ ਕੌੜੀ ਵੇਲ ਵਾਂਗ ਵਧ ਰਹੇ ਲੱਚਰ ਗੀਤਾਂ ‘ਤੇ ਰੋਕਥਾਮ ਲਈ ਸੈਂਸਰ ਬੋਰਡ ਬਣਾਉਣ ਦੀ ਗੱਲ ਤੁਰ ਪਈ ਹੈ।

ਕਰਨਾਟਕਾ ਦੇ ਪ੍ਰੋਫੈਸਰ ਦੁਆਰਾ ਸ਼ੁਰੂ ਹੋਈ ਇਸ ਅਦਾਲਤੀ ਚਾਰਾਜੋਈ ਦੇ ਨਤੀਜੇ ਜੋ ਮਰਜ਼ੀ ਨਿਕਲਣ, ਪਰ ਹਾਲ ਦੀ ਘੜੀ ਤਾਂ ਇਸ ਗੈਰ-ਪੰਜਾਬੀ ਪਿਛੋਕੜ ਵਾਲੇ ਪੰਡਿਤ ਰਾਉ ਪ੍ਰੋਫੈਸਰ ਨੇ ਤਮਾਮ ਪੰਜਾਬੀਆਂ ਮੂਹਰੇ ਵੱਡਾ ਸਵਾਲੀਆ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਗਰਕਦੇ ਜਾਂਦੇ ਆਪਣੇ ਵਿਰਸੇ ਅਤੇ ਸਭਿਆਚਾਰ ਦੀ ਕਿੰਨੀ ਕੁ ਚਿੰਤਾ ਹੈ? ਬਠਿੰਡੇ ਵਾਲੇ ਦਰਦਨਾਕ ਹਾਦਸੇ ਤੋਂ ਬਾਅਦ ਵੀ ਜੇ ਅਸੀਂ ਪੰਜਾਬੀ ਆਪਣੇ ਵਿਆਹ-ਸ਼ਾਦੀਆਂ ਵਿਚ ਨਾਚ ਕਰਵਾਉਣ ਅਤੇ ਖੁਸ਼ੀ ਦੇ ਮੌਕਿਆਂ ‘ਤੇ ਹਥਿਆਰਾਂ ਦੀ ਨੁਮਾਇਸ਼ ਤੋਂ ਬਾਜ਼ ਨਾ ਆਏ, ਤਦ ਪ੍ਰੋ. ਰਾਉ ਨੂੰ ਚਾਹੀਦਾ ਹੈ ਕਿ ਉਹ ਅਦਾਲਤੀ ਜਨ-ਹਿੱਤ ਪਟੀਸ਼ਨਾਂ ਦਾ ਖਹਿੜਾ ਛੱਡ ਕੇ, ਪੰਜਾਬੀਆਂ ਦੀ ਖੁੱਲ੍ਹੀ ਕਚਹਿਰੀ ਵਿਚ ਕਿਸੇ ‘ਸ਼ਰਮ-ਹਿੱਤ ਪਟੀਸ਼ਨ’ ਦਾ ਬੰਦੋਬਸਤ ਕਰੇ।... ਵਿਰਾਸਤਾਂ ਦਾ ਭੋਗ ਪੈਂਦਿਆਂ ਦੇਖ ਕੇ ਵੀ ਗਫ਼ਲਤ ਦੀ ਨੀਂਦ ਸੌਂ ਰਹੇ ਪੰਜਾਬੀਆਂ ਨੂੰ ਹਲੂਣ ਕੇ ਜਗਾਉਣ ਵਾਲੇ ਪ੍ਰੋਫੈਸਰ ਰਾਉ ਜ਼ਿੰਦਾਬਾਦ।

# ਨੋਟਬੰਦੀ ਤੇ ਛੋਟੇ-ਵੱਡੇ ਕਿਰਸਾਨ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸਰਕਾਰ ਦੀ ਨੋਟਬੰਦੀ ਨੇ ਦੇਸ਼ ਦੀ ਕਿਰਸਾਨੀ ਨੂੰ ਜਿਸ ਤਰ੍ਹਾਂ ਵਲੂੰਧਰਿਆ ਹੈ, ਉਸ ਦੇ ਸਮਾਚਾਰ ਨੇੜਲੇ ਪੰਜਾਬ ਤੇ ਹਰਿਆਣਾ ਵਿਚ ਹੀ ਨਹੀਂ, ਦਿੱਲੀ ਦੱਖਣ ਤੋਂ ਵੀ ਆ ਰਹੇ ਹਨ। ਸਬਜ਼ੀ ਉਤਪਾਦਕਾਂ ਦੇ ਸਾਹ ਸੂਤੇ ਗਏ ਹਨ। ਸਬਜ਼ੀ ਤੇ ਫਲਾਂ ਦੀ ਉਪਜ ਲੰਮਾ ਅਰਸਾ ਸੰਭਾਲ ਕੇ ਰੱਖਣੀ ਸੰਭਵ ਹੀ ਨਹੀਂ। ਮੱਧ ਪ੍ਰਦੇਸ਼ ਵਿਚ ਗੰਢੇ ਦਾ ਭਾਅ ਇੱਕ ਰੁਪਏ ਕਿੱਲੋ ਦੱਸਿਆ ਜਾ ਰਿਹਾ ਹੈ ਤੇ ਆਂਧਰਾ ਪ੍ਰਦੇਸ਼ ਵਿਚ ਟਮਾਟਰ ਦਾ ਢਾਈ ਰੁਪਏ ਕਿੱਲੋ। ਦੁੱਧ ਖਰੀਦਣ ਵਾਲੇ ਦੋਧੀਆਂ ਨੂੰ ਪੈਸੇ ਨਹੀਂ ਦੇ ਰਹੇ।

ਮੈਂ ਹੁਸ਼ਿਆਰਪੁਰ ਦਾ ਜੰਮਪਲ ਹਾਂ। ਦੱਬੇਵਾਲ ਵਿਚ ਹੰਦੋਵਾਲ ਨੇੜਲੀ ਸਬਜ਼ੀ ਮੰਡੀ ਤੋਂ ਹਰ ਰੋਜ਼ ਆਲੂ ਤੇ ਮਟਰ ਦੇ ਦਰਜਨਾਂ ਟਰੱਕ ਦਿੱਲੀ ਅਤੇ ਦੱਖਣੀ ਰਾਜਾਂ ਵਿਚ ਵਿਕਣ ਜਾਂਦੇ ਹਨ। ਪਿਛਲੇ ਦਿਨੀਂ ਮੈਨੂੰ ਮਾਹਿਲਪੁਰ ਜਾਣਾ ਪਿਆ ਤਾਂ ਉਥੋਂ ਦੇ ਡਾ. ਜਗੀਰ ਸਿੰਘ ਬੈਂਸ ਨੇ ਮੈਨੂੰ ਉਸ ਹੰਦੋਵਾਲ ਮੰਡੀ ਨੇੜੇ ਖੜੇ ਸੈਂਕੜੇ ਟਰੱਕਾਂ ਦੀਆਂ ਕਤਾਰਾਂ ਦੇਖਣ ਭੇਜ ਦਿੱਤਾ। ਆਲੂ ਦੇ ਜਿਨ੍ਹਾਂ ਟਰੱਕਾਂ ਦੀ ਬੋਲੀ 500 ਰੁਪਏ ਤੱਕ ਚਲੀ ਜਾਂਦੀ ਸੀ, ਉਹ 250 ਰੁਪਏ ਤੋਂ ਉਤੇ ਨਹੀਂ ਸੀ ਜਾ ਰਹੀ। 50 ਰੁਪਏ ਕਿੱਲੋ ਵਾਲੇ ਮਟਰਾਂ ਦੇ 20-25 ਰੁਪਏ ਮਿਲ ਰਹੇ ਸਨ। ਖੇਤੀ ਪ੍ਰਧਾਨ ਦੇਸ਼ ਨੂੰ ਕੁਦਰਤੀ ਕਰੋਪੀ ਦੀ ਮਾਰ ਤਾਂ ਪੈਂਦੀ ਦੇਖਦੇ ਆਏ ਹਾਂ, ਕੇਵਲ ਇੱਕ ਵਿਅਕਤੀ ਦੀ ਸੋਚ ਦਾ ਸ਼ਿਕਾਰ ਹੁੰਦਿਆਂ ਪਹਿਲਾਂ ਕਦੀ ਨਹੀਂ ਸੀ ਦੇਖਿਆ। ਮਾੜੀ ਗੱਲ ਇਹ ਕਿ ਪਹਿਲੀਆਂ ਸਰਕਾਰਾਂ ਨੇ ਕਿਰਸਾਨੀ ਦੀ ਸੁਰੱਖਿਆ ਲਈ ਜਿਹੜੀ ਫਸਲੀ ਬੀਮੇ ਦੀ ਪਿਰਤ ਪਾਈ ਸੀ, ਉਸ ਵਿਚ ਨੋਟਬੰਦੀ ਦਾ ਸ਼ਿਕਾਰ ਹੋਈ ਕਿਰਸਾਨੀ ਵਾਲੀ ਮਦ ਨਾ ਹੋਣ ਕਾਰਨ ਇਸ ਤੋਂ ਪੈਦਾ ਹੋਈ ਤਬਾਹੀ ਨੂੰ ਇਹ ਬੀਮਾ ਯੋਜਨਾ ਲਾਗੂ ਹੀ ਨਹੀਂ ਹੁੰਦੀ। ਟੈਲੀਫੋਨ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਦੱਸਦੀ ਹੈ ਕਿ ਇਸ ਸਥਿਤੀ ਤੋਂ ਥੋੜ੍ਹੀ ਰਾਹਤ ਤਾਂ ਮਿਲੀ ਹੈ ਪਰ ਜਿਹੜਾ ਨੁਕਸਾਨ ਹੋ ਚੁਕਾ ਹੈ, ਉਸ ਨੂੰ ਕੌਣ ਭਰੇਗਾ? ਕੀ ਕਿਸੇ ਨੇ ਸੋਚਿਆ ਸੀ ਕਿ ਛੋਟੇ-ਵੱਡੇ ਕਿਰਸਾਨ ਇੱਕ ਵਿਅਕਤੀ ਦੀ ਹੈਂਕੜ ਦਾ ਸ਼ਿਕਾਰ ਹੋ ਜਾਣਗੇ। ਆਮੀਨ!

**ਦੋ ਬਾਲ ਮਜ਼ਦੂਰਾਂ ਦੀ ਪ੍ਰਮਾਣਿਕ ਸਫਲਤਾ:** ਪਿਛਲੇ ਦਿਨੀਂ ਮੈਨੂੰ ਦੋ ਬਾਲ ਮਜ਼ਦੂਰਾਂ ਦੀ ਅਦੁੱਤੀ ਸਫਲਤਾ ਦੇ ਕਿੱਸੇ ਪੜ੍ਹਨ ਨੂੰ ਮਿਲੇ। ਇਕ ਤਾਮਿਲਨਾਡੂ ਦਾ ਜੰਮਪਲ ਰਾਜਗੋਪਾਲ ਤੇ ਦੂਜਾ ਹਰਿਆਣਾ ਦਾ ਵਿਜੇ ਕੁਮਾਰ ਕਾਇਤ ਹੈ। ਰਾਜਗੋਪਾਲ ਤਾਮਿਲਨਾਡੂ ਦੇ ਨਿੱਕੇ ਜਿਹੇ ਪਿੰਡ ਪੁੰਨਿਆ ਵਿਖੇ ਸਾਲ 1947 ਵਿਚ ਪੈਦਾ ਹੋਇਆ। ਮਾਪਿਆਂ ਦੀ ਗਰੀਬੀ ਕਾਰਨ ਉਹ ਸੱਤ ਜਮਾਤਾਂ ਤੋਂ ਵਧ ਪੜ੍ਹਾਈ ਨਾ ਕਰ ਸਕਿਆ। ਉਸ ਨੂੰ ਆਪਣੇ ਗਰੀਬ ਮਾਪਿਆਂ ਦੀ ਮਦਦ ਲਈ ਇਕ ਹੋਟਲ ਵਿਚ ਭਾਂਡੇ ਮਾਂਜਣ ਦਾ ਕੰਮ ਕਰਨਾ ਪਿਆ। ਇਹ ਕੰਮ ਕਰਦਿਆਂ ਉਹਨੂੰ ਚਾਹ ਤੇ ਖਾਣਾ ਬਣਾਉਣ ਦੀ ਜਾਂਚ ਆ ਗਈ ਤੇ ਸਹਿਜੇ-ਸਹਿਜੇ ਉਸ ਨੂੰ ਇਕ ਕਰਿਆਨਾ ਸਟੋਰ ਵਾਲੇ ਨੇ ਸਾਫ-ਸਫਾਈ ਕਰਨ ਲਈ ਰੱਖ ਲਿਆ।

ਸਟੋਰ ‘ਤੇ ਕੰਮ ਕਰਦਿਆਂ ਉਸ ਨੇ ਸਟੋਰ ਕਰਮਚਾਰੀਆਂ ਲਈ ਚਾਹ ਬਣਾਉਣ ਦਾ ਕੰਮ ਸ਼ੁਰੂ ਕਰ ਲਿਆ ਤੇ ਸਮਾਂ ਪਾ ਕੇ ਉਸ ਨੇ ‘ਸਰਵਨਾ ਭਵਨ’ ਨਾਂ ਦਾ ਇਕ ਛੋਟਾ ਹੋਟਲ ਖੋਲ੍ਹ ਲਿਆ। ਰਾਜਗੋਪਾਲ ਦੇ ਹੋਟਲ ਦਾ ਖਾਣਾ ਨੇੜਲੇ ਸਾਰੇ ਹੋਟਲਾਂ ਨਾਲੋਂ ਸੁਆਦੀ ਤੇ ਸਿਹਤਮੰਦ ਹੋਣ ਕਾਰਨ ਉਹ ਨਿੱਕੇ ਹੋਟਲ ਦਾ ਵੱਡਾ ਮਾਲਕ ਬਣ ਗਿਆ। ਵਧੀਆ ਖਾਣੇ ਨਾਲੋਂ ਵੀ ਵਧ ਉਸ ਦਾ ਆਪਣੇ ਕੋਲ ਕੰਮ ਕਰਨ ਵਾਲਿਆਂ ਪ੍ਰਤੀ ਵਤੀਰਾ ਸੀ। ਉਹ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਖਿਆਲ ਰੱਖਦਾ। ਸਾਲ ਵਿਚ ਇੱਕ ਵਾਰੀ ਆਪਣੇ ਜੱਦੀ ਪਿੰਡ ਆਉਣ-ਜਾਣ ਦਾ ਖਰਚ ਹੀ ਨਹੀਂ ਸੀ ਦਿੰਦਾ, ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਵੀ ਪੂਰਾ ਕਰਦਾ। ਫੇਰ ਕੀ ਸੀ, ਉਸ ਨੇ ‘ਸਰਵਨਾ ਭਵਨ’ ਨਾਂ ਦਾ ਇੱਕ ਹੋਰ ਹੋਟਲ ਕਿਸੇ ਹੋਰ ਸ਼ਹਿਰ ਖੋਲ੍ਹ ਲਿਆ ਤੇ ਇਸੇ ਨਾਂ ਵਾਲਾ ਇੱਕ ਹੋਰ ਕਿਸੇ ਵਡੇਰੇ ਸ਼ਹਿਰ। ਨਤੀਜੇ ਵਜੋਂ ਅੱਜ ‘ਸਰਵਨਾ ਭਵਨ’ ਨਾਂ ਦੇ 33 ਹੋਟਲ ਦੇਸ਼ ਵਿਚ ਹਨ ਤੇ 47 ਬਾਹਰਲੇ ਦੇਸ਼ਾਂ ਵਿਚ।



ਇਕ ਪੁਰਾਣੀ ਤਸਵੀਰ ਵਿਚ
ਰਾਜਗੋਪਾਲ ਆਪਣੇ ਪੁੱਤਰਾਂ ਨਾਲ

ਹਰਿਆਣਾ ਦਾ ਵਿਜੇ ਕੁਮਾਰ ਕਾਇਤ ਇਕ ਰਾਜ ਮਿਸਤਰੀ ਦਾ ਪੁੱਤ ਹੈ ਜੋ ਆਪਣੇ ਬਚਪਨ ਵਿਚ ਆਪਣੇ ਮਾਪਿਆਂ ਵਾਂਗ ਮੰਡੀ ਵਿਚ ਦਿਹਾੜੀਆਂ ਕਰਕੇ ਰਾਤ ਵੇਲੇ ਪੜ੍ਹਾਈ ਕਰਦਾ ਰਿਹਾ। ਉਸ ਦਾ ਸਿਰੜ ਵੇਖੋ ਕਿ ਉਸ ਨੇ ਦੂਜੇ ਬੱਚਿਆਂ ਨੂੰ ਟਿਊਸ਼ਨਾਂ ਪੜ੍ਹਾਉਣ ਦੇ ਨਾਲ-ਨਾਲ ਇਤਿਹਾਸ ਦੀ ਐਮ.ਏ. ਅਤੇ ਡਾਕਟਰੇਟ ਕੀਤੀ ਜਿਸ ਸਦਕਾ ਉਸ ਨੂੰ ਪ੍ਰੋਫੈਸਰ ਦੀ ਉਪਾਧੀ ਮਿਲ ਗਈ। ਆਪਣੇ ਅਧਿਆਪਕੀ ਕਾਲ ਵਿਚ ਉਸ ਨੇ ਇੱਕ ‘ਉਪੇਕਸ਼ਤ ਸਮਾਜ ਪਾਰਟੀ’ ਨਾਂ ਦੀ ਰਾਜਨੀਤਕ ਪਾਰਟੀ ਵੀ ਬਣਾਈ, ਜਿਸ ਨੇ ਉਸ ਨੂੰ ਏਨਾ ਹਰਮਨ ਪਿਆਰਾ ਬਣਾ ਦਿੱਤਾ ਕਿ ਹੁਣ ਹਰਿਆਣਾ ਸਰਕਾਰ ਨੇ ਉਸ ਨੂੰ ਚੌਧਰੀ ਦੇਵੀ ਲਾਲ ਯੂਨੀਵਰਸਟੀ ਦਾ ਵਾਈਸ ਚਾਂਸਲਰ ਲਾ ਦਿੱਤਾ। ਉਸ ਦਾ ਯਕੀਨ ਹੈ ਕਿ ਕਦਰਾਂ-ਕੀਮਤਾਂ ਵਿਚ ਦਿਨੋਂ ਦਿਨ ਆ ਰਹੇ ਨਿਘਾਰ ਨੂੰ ਰੋਕਣ ਲਈ ਅੱਜ ਦੇ ਵਿਦਿਆਰਥੀਆਂ ਨੂੰ ਸੂਚਨਾ ਤਕਨਾਲੋਜੀ ਦੇ ਨਾਲ-ਨਾਲ ਭਾਸ਼ਾਵਾਂ ਤੇ ਸਮਾਜਕ ਸਮੱਸਿਆਵਾਂ ਦਾ ਗਿਆਨ ਹੀ ਨਹੀਂ, ਮਨੋਵਿਗਿਆਨਕ ਗਿਆਨ ਦੇਣਾ ਵੀ ਬੇਹਦ ਜ਼ਰੂਰੀ ਹੈ।

ਬਾਲ ਮਜ਼ਦੂਰ ਤੋਂ ਵਡੀ ਹਸਤੀ ਬਣੇ ਦੋਵੇਂ ਜੀਵ ਵਧਾਈ ਦੇ ਹੱਕਦਾਰ ਹਨ।

**ਅੰਤਿਕਾ:**

*ਡਾ. ਸੁਲਤਾਨ ਅੰਜੁਮ (ਮਲੇਰਕੋਟਲਾ)*

ਤੂ ਹਮੇਂ ਅਮਨ ਕੀ ਫਾਖਤਾਏਂ ਨਾ ਦੇ,
ਸਰਹਦੋਂ ਕੀ ਮਗਰ ਬਦਦੁਆਏਂ ਨਾ ਦੇ।
ਜਿਨ ਕੇ ਚਲਨੇ ਸੇ ਕਾਂਪੇਂ ਗੁਲਾਬੋਂ ਕੇ ਦਿਲ,
ਗੁਲਸ਼ਨੋਂ ਕੋ ਖੁਦਾ ਵੁਹ ਹਵਾਏਂ ਨਾ ਦੇ।
ਜ਼ਖਮ ਆਧੀ ਸਦੀ ਕੇ ਹੀ ਕੁਛ ਕਮ ਨਹੀਂ,
ਜ਼ਿੰਦਗੀ! ਔਰ ਹਮ ਕੋ ਸਜ਼ਾਏਂ ਨਾ ਦੇ।

# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)

## ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਅਤੇ ਨਵੇਂ ਸਾਲ 2017 ਦੀ ਕੁਲ ਲੋਕਾਈ ਨੂੰ ਬਹੁਤ ਬਹੁਤ ਵਧਾਈ

ਚੇਅਰਮੈਨ | ਪ੍ਰਧਾਨ | ਸਾਬਕਾ ਪ੍ਰਧਾਨ



ਗੁਰਮੀਤ ਸਿੰਘ ਸੱਲ੍ਹਾਂ | ਬਲਵਿੰਦਰ ਸਿੰਘ ਚੱਠਾ | ਗੁਰਦੇਵ ਸਿੰਘ ਗਿੱਲ

## ਸ਼ਿਕਾਗੋ ਕਬੱਡੀ ਕੱਪ-2017 ਅਤੇ ਵਾਲੀਬਾਲ ਮੁਕਾਬਲੇ

**3 ਸਤੰਬਰ 2017 (ਦਿਨ ਐਤਵਾਰ)**

@ Busse Wood Forest Preserve South, Elk Grove , IL

### ਇਨਾਮਾਂ ਦੇ ਸਪਾਂਸਰ / ਕਬੱਡੀ ਟੀਮਾਂ ਦੇ ਸਪਾਂਸਰ



ਅੰਮ੍ਰਿਤਪਾਲ ਸਿੰਘ ਗਿੱਲ | ਪਰਮਜੀਤ ਸਿੰਘ ਅਰੋੜਾ | ਅਮਰਜੀਤ ਢੀਂਡਸਾ | ਰੋਇਲ ਕਿੰਗ ਯੂ ਐਸ ਏ ਕਬੱਡੀ ਟੀਮ ਦੇ ਮਾਲਕ ਸਰਬਜੀਤ ਸਿੰਘ ਥਿਆੜਾ | ਕੁਲਵਿੰਦਰ ਮਾਨ ਅਤੇ ਸੁੱਖੀ ਮਾਨ | ਜੇ ਪੀ ਐਸ ਖਹਿਰਾ | ਮਨਮੋਹਨ ਗਰੇਵਾਲ | ਸੋਖਾ ਭੋਪਾਲ ਤੇ ਸ਼ੇਰਾ ਡੈਲਸ (ਟੈਕਸਸ)

### ਸਾਬਕਾ ਚੇਅਰਮੈਨ



ਮੁਖਤਿਆਰ ਸਿੰਘ ਨੰਦੜਾ | ਪਰਮਿੰਦਰ ਗਰੇਵਾਲ | ਰਣਬੀਰ ਸਿੰਘ ਧਾਲੀਵਾਲ | ਬਲਦੇਵ ਸਿੰਘ ਸੱਲ੍ਹਾਂ | ਰਵਿੰਦਰਪਾਲ ਸਿੰਘ ਨੰਦੜਾ | ਹਰਇੰਦਰਜੀਤ ਧਾਲੀਵਾਲ | ਸਰਬਜੀਤ ਸਿੰਘ ਸੱਲ੍ਹਾਂ

### ਸਾਬਕਾ ਪ੍ਰਧਾਨ



ਪਰਮਿੰਦਰ ਵਾਲੀਆ | ਜਿੰਦੀ ਖੰਗੂੜਾ | ਅਮਰਦੇਵ ਸਿੰਘ ਬੰਦੇਸ਼ਾ | ਰਛਪਾਲ ਸਿੰਘ ਖੰਗੂੜਾ | ਅੰਮ੍ਰਿਤਪਾਲ ਗਿੱਲ | ਹਰਦੀਪ ਸਿੰਘ ਬੰਦੇਸ਼ਾ | ਜਸਵਿੰਦਰ ਗਿੱਲ

### ਪ੍ਰਬੰਧਕੀ ਕਮੇਟੀ



ਜਿੰਦਰ ਬੈਨੀਪਾਲ | ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ | ਜੋਧ ਸਿੰਘ ਸਿੱਧੂ | ਬੱਬੀ ਬਾਠ | ਬਲਜੀਤ ਮੰਗੀ | ਕਾਬਲ ਸਿੰਘ ਭੁੱਲਰ | ਸੁਰਿੰਦਰ ਭੱਟੀ | ਧਰਮਿੰਦਰ ਜਸਵਾਲ | ਹਰਬੰਤ ਗਰੇਵਾਲ | ਜੱਸੀ ਸਹੋਤਾ | ਹਰਕੇਵਲ ਲਾਲੀ | ਮੋਹਨਜੀਤ ਸਿੰਘ | ਲਖਵਿੰਦਰ ਬਿਹਾਰੀਪੁਰ | ਵਿੱਕੀ ਸ਼ੰਮੀਪੁਰੀਆ | ਦਰਸ਼ਨ ਸਿੰਘ ਪੰਮਾ

### ਬੋਰਡ ਮੈਂਬਰ



ਲਖਬੀਰ ਢੀਂਡਸਾ | ਪਾਲੀ ਧਾਲੀਵਾਲ | ਦਪਿੰਦਰ ਧਾਲੀਵਾਲ | ਪਰਮਜੀਤ ਮਹਿਰਾਜ | ਜਸਵੀਰ ਪੰਨੂ | ਰਾਕੇਸ਼ ਰੇਹਨ ਕੈਫੇ ਇੰਡੀਆ ਮਿਲਵਾਕੀ | ਰੁਪਿੰਦਰ ਅਰੋੜਾ | ਲਖਵਿੰਦਰ ਸਿੰਘ ਸੇਖੋਂ | ਬਿਕਰਮਜੀਤ ਸਿੰਘ ਸੇਖੋਂ | ਜਸਜੀਤ ਸਿੱਧੂ | ਕੰਵਰਵੀਰ ਸਿੰਘ ਕੇਪੀ | ਜਸਵੰਤ ਸਿੰਘ | ਤੇਜਿੰਦਰ ਸਿੰਘ | ਬਲਜੀਤ ਸਿੰਘ | ਪੰਮੀ ਗਰੇਵਾਲ | ਬਲਬੀਰ ਸਿੰਘ ਸੈਣੀ | ਗੁਰਨੇਕ ਬਸੰਤੀ



ਅਮਰਜੀਤ ਸੰਧਰ | ਜਗਦੀਸ਼ਰ ਕਲੇਰ | ਹਰਜੀਤ ਸੰਧਰ | ਕੁਲਵੰਤ ਢਿੱਲੋਂ | ਹਰਵਿੰਦਰ ਸਿੱਧੂ | ਸੁਰਜੀਤ ਤੂਰ | ਡਾ. ਗੁਰਚਰਨ ਸਿੰਘ ਗਰੇਵਾਲ | ਹਰਭਜਨ ਸੰਧਾਵਾਲੀਆ | ਹਰਿੰਦਰ ਚਾਹਲ | ਬਹਾਦਰ ਸਿੰਘ | ਦਰਸ਼ਨ ਗਰੇਵਾਲ | ਸਤਵਿੰਦਰ ਸਿੰਘ ਪੰਪੀ | ਸੋਹਿੰਦਰ ਸਿੰਘ ਬਿਲਖੂ | ਅਮਰਦੀਪ ਛੀਨਾ | ਗੁਰਮੀਤ ਅਰੋੜਾ | ਸੁਰਜੀਤ ਸਿੰਘ

**For Further Info.:**

Balwinder Chatha 630-523-3412
Jaswinder Jassi 773-759-0433
Deepa Bandesha 815-546-0525
Jindhi Khangura 847-529-1464
Amardev Singh 708-612-7963
Jinder Benipal 773-895-2041
Parminder Walia 847-477-1613
Billu Gill 847-271-7451
Baljit Mangi 773-469-9384

# ਖਾਲਸਈ ਰੰਗ ਵਿਚ ਰੰਗਿਆ ਪਟਨਾ ਸਾਹਿਬ

**ਪਟਨਾ ਸਾਹਿਬ:** ਤਖਤ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਪੁਰਬ ਮੌਕੇ ਗੁਰੂ ਜੀ ਦੀ ਜਨਮ ਭੂਮੀ ਨੂੰ ਸਿਜਦਾ ਕਰਨ ਲਈ ਲੱਖਾਂ ਦੀ ਗਿਣਤੀ 'ਚ ਸੰਗਤਾਂ ਪਹੁੰਚੀਆਂ। ਦੁਨੀਆਂ ਦੇ ਕੋਨੇ-ਕੋਨੇ ਤੋਂ ਆ ਰਹੀਆਂ ਸੰਗਤਾਂ ਨੂੰ ਜੀ ਆਇਆਂ ਕਹਿਣ ਤੇ ਉਨ੍ਹਾਂ ਦਾ ਸਵਾਗਤ ਕਰਨ ਲਈ ਬਿਹਾਰ ਸਰਕਾਰ ਦੇ ਸੈਰ-ਸਪਾਟਾ ਵਿਭਾਗ ਵੱਲੋਂ ਏਅਰਪੋਰਟ, ਰੇਲਵੇ ਸਟੇਸ਼ਨ ਤੇ ਹੋਰ ਵੱਖ-ਵੱਖ ਸਥਾਨਾਂ ਅਤੇ ਸ਼ਹਿਰ ਦੇ ਚੌਕ-ਚੁਰੱਸਤਿਆਂ ਨੂੰ ਰੰਗ-ਬਰੰਗੀਆਂ ਲਾਈਟਾਂ ਨਾਲ ਸ਼ਿੰਗਾਰਿਆ ਗਿਆ, ਉਥੇ ਸਥਾਪਤ ਕੀਤੇ ਸਹਾਇਤਾ ਕੇਂਦਰਾਂ ਨੇ ਸੰਗਤਾਂ ਨੂੰ ਪ੍ਰਾਹੁਣਚਾਰੀ ਦਾ ਪੂਰਾ ਅਹਿਸਾਸ ਕਰਵਾਇਆ, ਜਿਸ ਨੂੰ ਵੇਖ ਕੇ ਪ੍ਰਕਾਸ਼ ਪੁਰਬ ਲਈ ਬਿਹਾਰ ਸਰਕਾਰ ਦੀ ਸੰਜੀਦਗੀ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪਟਨਾ ਸਾਹਿਬ ਦੀ ਧਰਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਅਸਥਾਨ ਵਾਲੀ ਥਾਂ ਉਤੇ ਸਿੱਖ ਕੌਮ ਦੇ ਦੂਜੇ ਤਖਤ ਸ੍ਰੀ ਪਟਨਾ ਸਾਹਿਬ ਸੁਭਾਇਮਾਨ ਹੈ।



ਇਥੇ ਗੁਰੂ ਸਾਹਿਬ ਦੇ ਬਚਪਨ ਨਾਲ ਸਬੰਧਤ ਕਈ ਨਿਸ਼ਾਨੀਆਂ ਮੌਜੂਦ ਹਨ। ਜੈਕਾਰੇ ਛੱਡਦੀ ਸੰਗਤ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨ ਕਰਦੀ ਹੈ। ਇਨ੍ਹਾਂ ਨਿਸ਼ਾਨੀਆਂ ਵਿਚ ਚੰਦਨ ਦਾ ਕੰਘਾ, ਕੇਸਾਂ ਵਿਚ ਪਾਉਣ ਵਾਲਾ ਛੋਟਾ ਚੱਕਰ, ਦਸਤਾਰ 'ਤੇ ਸਜਾਉਣ ਵਾਲਾ ਖੰਡਾ, ਦਸਤਾਰ ਉਤੇ ਸਜਾਉਣ ਵਾਲਾ ਚੱਕਰ, ਬਾਲ ਅਵਸਥਾ ਵਾਲਾ ਚੋਲਾ, ਚੰਦਨ ਦੀਆਂ ਖੜਾਵਾਂ, ਬਾਲਾ ਪ੍ਰੀਤਮ (ਬਾਲ ਅਵਸਥਾ) ਦੇ ਗੁਲੇਲੇ ਜਿਨ੍ਹਾਂ ਨਾਲ ਉਹ ਮਟਕੀਆਂ ਤੋੜਦੇ ਸਨ, ਤੀਰ ਤੇ ਤਲਵਾਰ ਸ਼ਾਮਲ ਹਨ। ਇਨ੍ਹਾਂ ਨਿਸ਼ਾਨੀਆਂ ਵਿਚ ਗੁਰੂ ਤੇਗ ਬਹਾਦਰ ਜੀ ਦੀਆਂ ਖੜਾਵਾਂ ਦੇ ਵੀ ਦਰਸ਼ਨ ਕਰਵਾਏ ਜਾਂਦੇ ਹਨ। ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਪਟਨੇ ਦੀ ਧਰਤੀ ਨੂੰ ਬਹੁਤ ਖੂਬਸੂਰਤੀ ਨਾਲ ਸਜਾਇਆ ਗਿਆ।

ਸ਼ਹਿਰ ਦੇ ਬਜ਼ਾਰਾਂ ਵਿਚ ਵੀ ਖੂਬ ਰੌਣਕਾਂ ਰਹੀਆਂ। 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਵਿਚਕਾਰ ਬਿਹਾਰ ਸਰਕਾਰ ਨੇ ਗੁਰਧਾਮਾਂ ਦੇ ਦਰਸ਼ਨਾਂ ਲਈ ਪਾਣੀ ਵਾਲੇ ਤਿੰਨ ਜਹਾਜ਼ ਗੰਗਾ ਵਿਚ ਚਲਾਏ ਹਨ। ਫੁੱਲਾਂ ਨਾਲ ਸਜਾਏ ਇਹ ਜਹਾਜ਼ ਸੰਗਤ ਨੂੰ ਗੰਗਾ ਕੰਢੇ ਪੈਂਦੇ ਦੋ ਗੁਰਧਾਮਾਂ ਕੰਗਣ ਘਾਟ ਅਤੇ ਗਊ ਘਾਟ ਦੇ ਦਰਸ਼ਨ ਕਰਵਾਉਣਗੇ।

ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਬਿਹਾਰ ਸਰਕਾਰ ਦੇ ਸੈਰ ਸਪਾਟਾ ਵਿਭਾਗ ਨੇ ਇਹ ਉਪਰਾਲਾ ਕੀਤਾ ਹੈ। ਉਂਜ ਬਿਹਾਰ ਸਰਕਾਰ ਨੇ ਇਨ੍ਹਾਂ ਸਮਾਗਮਾਂ ਦਾ ਇੰਤਜ਼ਾਮ ਕੁੰਭ ਮੇਲੇ ਦੀ ਤਰਜ਼ 'ਤੇ ਕੀਤਾ ਸੀ।

## ਪਟਨਾ ਸਾਹਿਬ ਦਾ ਸੰਖੇਪ ਇਤਿਹਾਸ

**ਚੰਡੀਗੜ੍ਹ:** ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਾਵਨ ਪ੍ਰਕਾਸ਼ ਅਸਥਾਨ ਹੈ। ਇਸ ਧਰਤੀ ਨੂੰ ਜਿਥੇ ਸਰਬੰਸਦਾਨੀ ਪਿਤਾ ਦੇ ਪ੍ਰਕਾਸ਼ ਅਸਥਾਨ ਹੋਣ ਦਾ ਮਾਣ ਹਾਸਲ ਹੈ, ਉਥੇ ਹੀ ਇਸ ਧਰਤੀ ਨੂੰ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਤੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਵੀ ਪ੍ਰਾਪਤ ਹੈ। ਬਾਲ ਗੋਬਿੰਦ ਇਸ ਥਾਂ ਉਤੇ ਤਕਰੀਬਨ ਚਾਰ ਸਾਲ ਮਾਤਾ ਗੁਜਰੀ ਜੀ ਸਮੇਤ ਰਹਿੰਦੇ ਰਹੇ। ਬਾਲ ਗੋਬਿੰਦ ਦੀਆਂ ਬਚਪਨ ਦੀਆਂ ਖੇਡਾਂ ਵੀ ਬੜੀਆਂ ਵਚਿੱਤਰ ਹੋਇਆ ਕਰਦੀਆਂ ਸਨ। ਗੁਰੂ ਸਾਹਿਬ ਤੇ ਮਾਤਾ ਗੁਜਰੀ ਜੀ ਨਾਲ ਸਬੰਧਤ ਇਥੇ ਗੁਰਦੁਆਰਾ ਗੋਬਿੰਦ ਬਾਗ, ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ, ਖੂਹ ਮਾਤਾ ਗੁਜਰੀ ਜੀ, ਗੁਰਦੁਆਰਾ ਗਊ ਘਾਟ ਤੇ ਗੁਰਦੁਆਰਾ ਹਾਂਡੀ ਸਾਹਿਬ ਇਤਿਹਾਸਕ ਅਸਥਾਨ ਹਨ। ਗੁਰੂ ਸਾਹਿਬ ਦਾ ਜਿਸ ਘਰ ਵਿਚ ਪ੍ਰਕਾਸ਼ ਹੋਇਆ ਤੇ ਜਿਥੇ ਆਪ ਜੀ ਰਹਿੰਦੇ ਰਹੇ, ਉਥੇ ਅੱਜ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਸੁਸ਼ੋਭਿਤ ਹੈ। ਗੁਰੂ ਸਾਹਿਬ ਦਾ ਪ੍ਰਕਾਸ਼ ਮਾਤਾ ਗੁਜਰੀ ਜੀ ਦੀ ਕੁੱਖੋਂ ਦਸੰਬਰ 1666 ਵਿਚ ਹੋਇਆ ਮੰਨਿਆ ਜਾਂਦਾ ਹੈ। ਨਾਨਕਸ਼ਾਹੀ ਕੈਲੰਡਰ ਮੁਤਾਬਕ ਹਰ ਸਾਲ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ 5 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਸ ਇਤਿਹਾਸਕ ਅਸਥਾਨ ਦੀ ਉਸਾਰੀ ਦਾ ਸਿਹਰਾ ਵੀ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਜਾਂਦਾ ਹੈ। ਅੱਜ ਇਹ ਅਸਥਾਨ ਸਿੱਖ ਕੌਮ ਦੇ ਦੂਜੇ ਤਖਤ ਸਾਹਿਬ ਵਜੋਂ ਪੂਰੀ ਦੁਨੀਆਂ ਵਿਚ ਪ੍ਰਸਿੱਧ ਹੈ।

## ਅਮਰੀਕਾ ਨੇ ਰੂਸ ਦੇ 35 ਕੂਟਨੀਤਕ ਕੱਢੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਰੂਸ ਵੱਲੋਂ ਅਮਰੀਕਾ ਦੀਆਂ ਰਾਜਸੀ ਵੈਬਸਾਈਟਾਂ ਅਤੇ ਈ-ਮੇਲ ਖਾਤਿਆਂ ਨੂੰ ਹੈਕ ਕਰ ਕੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਵਿਚ ਦਖਲ ਦੇਣ ਵਿਰੁੱਧ ਜਵਾਬੀ ਕਾਰਵਾਈ ਕਰਦੇ ਹੋਏ ਰੂਸ ਦੇ ਅਧਿਕਾਰੀਆਂ ਅਤੇ ਖੁਫੀਆ ਸੇਵਾਵਾਂ 'ਤੇ ਪਾਬੰਦੀ ਲਾ ਦਿੱਤੀ ਹੈ।



ਵਿਦੇਸ਼ ਵਿਭਾਗ ਨੇ ਵਾਸ਼ਿੰਗਟਨ ਵਿਚ ਰੂਸੀ ਦੂਤਘਰ ਅਤੇ ਸੈਨਫਰਾਂਸਿਸਕੋ ਵਿਚ ਰੂਸ ਦੇ 35 ਕੂਟਨੀਤਕਾਂ ਨੂੰ ਅਮਰੀਕਾ ਵਿਚੋਂ ਕੱਢ ਦਿੱਤਾ ਹੈ। ਬਰਾਕ ਓਬਾਮਾ ਨੇ ਕਿਹਾ ਕਿ ਕੂਟਨੀਤਕਾਂ ਨੂੰ ਉਨ੍ਹਾਂ ਦੇ ਕੂਟਨੀਤਕ ਰੁਤਬੇ ਮੁਤਾਬਕ ਪੇਸ਼ ਨਾ ਆਉਣ ਕਾਰਨ ਬੇਲੋੜੇ ਵਿਅਕਤੀ (ਪਰਸੋਨਾ ਨਾਨ ਗਰੈਟਾ) ਕਰਾਰ ਦਿੱਤਾ ਹੈ। ਅਮਰੀਕਾ ਵਿਚ ਮੈਰੀਲੈਂਡ ਅਤੇ ਨਿਊ ਯਾਰਕ ਵਿਚ ਰੂਸ ਸਰਕਾਰ ਦੇ ਦੋ ਦਫਤਰ (ਕੰਪਾਊਂਡ) ਵੀ ਬੰਦ ਕਰ ਦਿੱਤੇ ਹਨ। ਰੂਸੀ ਅਧਿਕਾਰੀਆਂ ਨੇ ਓਬਾਮਾ ਪ੍ਰਸ਼ਾਸਨ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਕਿ ਰੂਸ ਸਰਕਾਰ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀਆਂ ਚੋਣਾਂ ਵਿਚ ਪ੍ਰਭਾਵ ਪਾਉਣ ਦਾ ਯਤਨ ਕਰ ਰਹੀ ਸੀ। ਅਮਰੀਕੀ ਖੁਫੀਆ ਏਜੰਸੀਆਂ ਨੇ ਇਹ ਸਿੱਟਾ ਕੱਢਿਆ ਕਿ ਰੂਸ ਦਾ ਨਿਸ਼ਾਨਾ ਡੋਨਲਡ ਟਰੰਪ ਦੀ ਜਿੱਤ ਵਿਚ ਮਦਦ ਕਰਨਾ ਸੀ, ਪਰ ਟਰੰਪ ਨੇ ਇਸ ਮੁਲਾਂਕਣ ਦਾ ਮਖੌਲ ਉਡਾਉਂਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਹੈ।

## ਪਰਵਾਸੀ ਹੁਣ 30 ਜੂਨ ਤੱਕ ਬਦਲਵਾ ਸਕਣਗੇ ਬੰਦ ਨੋਟ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਹੈ ਕਿ ਜਿਹੜੇ ਭਾਰਤੀ ਨਾਗਰਿਕ 9 ਨਵੰਬਰ ਤੋਂ 30 ਦਸੰਬਰ ਤੱਕ ਵਿਦੇਸ਼ ਵਿਚ ਸਨ, ਉਹ ਪੰਜ ਸੌ ਤੇ ਹਜ਼ਾਰ ਦੇ ਨੋਟ 31 ਮਾਰਚ ਤੱਕ ਬਦਲਵਾ ਸਕਦੇ ਹਨ ਜਦ ਕਿ ਐਨ.ਆਰ.ਆਈ. ਜੋ ਇਸ ਸਮੇਂ ਦੌਰਾਨ ਵਿਦੇਸ਼ ਵਿਚ ਸਨ, ਉਹ ਇਹ ਨੋਟ 30 ਜੂਨ ਤੱਕ ਬਦਲਵਾ ਸਕਣਗੇ।

ਇਸ ਹੁਕਮ ਤਹਿਤ ਆਉਂਦੇ ਭਾਰਤੀ ਨਾਗਰਿਕ ਜਿੰਨੀ ਮਰਜ਼ੀ ਰਾਸ਼ੀ ਬਦਲਵਾ ਕਰਵਾ ਸਕਦੇ ਹਨ ਜਦ ਕਿ ਪ੍ਰਤੀ ਐਨ.ਆਰ.ਆਈ. 25 ਹਜ਼ਾਰ ਰੁਪਏ ਹੀ ਜਮ੍ਹਾਂ ਕਰਵਾ ਸਕਣਗੇ।

# ਸਿੱਖ ਕਤਲੇਆਮ ਦੀ ਯਾਦਗਾਰ 'ਸੱਚ ਦੀ ਕੰਧ' ਤਿਆਰ

**ਨਵੀਂ ਦਿੱਲੀ:** ਦਿੱਲੀ ਦੇ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਨੇੜੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਯਾਦਗਾਰ 'ਸੱਚ ਦੀ ਕੰਧ' ਬਣ ਕੇ ਤਿਆਰ ਹੋ ਗਈ ਹੈ। ਇਹ ਯਾਦਗਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਦਿੱਲੀ ਕਮੇਟੀ ਦੀਆਂ 2013 ਦੀਆਂ ਚੋਣਾਂ ਦੌਰਾਨ ਇਹ ਯਾਦਗਾਰ ਬਣਾਉਣ ਦਾ ਵਾਅਦਾ ਦਿੱਲੀ ਦੇ ਸਿੱਖਾਂ ਨਾਲ ਕੀਤਾ ਸੀ। ਹੁਣ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਉਹ ਵਾਅਦਾ ਵਫਾ ਹੋਣ ਜਾ ਰਿਹਾ ਹੈ।




ਜ਼ਾਹਰ ਹੈ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਦਾ ਉਦਘਾਟਨ ਵੀ ਜਲਦ ਕੀਤਾ ਜਾਵੇਗਾ ਕਿਉਂਕਿ ਨਵੰਬਰ '84 ਸਿੱਖ ਨਸਲਕੁਸ਼ੀ ਹਮੇਸ਼ਾ ਸਿਆਸੀ ਪਾਰਟੀਆਂ ਲਈ ਇਕ ਵੱਡਾ ਚੋਣ ਮੁੱਦਾ ਬਣਿਆ ਹੈ। ਇਸ ਯਾਦਗਾਰ ਲਈ ਬਾਦਲ ਧੜੇ ਨੇ ਦਿੱਲੀ ਦੀ ਸ਼ੀਲਾ ਦੀਕਸ਼ਤ ਸਰਕਾਰ ਸਮੇਤ ਕੇਂਦਰ ਦੀਆਂ ਸਾਰੀਆਂ ਸਰਕਾਰਾਂ ਕੋਲ ਜ਼ਮੀਨ ਦੀ ਮੰਗ ਕੀਤੀ ਜਾਂਦੀ ਰਹੀ, ਪਰ ਜ਼ਮੀਨ ਦਾ ਟੁਕੜਾ ਨਾ ਤਾਂ ਐਨ. ਡੀ. ਏ. ਸਰਕਾਰ ਨੇ ਦਿੱਤਾ ਅਤੇ ਨਾ ਹੀ ਕਾਂਗਰਸ ਸਰਕਾਰਾਂ ਨੇ ਇਸ ਮੰਗ ਵੱਲ ਕੰਨ ਧਰੇ। ਆਖਰਕਾਰ ਬਾਦਲ ਧੜੇ ਵੱਲੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਦੇ ਪਿੱਛੇ ਗੁਰਦੁਆਰਾ ਰਕਾਬ ਗੰਜ ਕੰਪਲੈਕਸ ਵਿਚ ਸਰਾਂ ਦੇ ਨਾਲ-ਨਾਲ ਇਹ ਯਾਦਗਾਰ ਬਣਾਈ ਗਈ ਹੈ, ਜਿਸ ਵਿਚ ਸਿੱਖ ਨਸਲਕੁਸ਼ੀ ਦੌਰਾਨ ਮਾਰੇ ਗਏ ਸਿੱਖਾਂ ਦੇ ਨਾਲ-ਨਾਲ ਉਨ੍ਹਾਂ ਹਿੰਦੂਆਂ ਦੇ ਨਾਂ ਵੀ ਉਕਰੇ ਗਏ ਹਨ, ਜਿਨ੍ਹਾਂ ਨੇ ਸਿੱਖਾਂ ਦੀ ਜਾਨ ਬਚਾਉਂਦਿਆਂ ਆਪਣਾ ਸਾਰਾ ਕੁਝ ਕੁਰਬਾਨ ਕੀਤਾ ਸੀ।

ਇਸ ਯਾਦਗਾਰ ਉਪਰ ਛੱਤ ਨਹੀਂ ਪਾਈ ਗਈ ਹੈ ਕਿਉਂਕਿ ਸੂਤਰਾਂ ਮੁਤਾਬਕ ਜੇਕਰ ਛੱਤ ਪਾ ਦਿੱਤੀ ਜਾਂਦੀ ਤਾਂ ਦਿੱਲੀ ਵਿਕਾਸ ਅਥਾਰਟੀ ਸਮੇਂ ਭਾਰਤੀ ਪੁਰਾਤੱਤਵ ਨੇ ਇਤਰਾਜ਼ ਕਰਨਾ ਸੀ। ਹਾਲਾਂਕਿ ਡੀ.ਡੀ.ਏ. ਨੇ ਇਸ ਯਾਦਗਾਰ ਦੇ ਨੀਂਹ ਪੱਥਰ ਰੱਖਣ ਤੋਂ ਕੁਝ ਸਮਾਂ ਪਹਿਲਾਂ ਇਕ ਨੋਟਿਸ ਨੀਂਹ ਪੱਥਰ ਵਾਲੇ ਧੜੇ ਉਪਰ ਚਿਪਕਾ ਕੇ ਉਸਾਰੀ ਦੀ ਮਨਾਹੀ ਕਰ ਕੇ ਸਰਕਾਰੀ ਰਸਮ ਪੂਰੀ ਕਰ ਦਿੱਤੀ ਸੀ।

ਇਸ ਯਾਦਗਾਰ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕੀਤਾ ਗਿਆ ਹੈ ਤੇ ਕਈ ਨਵੇਂ ਫੀਚਰ ਇਸ ਯਾਦਗਾਰ ਨੂੰ ਦੇਖਣਯੋਗ ਬਣਾਉਣ ਲਈ ਵਰਤੇ ਗਏ ਹਨ। ਕਮੇਟੀ ਆਗੂਆਂ ਦਾ ਮੰਨਣਾ ਹੈ ਕਿ ਇਹ ਯਾਦਗਾਰ ਭਾਰਤੀ ਸੰਸਦ ਦੇ ਨੇੜੇ ਬਣੀ ਹੋਣ ਕਰਕੇ ਇਨਸਾਫ ਲਈ ਅੱਖਾਂ ਬੰਦ ਕਰ ਕੇ ਬੈਠੀ ਹੋਈ ਹਰ ਸਿਆਸੀ ਸ਼ਖਸੀਅਤ ਨੂੰ ਇਹ 'ਸਿੱਖ ਨਸਲਕੁਸ਼ੀ' ਯਾਦਗਾਰ ਆਪਣੀ ਹੋਣੀ ਬਾਰੇ ਦੱਸਦੀ ਰਹੇਗੀ।

## ਹਾਈ ਕੋਰਟ ਨੂੰ ਵੀ ਜੈਲਲਿਤਾ ਦੀ ਮੌਤ 'ਤੇ ਸ਼ੱਕ

**ਚੇਨਈ:** ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਦੀ ਮੌਤ ਉਤੇ ਮਦਰਾਸ ਹਾਈ ਕੋਰਟ ਵੱਲੋਂ ਸ਼ੱਕ ਜ਼ਾਹਰ ਕਰਦਿਆਂ ਪੁੱਛਿਆ ਗਿਆ ਹੈ ਕਿ ਮੌਤ ਤੋਂ ਬਾਅਦ ਉਸ ਦੀ ਲਾਸ਼ ਨੂੰ ਬਾਹਰ ਕਿਉਂ ਨਹੀਂ ਕੱਢਿਆ ਜਾ ਸਕਦਾ।

ਮਦਰਾਸ ਹਾਈ ਕੋਰਟ ਦੇ ਜੱਜ ਜਸਟਿਸ ਵੈਦਲਿੰਗਮ ਨੇ ਜੈਲਲਿਤਾ ਦੀ ਮੌਤ ਦੀ ਜਾਂਚ ਕਰਨ ਲਈ ਅੰਨਾਦੁਰਮਕ ਦੇ ਇਕ ਕਾਰਕੁੰਨ ਜੋਸਫ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਦੌਰਾਨ ਕਿਹਾ ਕਿ ਮੀਡੀਆ ਨੇ ਉਸ ਦੀ ਮੌਤ 'ਤੇ ਸ਼ੱਕ ਜ਼ਾਹਰ ਕੀਤਾ ਹੈ ਤੇ ਨਿੱਜੀ ਤੌਰ ਉਤੇ ਉਨ੍ਹਾਂ ਨੂੰ ਵੀ ਜੈਲਲਿਤਾ ਦੀ ਮੌਤ 'ਤੇ ਸ਼ੱਕ ਹੈ।

ਜੱਜ ਨੇ ਕਿਹਾ ਕਿ ਲੋਕਾਂ ਨੂੰ ਉਨ੍ਹਾਂ ਦੀ ਮੌਤ ਦੀ ਸੱਚਾਈ ਜਾਨਣ ਦਾ ਅਧਿਕਾਰ ਹੈ, ਜਦੋਂ ਉਹ ਹਸਪਤਾਲ ਵਿਚ ਭਰਤੀ ਸੀ ਤਾਂ ਮੀਡੀਆ 'ਚ ਕਿਹਾ ਜਾ ਰਿਹਾ ਸੀ ਕਿ ਉਹ ਨਿਯਮਿਤ ਖਾਣਾ ਲੈ ਰਹੀ ਹੈ, ਮੀਟਿੰਗਾਂ ਕਰ ਰਹੀ ਹੈ, ਪੇਪਰਾਂ ਉਤੇ ਦਸਤਖਤ ਕਰ ਰਹੀ ਹੈ ਤੇ ਅਚਾਨਕ ਉਨ੍ਹਾਂ ਦੀ ਮੌਤ ਦੀ ਖ਼ਬਰ ਆ ਗਈ। ਹੁਣ ਉਸ ਦੀ ਮੌਤ ਤੋਂ ਬਾਅਦ ਪੂਰਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਅਦਾਲਤ ਨੇ ਹਸਪਤਾਲ ਤੋਂ ਜੈਲਲਿਤਾ ਦੀ ਸਿਹਤ ਸੰਬੰਧੀ ਪੂਰੀ ਮੈਡੀਕਲ ਰਿਪੋਰਟ ਮੰਗ ਲਈ ਹੈ। ਜ਼ਿਕਰਯੋਗ ਹੈ ਕਿ 5 ਵਾਰ ਤਾਮਿਲਨਾਡੂ ਦੀ ਮੁੱਖ ਮੰਤਰੀ ਰਹੀ ਜੈਲਲਿਤਾ 2 ਮਹੀਨੇ ਤੱਕ ਅਪੋਲੋ ਹਸਪਤਾਲ ਵਿਚ ਇਲਾਜ ਲਈ ਦਾਖਲ ਰਹੀ ਸੀ ਤੇ ਮੌਤ ਤੋਂ ਪਹਿਲਾਂ ਕਿਹਾ ਜਾ ਰਿਹਾ ਸੀ ਕਿ ਉਹ ਠੀਕ-ਠਾਕ ਹੈ ਤੇ ਜਲਦ ਹੀ ਆਪਣੇ ਘਰ ਜਾ ਸਕਦੀ ਹੈ।

# ਸਮਾਜਵਾਦੀ ਪਾਰਟੀ 'ਚ ਖਾਨਾਜੰਗੀ ਨੇ ਫੜਿਆ ਜ਼ੋਰ

**ਲਖਨਊ:** ਉਤਰ ਪ੍ਰਦੇਸ਼ ਵਿਚ ਸੱਤਾਧਾਰੀ ਸਮਾਜਵਾਦੀ ਪਾਰਟੀ ਵਿਚ ਖਾਨਾਜੰਗੀ ਰੁਕਣ ਦਾ ਨਾਂ ਨਹੀਂ ਲੈ ਰਹੀ। ਅਖਿਲੇਸ਼ ਯਾਦਵ ਤੇ ਰਾਮ ਗੋਪਾਲ ਯਾਦਵ ਦੀ ਵਾਪਸੀ ਬਾਅਦ ਮੱਠੀ ਹੁੰਦੀ ਜੰਗ ਨੇ ਉਦੋਂ ਨਵਾਂ ਮੋੜ ਲੈ ਲਿਆ ਜਦੋਂ ਪਾਰਟੀ ਦੀ ਕੌਮੀ ਕਨਵੈਨਸ਼ਨ ਵਿਚ ਮੁਲਾਇਮ ਸਿੰਘ ਯਾਦਵ ਦੀ ਜਗ੍ਹਾ ਅਖਿਲੇਸ਼ ਯਾਦਵ ਨੂੰ ਕੌਮੀ ਪ੍ਰਧਾਨ ਥਾਪ ਦਿੱਤਾ ਗਿਆ।

ਮੁਲਾਇਮ ਸਿੰਘ ਨੇ ਪਾਰਟੀ ਦੀ ਕੌਮੀ ਕਨਵੈਨਸ਼ਨ ਵਿਚ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਕੌਮੀ ਪ੍ਰਧਾਨ ਨਿਯੁਕਤ ਕਰਨ ਸਮੇਤ ਕੀਤੇ ਗਏ ਸਾਰੇ ਫੈਸਲਿਆਂ ਨੂੰ ਗੈਰ ਸੰਵਿਧਾਨਕ ਕਰਾਰ ਦਿੰਦਿਆਂ ਕਨਵੈਨਸ਼ਨ ਦੇ ਕਰਤਾ-ਧਰਤਾ ਤੇ ਪਾਰਟੀ ਦੇ ਜਨਰਲ ਸਕੱਤਰ ਰਾਮ ਗੋਪਾਲ ਯਾਦਵ ਨੂੰ ਮੁੜ ਪਾਰਟੀ ਵਿਚੋਂ ਕੱਢ ਦਿੱਤਾ ਹੈ। ਇਸ ਤੋਂ ਪਹਿਲਾਂ ਕਨਵੈਨਸ਼ਨ 'ਚ ਸ਼ਿਵਪਾਲ ਸਿੰਘ ਯਾਦਵ ਨੂੰ ਪਾਰਟੀ ਦੇ ਸੂਬਾਈ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਤੋਂ ਇਲਾਵਾ ਅਮਰ ਸਿੰਘ ਨੂੰ ਪਾਰਟੀ ਤੋਂ ਬਾਹਰੀ ਕਰਾਰ ਦਿੰਦਿਆਂ ਉਸ ਨੂੰ ਬਰਖਾਸਤ ਕਰਨ ਲਈ ਮਤਾ ਪਾਸ ਕੀਤਾ ਗਿਆ ਸੀ।



ਇਨ੍ਹਾਂ ਫੈਸਲਿਆਂ ਤੋਂ ਭਖੇ ਮੁਲਾਇਮ ਸਿੰਘ ਨੇ ਜਵਾਬੀ ਕਾਰਵਾਈ ਕਰਦਿਆਂ ਸਖਤ ਪੱਤਰ ਜਾਰੀ ਕੀਤਾ ਕਿ ਕੌਮੀ ਕਨਵੈਨਸ਼ਨ ਪਾਰਟੀ ਦੇ ਕੌਮੀ ਪ੍ਰਧਾਨ ਦੀ ਆਗਿਆ ਬਗੈਰ ਸੱਦੀ ਗਈ ਹੈ, ਜਿਸ ਕਾਰਨ ਇਸ ਵਿਚ ਲਏ ਗਏ ਫੈਸਲੇ ਗੈਰਕਾਨੂੰਨੀ ਤੇ ਅਸੰਵਿਧਾਨਕ ਹਨ। ਪਾਰਟੀ ਸੁਪਰੀਮੋ ਦੀ ਘੁਰਕੀ ਦੇ ਬਾਵਜੂਦ ਸੀਨੀਅਰ ਆਗੂਆਂ ਦੇ ਇਸ ਕਨਵੈਨਸ਼ਨ 'ਚ ਹਾਜ਼ਰੀ ਭਰਨ ਬਾਅਦ ਮੁਲਾਇਮ ਤੇ ਉਨ੍ਹਾਂ ਦਾ ਭਰਾ ਸ਼ਿਵਪਾਲ ਇਕੱਲੇ ਰਹਿ ਗਏ ਹਨ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਨੇ ਕੌਮੀ ਜਨਰਲ ਸਕੱਤਰ ਪ੍ਰੋ. ਰਾਮ ਗੋਪਾਲ ਯਾਦਵ ਨੂੰ ਛੇ ਸਾਲਾਂ ਲਈ ਪਾਰਟੀ ਵਿਚੋਂ ਖਾਰਜ ਕਰ ਦਿੱਤਾ ਅਤੇ ਆਪਣੇ ਪੁੱਤਰ ਅਖਿਲੇਸ਼ ਯਾਦਵ ਦੀ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਹੁਦੇ ਤੋਂ ਛੁੱਟੀ ਦੇ ਹੁਕਮ ਦੇ ਦਿੱਤੇ ਸਨ। ਬਾਅਦ ਵਿਚ ਮੁਲਾਇਮ ਸਿੰਘ ਤੇ ਉਨ੍ਹਾਂ ਦੇ ਛੋਟੇ ਭਰਾ ਸ਼ਿਵਪਾਲ ਸਿੰਘ ਯਾਦਵ ਨੇ ਰਾਮ ਗੋਪਾਲ ਯਾਦਵ ਦੀ ਬਰਤਰਫੀ ਵਾਪਸ ਲੈਣ ਤੇ ਅਖਿਲੇਸ਼ ਦਾ ਅਹੁਦਾ ਬਰਕਰਾਰ ਰੱਖੇ ਜਾਣ ਦਾ ਐਲਾਨ ਕੀਤਾ।

ਦਰਅਸਲ, ਅਖਿਲੇਸ਼ ਨੇ ਦਰਸਾ ਦਿੱਤਾ ਸੀ ਕਿ ਪਾਰਟੀ ਦੇ 229 ਵਿਧਾਇਕਾਂ ਵਿਚੋਂ 200 ਉਸ ਦੇ ਨਾਲ ਹਨ। ਅਜਿਹੇ ਸਪਸ਼ਟ ਪ੍ਰਮਾਣ ਤੋਂ ਹੀ 'ਨੇਤਾ ਜੀ' ਮੁਲਾਇਮ ਸਿੰਘ ਦੇ ਰੌਂਅ ਵਿਚ ਨਰਮੀ ਆਈ ਸੀ, ਪਰ ਤਿਲਕਵੀਂ ਸਿਆਸਤ ਖੇਡਣ ਦੇ ਮਾਹਰ ਸਮਝੇ ਜਾਂਦੇ ਮੁਲਾਇਮ ਸਿੰਘ ਕੰਧ 'ਤੇ ਲਿਖਿਆ ਪੜ੍ਹਨ ਵਿਚ ਨਾਕਾਮ ਰਹੇ। ਉਨ੍ਹਾਂ ਦਾ ਪੁੱਤਰ ਜਾਣ ਚੁੱਕਾ ਸੀ ਕਿ ਸਿਆਸੀ ਬਿਸਾਤ ਦੀਆਂ ਸਾਰੀਆਂ ਗੋਟੀਆਂ ਉਸ ਦੇ ਹੱਥ ਵਿਚ ਹਨ।

## ਧੀ ਤੋਂ ਇਕ ਦਿਨ ਬਾਅਦ ਹੀ ਅਦਾਕਾਰਾ ਡੇਬੀ ਦੀ ਮੌਤ

**ਲਾਸ ਏਂਜਲਸ:** ਉਘੀ ਹਾਲੀਵੁਡ ਅਦਾਕਾਰਾ ਡੇਬੀ ਰੀਨਾਲਡਜ਼ ਦਾ ਦੇਹਾਂਤ ਹੋ ਗਿਆ ਹੈ। ਡੇਬੀ ਰਿਨਾਲਡਜ਼ 84 ਵਰ੍ਹਿਆਂ ਦੀ ਸੀ। ਉਹ ਬੇਵਰਲੀ ਹਿਲਸ ਸਥਿਤ ਆਪਣੇ ਘਰ ਵਿਚ ਬੇਹੋਸ਼ ਮਿਲੀ। ਇਸ ਮਗਰੋਂ ਡੇਬੀ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਜੇ ਇਕ ਦਿਨ ਪਹਿਲਾਂ ਹੀ ਡੇਬੀ ਦੀ ਧੀ ਅਤੇ ਫਿਲਮ ਅਦਾਕਾਰਾ ਕੈਰੀ ਫਿਸ਼ਰ ਦਾ ਦੇਹਾਂਤ ਹੋਇਆ ਹੈ। ਕੈਰੀ ਫਿਸ਼ਰ ਨੂੰ ਦਿਲ ਦਾ ਦੌਰਾ ਪੈ ਗਿਆ ਸੀ।



ਡੇਬੀ ਨੇ 'ਸਿੰਗਿੰਗ ਇਨ ਦਾ ਰੇਨ' (1952) ਵਿਚ ਆਪਣੇ ਦਮਦਾਰ ਕਿਰਦਾਰ ਨਾਲ ਪਛਾਣ ਹਾਸਲ ਕੀਤੀ ਸੀ। ਇਸ ਮੌਕੇ ਡੇਬੀ ਦੀ ਸਹੇਲੀ ਤੇ ਅਦਾਕਾਰਾ ਕੈਰਾਲ ਨੇ ਕਿਹਾ ਕਿ ਉਹ ਬਹੁਤ ਦਿਆਨਤਦਾਰ ਸੀ।

ੴ ਸਤਿਗੁਰ ਪ੍ਰਸਾਦਿ

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

'ਚਾਰ ਮੂਏ ਤੋ ਕਿਆ ਹੁਆ ਜੀਵਿਤ ਕਈ ਹਜਾਰ॥' ਆਖ ਕੇ ਸਰਬੰਸ ਵਾਰਨ ਵਾਲੇ ਖਾਲਸਾ ਪੰਥ ਦੇ ਬਾਨੀ ਕਲਗੀਧਰ ਪਾਤਸ਼ਾਹ ਦਸ਼ਮੇਸ ਪਿਤਾ

# ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

350ਵੇਂ ਪ੍ਰਕਾਸ਼ ਦਿਹਾੜੇ ਦੀ ਸੰਗਤਾਂ ਨੂੰ

# ਕੋਟਾਨਿ ਕੋਟਿ ਵਧਾਈ

## ਸਭਨਾਂ ਨੂੰ ਸਾਲ 2017 ਮੁਬਾਰਕ



ਮੇਜਰ ਗੁਰਚਰਨ ਸਿੰਘ ਝਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

Major Gurcharn Singh Jhaj
Jaidev Singh Bhathal & Sukhraj Singh Takher

# Akal Transport Corporation
# RKJ Properties LLC

# ਨੋਟਬੰਦੀ: ਮੋਦੀ ਦੀ ਮੋਹਲਤ ਖਤਮ, ਪਰ ਦਿੱਕਤਾਂ ਅਜੇ ਵੀ ਜਾਰੀ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੋਟਬੰਦੀ ਦਾ ਐਲਾਨ ਕਰਦਿਆਂ ਲੋਕਾਂ ਦੀਆਂ ਦਿੱਕਤਾਂ ਘਟਾਉਣ ਲਈ 50 ਦਿਨ ਦੀ ਮੋਹਲਤ ਮੰਗੀ ਸੀ। ਇਹ ਸਮਾਂ ਬੀਤ ਗਿਆ, ਪਰ ਆਮ ਦੇਸ਼ ਵਾਸੀਆਂ ਦੀਆਂ ਤਕਲੀਫਾਂ ਘਟਣ ਦੀ ਬਜਾਏ ਹੋਰ ਵਧ ਰਹੀਆਂ ਹਨ।

ਬਹੁਤੇ ਏ.ਟੀ.ਐਮ. ਖਾਲੀ ਹਨ। ਲੋਕ ਮਨਾਂ ਵਿਚ ਅਸ਼ਾਂਤੀ ਵਧਦੀ ਜਾ ਰਹੀ ਹੈ। ਲੋਕਾਂ ਨੇ ਅਰਬਾਂ, ਖਰਬਾਂ ਰੁਪਏ ਦੇ ਪੁਰਾਣੇ ਨੋਟ ਤਾਂ ਬੈਂਕਾਂ ਵਿਚ ਜਮ੍ਹਾਂ ਕਰਵਾ ਦਿੱਤੇ, ਪਰ ਹੁਣ ਉਨ੍ਹਾਂ ਦੇ ਖੀਸੇ ਖਾਲੀ ਹਨ। ਲੋਕਾਂ ਦੇ ਮਨਾਂ ਵਿਚ ਸਵਾਲ ਹੈ ਕਿ ਜੇ ਸਰਕਾਰ ਨੇ ਇਹ ਕਦਮ ਸੋਚ ਸਮਝ ਕੇ ਪੂਰੇ ਯੋਜਨਾਬੱਧ ਢੰਗ ਨਾਲ ਚੁੱਕਿਆ ਹੁੰਦਾ ਤਾਂ ਦੇਸ਼ ਦੀ ਇਹ ਹਾਲਤ ਨਾ ਹੁੰਦੀ।

ਇਸ ਫੈਸਲੇ ਦੇ ਦੋ ਮਹੀਨਿਆਂ ਬਾਅਦ ਵੀ ਨਗਰਾਂ ਤੇ ਸ਼ਹਿਰਾਂ ਦੇ ਛੋਟੇ ਬਾਜ਼ਾਰ ਸੁੰਨੇ ਨਜ਼ਰ ਆਉਂਦੇ ਹਨ। ਦੁਕਾਨਦਾਰਾਂ ਵਿਚ ਨਿਰਾਸ਼ਾ ਹੈ। ਜ਼ਿਮੀਂਦਾਰ ਬੇਹੱਦ ਆਰਥਿਕ ਔਖ ਵਿਚੋਂ ਗੁਜ਼ਰਦਿਆਂ ਨਵੀਆਂ ਫਸਲਾਂ ਬੀਜਣ ਤੇ ਪਾਲਣ ਜਾਂ ਖੇਤੀਬਾੜੀ ਦਾ ਧੰਦਾ ਜਾਰੀ ਰੱਖਣ ਦਾ ਯਤਨ ਤਾਂ ਜ਼ਰੂਰ ਕਰ ਰਹੇ ਹਨ, ਪਰ ਖੇਤੀ ਉਤਪਾਦਨਾਂ ਦੀਆਂ ਕੀਮਤਾਂ ਵਿਚ ਆਈ ਮੰਦੀ ਸਭ ਦੇ ਸਾਹਮਣੇ ਹੈ। ਖੇਤ ਮਜ਼ਦੂਰ ਤੇ ਦਿਹਾੜੀਦਾਰ ਵੱਡੀ ਹੱਦ ਤੱਕ ਵਿਹਲੇ ਹੋ ਕੇ ਬੈਠ ਗਏ ਹਨ।

ਭਵਿੱਖ ਵਿਚ ਉਹ ਕਿਵੇਂ ਕਮਾਉਣਗੇ ਤੇ ਕੀ ਖਾਣਗੇ, ਇਸ ਬਾਰੇ ਸਭ ਕੁਝ ਧੁੰਦਲਾ ਨਜ਼ਰ ਆਉਂਦਾ ਹੈ। ਸਰਕਾਰ ਕੈਸ਼ਲੈੱਸ ਅਰਥ-ਵਿਵਸਥਾ ਲਿਆਉਣ 'ਤੇ ਜ਼ੋਰ ਦੇ ਰਹੀ ਹੈ। ਆਮ ਲੋਕਾਂ ਦੇ ਖੀਸੇ ਖਾਲੀ ਹਨ। ਸਰਕਾਰ ਕਾਲਾ ਧਨ ਅਤੇ ਜਾਅਲੀ ਕਰੰਸੀ ਖਤਮ ਕਰਨ ਦੇ ਦਾਅਵੇ ਕਰ ਰਹੀ ਹੈ, ਪਰ ਉਸ ਵੱਲੋਂ ਨਿੱਤ ਦਿਨ ਜਾਰੀ ਕੀਤੇ ਜਾਂਦੇ ਫੁਰਮਾਨਾਂ ਨਾਲ ਅਫਸਰਸ਼ਾਹੀ ਦੀਆਂ ਪੌਂ ਬਾਰ੍ਹਾਂ ਹੋ ਰਹੀਆਂ ਹਨ।

### 50 ਦਿਨਾਂ ਵਿਚ ਸਭ ਠੀਕ ਹੋਣ ਦਾ ਕੀਤਾ ਸੀ ਦਾਅਵਾ



ਸੁਪਰੀਮ ਕੋਰਟ ਵੀ ਕਈ ਵਾਰੀ ਇਸ ਸਬੰਧੀ ਆਪਣੇ ਵਿਚਾਰ ਜਨਤਕ ਕਰ ਚੁੱਕੀ ਹੈ। ਵਿਰੋਧੀ ਦਲਾਂ ਦੇ ਸਰਕਾਰ ਵਿਰੁੱਧ ਭੜਾਸ ਕੱਢਦਿਆਂ ਗਲੇ ਪਾਟਣ 'ਤੇ ਆ ਚੁੱਕੇ ਹਨ। ਬੈਂਕ ਮੁਲਾਜ਼ਮ ਬੇਹੱਦ ਪ੍ਰੇਸ਼ਾਨ ਹਨ ਤੇ ਮਾਨਸਿਕ ਤਣਾਅ ਵਿਚੋਂ ਗੁਜ਼ਰ ਰਹੇ ਹਨ। ਭਾਜਪਾ ਨੂੰ ਅਕਸਰ ਵਪਾਰੀਆਂ ਦੀ ਪਾਰਟੀ ਕਿਹਾ ਜਾਂਦਾ ਸੀ, ਪਰ ਭਾਜਪਾ ਸਰਕਾਰ ਨੇ ਹੀ ਹਰ ਤਰ੍ਹਾਂ ਦੇ ਵਪਾਰ ਤੇ ਵਪਾਰੀਆਂ ਦਾ ਕਚੂਮਰ ਕੱਢ ਕੇ ਰੱਖ ਦਿੱਤਾ ਹੈ। ਹੁਣ ਤੱਕ ਟੈਕਸਟਾਈਲ, ਆਟੋਮੋਬਾਈਲ ਅਤੇ ਹੋਰ ਹਰ ਤਰ੍ਹਾਂ ਦੀ ਸਨਅਤ ਵਿਚ ਲੱਖਾਂ ਹੀ ਲੋਕ ਬੇਰੁਜ਼ਗਾਰ ਹੋ ਗਏ ਹਨ। ਸੀਮੈਂਟ ਤੋਂ ਲੈ ਕੇ ਹੋਰ ਹਰ ਤਰ੍ਹਾਂ ਦੇ ਮਾਲ ਦੀ ਵਿਕਰੀ ਅੰਤਾਂ ਦੀ ਘਟ ਗਈ ਹੈ।

ਹੈਰਾਨ-ਪ੍ਰੇਸ਼ਾਨ ਹੋਏ ਲੋਕ ਸੋਚਦੇ ਹਨ ਕਿ ਜੇਕਰ ਕਾਲਾ ਧਨ ਤੇ ਭ੍ਰਿਸ਼ਟਾਚਾਰ ਖਤਮ ਕਰਨਾ ਸੀ ਤਾਂ ਉਨ੍ਹਾਂ ਦਾ ਤੇ ਦੇਸ਼ ਦੀ ਅਰਥ-ਵਿਵਸਥਾ ਦਾ ਕਚੂਮਰ ਕਿਉਂ ਕੱਢ ਦਿੱਤਾ ਗਿਆ। ਹੁਣ ਤੱਕ ਸਰਕਾਰ ਵੱਲੋਂ 50 ਦਿਨਾਂ ਵਿਚ ਇਸ ਸਬੰਧੀ 65 ਫੁਰਮਾਨ ਜਾਰੀ ਕੀਤੇ ਜਾ ਚੁੱਕੇ ਹਨ ਤੇ ਫਿਰ ਵੀ ਸਥਿਤੀ ਸਪੱਸ਼ਟ ਹੁੰਦੀ ਦਿਖਾਈ ਨਹੀਂ ਦੇ ਰਹੀ। ਅੱਗੇ ਲਈ ਪ੍ਰਧਾਨ ਮੰਤਰੀ ਨੇ ਕਾਲੇ ਧਨ ਦੇ ਸਰੋਤਾਂ ਨੂੰ ਰੋਕਣ ਲਈ ਕੀ ਯੋਜਨਾਵਾਂ ਬਣਾਈਆਂ ਹਨ, ਇਸ ਦਾ ਖੁਲਾਸਾ ਉਨ੍ਹਾਂ ਕਦੇ ਨਹੀਂ ਕੀਤਾ। ਕਾਹਲੀ ਵਿਚ ਸਰਕਾਰ ਵੱਲੋਂ ਪੁੱਟਿਆ ਗਿਆ ਇਹ ਕਦਮ ਉਨ੍ਹਾਂ ਦੀਆਂ ਮੁਸੀਬਤਾਂ ਵਿਚ ਵਾਧਾ ਹੀ ਕਰ ਰਿਹਾ ਹੈ।

## ਸੈਲਾਨੀ ਭੁੱਲੇ ਗੋਆ ਦੀਆਂ ਬੀਚਾਂ

**ਗੋਆ:** ਨੋਟਬੰਦੀ ਨਾਲ ਪੈਦਾ ਹੋਈਆਂ ਦਿੱਕਤਾਂ ਹੌਲੀ-ਹੌਲੀ ਘੱਟ ਹੋਣ ਦਾ ਦਾਅਵਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ, ਪਰ ਇਸ ਦਾ ਅਸਰ ਸੈਲਾਨੀ ਖੇਤਰ ਉਤੇ ਸਭ ਤੋਂ ਜ਼ਿਆਦਾ ਪਿਆ ਹੈ। ਖਾਸ ਤੌਰ ਉਤੇ ਨੋਟਬੰਦੀ ਦਾ ਮਾਰੂ ਅਸਰ ਗੋਆ ਦੇ ਟੂਰਿਜ਼ਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਲੱਗਾ ਹੈ। ਅਕਸਰ ਨਵੇਂ ਸਾਲ ਮੌਕੇ ਗੋਆ ਵਿਚ ਸੈਲਾਨੀਆਂ ਦੀ ਖੂਬ ਭੀੜ ਹੁੰਦੀ ਹੈ। ਇਸ ਵਾਰ ਇਥੇ ਪਿਛਲੇ ਸਾਲ ਦੇ ਮੁਕਾਬਲੇ 40 ਫੀਸਦੀ ਘੱਟ ਸੈਲਾਨੀ ਪਹੁੰਚੇ ਹਨ।

ਗੋਆ ਵਿਚ ਛੋਟੇ-ਵੱਡੇ ਕਰੀਬ 2500 ਹੋਟਲ ਹਨ। ਵੱਡੇ ਹੋਟਲਾਂ ਵਿਚ ਤਾਂ ਪੇਮੈਂਟ ਕਾਰਡ ਰਾਹੀਂ ਹੋ ਰਹੀ ਹੈ, ਪਰ ਛੋਟੇ ਹੋਟਲਾਂ ਵਿਚ ਨਕਦ ਹੁੰਦੀ ਹੈ। ਇਸ ਕਰ ਕੇ ਕੈਸ਼ ਦੀ ਕਿੱਲਤ ਕਾਰਨ ਲੋਕ ਗੋਆ ਆਉਣ ਤੋਂ ਕਿਨਾਰਾ ਕਰ ਰਹੇ ਹਨ। ਸੈਲਾਨੀਆਂ ਦੇ ਘੱਟ ਆਉਣ ਕਾਰਨ ਟੈਕਸੀ ਉਦਯੋਗ ਉਤੇ ਵੀ ਇਸ ਦਾ ਮਾਰੂ ਅਸਰ ਪਿਆ ਹੈ। ਗੋਆ ਵਿਚ ਰਹਿਣ ਵਾਲੇ ਲੋਕਾਂ ਦੀ ਕਮਾਈ ਦਾ ਮੁੱਖ ਸਾਧਨ ਸੈਲਾਨੀ ਹਨ। ਇਥੇ ਅਕਤੂਬਰ ਤੋਂ ਮਈ ਤੱਕ ਟੂਰਿਜ਼ਮ ਦਾ ਸੀਜ਼ਨ ਚੱਲਦਾ ਹੈ। ਇਸ ਦੌਰਾਨ ਇਥੇ ਦੇ ਲੋਕ ਪੂਰੇ ਸਾਲ ਦੀ ਕਮਾਈ ਕਰਦੇ ਹਨ। ਗੋਆ ਵਿਚ ਟੂਰਿਜ਼ਮ ਸੈਕਟਰ ਦੀ ਹਰ ਸਾਲ ਦੀ ਕਮਾਈ 500 ਕਰੋੜ ਦੇ ਆਸਪਾਸ ਹੈ।

## ਰਾਹੁਲ ਦੇ ਮੋਦੀ ਨੂੰ 5 ਸਵਾਲ

**ਨਵੀਂ ਦਿੱਲੀ:** ਨੋਟਬੰਦੀ ਬਾਰੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੋਂ ਪੰਜ ਸਵਾਲ ਮੁੜ ਦੁਹਰਾਉਂਦਿਆ ਪੁੱਛਿਆ ਹੈ ਕਿ ਅੱਠ ਨਵੰਬਰ ਨੂੰ ਨੋਟਬੰਦੀ ਦੇ ਐਲਾਨ ਤੋਂ ਬਾਅਦ ਕਿੰਨਾ ਕਾਲਾ ਧਨ ਜ਼ਬਤ ਕੀਤਾ ਗਿਆ ਹੈ ਤੇ ਕਿੰਨੇ ਲੋਕਾਂ ਦਾ ਕੰਮਕਾਰ ਖੁੱਸਿਆ ਹੈ। ਕਾਂਗਰਸ ਉਪ-ਪ੍ਰਧਾਨ ਨੇ ਮੋਦੀ ਨੂੰ ਟਵੀਟ ਕਰ ਪੁੱਛਿਆ ਹੈ ਕਿ ਉਨ੍ਹਾਂ ਨੋਟਬੰਦੀ ਦਾ ਐਲਾਨ ਕਰਨ ਤੋਂ ਪਹਿਲਾਂ ਕਿਹੜੇ ਲੋਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਸੀ ਤੇ ਇਸ ਦੇ ਨਾਲ ਹੀ ਹੈਰਾਨੀ ਪ੍ਰਗਟ ਕੀਤੀ ਹੈ ਕਿ ਉਨ੍ਹਾਂ ਮਾਹਿਰਾਂ, ਅਰਥ-ਸ਼ਾਸਤਰੀਆਂ ਤੇ ਆਰ.ਬੀ.ਆਈ. ਨਾਲ ਕਿਉਂ ਸਲਾਹ ਨਹੀਂ ਕੀਤੀ। ਰਾਹੁਲ ਨੇ ਪੁੱਛਿਆ ਕਿ ਨੋਟਬੰਦੀ ਦੇ ਐਲਾਨ ਤੋਂ 6 ਮਹੀਨੇ ਪਹਿਲਾਂ ਕਿੰਨੇ ਲੋਕਾਂ ਨੇ ਬੈਂਕ ਖਾਤਿਆਂ ਵਿਚ 25 ਲੱਖ ਰੁਪਏ ਤੋਂ ਵੱਧ ਰਕਮ ਜਮ੍ਹਾਂ ਕਰਵਾਈ ਹੈ। ਕਿੰਨੇ ਲੋਕਾਂ ਦੀ ਨੋਟਬੰਦੀ ਦੌਰਾਨ ਮੌਤ ਹੋਈ? ਮਰਨ ਵਾਲਿਆਂ ਨੂੰ ਕਿੰਨਾ ਮੁਆਵਜ਼ਾ ਮਿਲਿਆ?

# ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੀ ਸਥਿਤੀ ਮਜਬੂਤ: ਸੁੱਖਬੀਰ ਸਿੰਘ ਸੁੱਖ

**ਕੈਲਗਰੀ, ਕੈਨੇਡਾ (ਬਿਊਰੋ):** ਕੈਲਗਰੀ ਤੋਂ ਕਾਂਗਰਸ ਦੇ ਐਨ.ਆਰ.ਆਈ. ਵਿੰਗ ਦੇ ਜਨਰਲ ਸਕੱਤਰ ਅਤੇ ਬੁਲਾਰੇ ਸੁੱਖਬੀਰ ਸਿੰਘ ਸੁੱਖ ਨੇ ਕਿਹਾ ਹੈ ਕਿ ਆਉਂਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੀ ਸਥਿਤੀ ਪੂਰੀ ਤਰ੍ਹਾਂ ਮਜਬੂਤ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਪੰਜਾਬ ਕਾਂਗਰਸ ਹੋਰ ਮਜਬੂਰ ਹੋਈ ਹੈ।

ਸੁੱਖਬੀਰ ਸਿੰਘ ਸੁੱਖ ਨੇ ਆਖਿਆ ਕਿ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਆਗੂਆਂ ਨੂੰ ਇਸ ਗੱਲ ਦਾ ਅੰਦਾਜ਼ਾ ਲੱਗ ਗਿਆ ਹੈ ਕਿ ਪੰਜਾਬ ਵਿਚ ਸਰਕਾਰ ਕਾਂਗਰਸ ਦੀ ਹੀ ਬਣੇਗੀ ਜਿਸ ਕਾਰਨ ਕਈ ਨਾਮੀ ਆਗੂ ਕਾਂਗਰਸ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਬੀਬੀ ਆਸ਼ਾ ਕੁਮਾਰੀ ਨੇ ਵੀ ਉਮੀਦ ਪ੍ਰਗਟਾਈ ਹੈ ਕਿ ਦੂਜੀਆਂ ਪਾਰਟੀਆਂ ਦੇ ਕਈ ਹੋਰ ਆਗੂ ਵੀ ਜਲਦ ਕਾਂਗਰਸ ਵਿਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦਾ ਚੋਣ ਮੈਨੀਫੈਸਟੋ ਸਾਬਕਾ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਜਾਰੀ ਕਰਨਗੇ। ਕੈਪਟਨ ਅਮਰਿੰਦਰ ਸਿੰਘ ਨੇ ਜੋ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਹਨ, ਉਹ ਉਨ੍ਹਾਂ 'ਤੇ ਪੂਰਾ ਉਤਰਨਗੇ। ਪੰਜਾਬ ਵਾਸੀ ਵੀ ਪੰਜਾਬ ਵਿਚ ਕਾਂਗਰਸ ਦੀ



ਸੁੱਖਬੀਰ ਸਿੰਘ ਸੁੱਖ

ਸਰਕਾਰ ਬਣੀ ਦੇਖਣਾ ਚਾਹੁੰਦੇ ਹਨ। ਸੁਧੀਰ ਸ਼ਾਹੀ, ਹਰਜੀਤ ਸੰਧੂ, ਬਲਰਾਮ ਸਿੰਘ, ਦਲਜੀਤ ਗਿੱਲ, ਗੁਰਬਾਜ ਸਿੰਘ ਅਤੇ ਰਾਜੂ ਵੇਰਕਾ ਅਤੇ ਹੋਰ ਅਹੁਦੇਦਾਰ ਨੇ ਵੀ ਅਜਿਹੇ ਹੀ ਵਿਚਾਰ ਪ੍ਰਗਟਾਏ ਹਨ।

# ਵ੍ਹੇਲ ਮੱਛੀ ਨੇ ਬਣਾਏ ਤਿੰਨ ਮਛੇਰੇ ਕਰੋੜਪਤੀ

**ਓਮਾਨ:** ਤਿੰਨ ਮਛੇਰੇ ਰਾਤੋਂ-ਰਾਤ ਕਰੋੜਪਤੀ ਬਣ ਗਏ। ਇਨ੍ਹਾਂ ਤਿੰਨਾਂ ਦੇ ਕਰੋੜਪਤੀ ਬਣਨ ਦੀ ਵਜ੍ਹਾ ਵ੍ਹੇਲ ਦੀ ਉਲਟੀ ਬਣੀ। ਏਂਬਰਗਰਿਸ ਨਾਮ ਵਾਲੀ ਵ੍ਹੇਲ ਦੀ ਉਲਟੀ ਵਿਚ ਬਹੁਤ ਹੀ ਕੀਮਤੀ ਵੈਕਸ (ਮੋਮ) ਪਾਏ ਜਾਂਦੇ ਹਨ। ਇਨ੍ਹਾਂ ਤਿੰਨਾਂ ਮਛੇਰਿਆਂ ਨੂੰ ਇਸ ਦੀ ਬਦੌਲਤ ਹੁਣ 25 ਲੱਖ ਅਮਰੀਕੀ ਡਾਲਰ ਮਿਲਣ ਜਾ ਰਹੇ ਹਨ।

ਪਿਛਲੇ ਹਫਤੇ 40 ਸਾਲਾ ਖਾਲਿਦ ਅਲ ਸਿਨਾਨੀ ਨੂੰ ਕੁਰਾਇਤ ਪ੍ਰਾਂਤ ਵਿਚ ਸਮੁੰਦਰ ਤੱਟ ਉਤੇ ਵ੍ਹੇਲ ਦੀ ਉਲਟੀ ਤੈਰਦੀ ਮਿਲੀ ਸੀ। ਏਂਬਰਗਰਿਸ ਵ੍ਹੇਲ ਦੀ ਉਲਟੀ ਦਰਅਸਲ ਬਹੁਤ ਕੀਮਤੀ ਵੈਕਸ ਹੁੰਦੀ ਹੈ, ਜੋ ਵ੍ਹੇਲ ਦੀਆਂ ਆਂਦਰਾਂ ਵਿਚੋਂ ਰਿਸਣ ਵਾਲੇ ਪਦਾਰਥ ਤੋਂ ਬਣੀ ਹੁੰਦੀ ਹੈ। ਏਂਬਰਗਰਿਸ ਨੂੰ ਇਕ ਬਕਸੇ ਵਿਚ ਬੰਦ ਕਰਨ ਦੇ ਬਾਅਦ ਉਨ੍ਹਾਂ ਨੇ ਇਸ ਦੀ ਪਛਾਣ ਲਈ ਮਾਹਿਰਾਂ ਨੂੰ ਬੁਲਾਇਆ। ਮਛੇਰਿਆਂ ਨੇ ਦੱਸਿਆ ਕਿ ਜਦੋਂ ਇਹ ਪੱਕਾ ਹੋ ਗਿਆ ਕਿ ਉਹ

### ਤਿੰਨਾਂ ਨੂੰ 25 ਲੱਖ ਅਮਰੀਕੀ ਡਾਲਰ ਮਿਲਣਗੇ



ਏਂਬਰਗਰਿਸ ਹੀ ਹੈ। ਅਸੀਂ ਉਸ ਨੂੰ ਕੱਟਣਾ ਸ਼ੁਰੂ ਕਰ ਦਿੱਤਾ, ਤਾਂ ਕਿ ਉਸ ਨੂੰ ਸੁਕਾ ਕੇ ਵੇਚਿਆ ਜਾ ਸਕੇ। ਖਾਲਿਦ ਕਹਿੰਦੇ ਹਨ ਕਿ ਇਸ ਨੂੰ ਵੇਚਣ ਦੇ ਬਾਅਦ ਮੈਂ ਰੀਅਲ ਅਸਟੇਟ ਦੇ ਖੇਤਰ ਵਿਚ ਆਪਣਾ ਕੈਰੀਅਰ ਬਣਾਉਣਾ ਚਾਹੁੰਦਾ ਹਾਂ।

# ਯੂ.ਪੀ. ਚੋਣਾਂ ਤੋਂ ਪਹਿਲਾਂ ਰਾਮ ਮੰਦਰ ਦਾ ਮੁੱਦਾ ਭਖਾਇਆ

**ਨਾਗਪੁਰ:** ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਮ ਮੰਦਰ ਦਾ ਮੁੱਦਾ ਫਿਰ ਗਰਮਾ ਗਿਆ ਹੈ। ਨਾਗਪੁਰ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਿਹਾ ਹੈ ਕਿ ਰਾਮ ਜਨਮ ਭੂਮੀ ਦੀ ਜ਼ਮੀਨ ਦੀ ਵੰਡ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ। ਅਯੁੱਧਿਆ ਵਿਚ ਜ਼ਮੀਨ ਵੰਡ ਦਾ ਕੇਸ ਫਿਲਹਾਲ ਸੁਪਰੀਮ ਕੋਰਟ ਵਿਚ ਵਿਚਾਰਅਧੀਨ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮਹਾਮੰਤਰੀ ਚੰਪਕ ਰਾਏ ਨੇ ਕਿਹਾ ਹੈ ਕਿ ਜਨਮ ਭੂਮੀ ਦੀ ਵੰਡ ਨਹੀਂ ਹੋ ਸਕਦੀ। ਹਿੰਦੂ ਸਮਾਜ ਨੂੰ ਪੂਰੀ ਭੂਮੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਭਗਵਾਨ ਦੀ ਜ਼ਮੀਨ ਹੈ। ਇਹ ਮੋਦੀ ਸਰਕਾਰ ਦਾ ਵਿਚਾਰ ਨਹੀਂ ਹੈ। ਇਹ ਸਾਡਾ ਆਪਣਾ ਮਿਸ਼ਨ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕੱਲ੍ਹ ਨਹੀਂ ਸੀ ਤੇ ਆਉਣ ਵਾਲੇ ਕੱਲ੍ਹ ਦਾ ਕਿਸੇ ਨੂੰ ਪਤਾ ਨਹੀਂ। ਚੰਪਕ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਨੇ ਕਦੇ ਵੀ ਇਸ ਮੁੱਦੇ ਉਤੇ ਉਨ੍ਹਾਂ ਨੂੰ ਰਾਹ ਨਹੀਂ ਵਿਖਾਇਆ। ਅਯੁੱਧਿਆ ਦੀ



ਇਹ ਜ਼ਮੀਨ ਕਿਸ ਦੀ ਹੈ, ਇਸ ਬਾਰੇ ਤਕਰੀਬਨ ਸਾਢੇ 400 ਸਾਲ ਤੋਂ ਵਿਵਾਦ ਹੈ। 2010 ਵਿਚ ਇਲਾਹਬਾਦ ਹਾਈ ਕੋਰਟ ਦਾ ਫੈਸਲਾ ਆਇਆ ਸੀ। ਹਾਈ ਕੋਰਟ ਨੇ ਜ਼ਮੀਨ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਸੀ। ਦੋ ਤਿਹਾਈ ਹਿੱਸਾ ਹਿੰਦੂਆਂ ਨੂੰ ਮਿਲਿਆ ਤੇ ਇਕ ਤਿਹਾਈ ਸੁੰਨੀ ਵਕਫ ਬੋਰਡ ਨੂੰ ਮਿਲਿਆ। ਹਾਲਾਂਕਿ ਕੋਈ ਵੀ ਪੱਖ ਇਸ ਫੈਸਲੇ ਨਾਲ ਸੰਤੁਸ਼ਟ ਨਹੀਂ ਹੋਇਆ। ਹੁਣ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ।

# ਚੀਨ ਵੱਲੋਂ ਹਿਮਾਲਿਆ ਦਾ ਪਾਣੀ ਬੋਤਲਾਂ 'ਚ ਬੰਦ

**ਬੀਜਿੰਗ:** ਆਪਣੀ ਬਿਹਤਰ ਜਲ ਗੁਣਵੱਤਾ ਲਈ ਮਸ਼ਹੂਰ ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੇ ਪਾਣੀ ਦਾ ਚੀਨ ਵਿਚ ਵੱਡਾ ਕਾਰੋਬਾਰ ਸ਼ੁਰੂ ਹੋ ਗਿਆ ਹੈ। ਇਨ੍ਹਾਂ ਨਦੀਆਂ ਦੇ ਪਾਣੀ ਦੀਆਂ ਬੋਤਲਾਂ ਲੈ ਕੇ ਚਾਰਟਰ ਰੇਲ ਤਿੱਬਤ ਖੁਦਮੁਖਤਾਰ ਖੇਤਰ ਦੀ ਰਾਜਧਾਨੀ ਲਹਾਸਾ ਤੋਂ ਪੂਰਬੀ ਚੀਨ ਦੇ ਝੇਜਿਆਂਗ ਸੂਬੇ ਦੇ ਨਿੰਗਬੋ ਸ਼ਹਿਰ ਲਈ ਰਵਾਨਾ ਹੋਈ। ਇਸ ਨਵੇਂ ਕਾਰੋਬਾਰ ਨਾਲ ਭਾਰਤ ਨੂੰ ਮਿਲਣ ਵਾਲੇ ਪਾਣੀ ਦੀ ਮਾਤਰਾ 'ਚ ਕਮੀ ਹੋਣ ਦਾ ਖਦਸ਼ਾ ਹੈ।

ਤਿੱਬਤ ਦੇ ਹਿਮਾਲਿਆਈ ਖੇਤਰ ਤੋਂ ਉਚ ਗੁਣਵੱਤਾ ਵਾਲਾ ਪਾਣੀ ਲੈ ਕੇ ਗੱਡੀਆਂ ਦੇ ਚੀਨ ਜਾਣ ਦਾ ਸਿਲਸਿਲਾ ਹੁਣ ਜਾਰੀ ਰਹਿਣ ਦੀ ਉਮੀਦ ਹੈ। ਲਹਾਸਾ ਤੋਂ ਗੱਡੀਆਂ ਨੂੰ ਬੀਜਿੰਗ, ਕਿੰਗਦਾਓ, ਝੇਂਝੋਊ, ਗਵਾਂਝੋਊ, ਚੇਂਗਦੂ ਤੇ ਲੇਨਝੋਊ ਭੇਜਣ ਦੀ ਯੋਜਨਾ ਹੈ। 35 ਬੋਗੀਆਂ ਵਿਚ 1890 ਟਨ ਵਜ਼ਨੀ ਪਾਣੀ ਦੀਆਂ ਬੋਤਲਾਂ ਲੈ ਕੇ ਇਹ ਰੇਲ ਕਰੀਬ 4500 ਕਿਲੋਮੀਟਰ ਦਾ ਸਫਰ ਛੇ ਦਿਨਾਂ ਵਿਚ ਤੈਅ ਕਰੇਗੀ। ਤਿੱਬਤ ਨੂੰ ਏਸ਼ੀਆ ਦਾ ਜਲ ਸੰਪਨ ਖੇਤਰ ਕਿਹਾ ਜਾਂਦਾ ਹੈ।

ਉਚਾਈ ਉਤੇ ਹੋਣ ਕਾਰਨ ਇਹ ਹਿਮਾਲਿਆ ਦੇ ਸਭ ਤੋਂ ਜ਼ਿਆਦਾ ਨੇੜੇ ਹੈ। ਇਸ ਇਲਾਕੇ ਨੇ ਇਕੱਲੇ 2015 ਵਿਚ ਚਾਰ ਲੱਖ ਟਨ ਕੁਦਰਤੀ ਪੀਣ ਵਾਲਾ ਪਾਣੀ ਪੈਦਾ ਕੀਤਾ,




ਪਰ ਦੁਰਗਮ ਸਥਾਨ ਹੋਣ ਤੇ ਆਵਾਜਾਈ ਉਤੇ ਹੋਣ ਵਾਲੇ ਵੱਡੇ ਖਰਚ ਦੇ ਮੱਦੇਨਜ਼ਰ ਇਸ ਨੂੰ ਮੈਦਾਨੀ ਇਲਾਕਿਆਂ 'ਚ ਨਹੀਂ ਭੇਜਿਆ ਜਾ ਸਕਿਆ ਸੀ।

ਪਾਣੀ ਦੀ ਗੁਣਵੱਤਾ ਤੇ ਇਸ ਦੀ ਵਿਕਰੀ ਦੀ ਸੰਭਾਵਨਾ ਨੂੰ ਦੇਖਦੇ ਹੋਏ ਚੀਨੀ ਕੰਪਨੀਆਂ ਨੇ ਪਾਣੀ ਨੂੰ ਲਿਆਉਣ ਲਈ ਪੂਰੀ ਯੋਜਨਾ ਤਿਆਰ ਕੀਤੀ ਤੇ 2016 ਦੇ ਅੰਤ ਵਿਚ ਇਸ ਨੂੰ ਅਮਲੀ ਕਰ ਦਿਖਾਇਆ ਹੈ। ਆਉਣ ਵਾਲੇ ਦਿਨਾਂ ਵਿਚ ਇਸ ਪਾਣੀ ਦੀ ਵਿਕਰੀ ਵਧਣ ਦੀ ਸੰਭਾਵਨਾ ਹੈ। ਇਸ ਦਾ ਉਤਪਾਦਨ ਅਗਲੇ ਪੰਜ ਸਾਲ 'ਚ 50 ਲੱਖ ਟਨ ਤੱਕ ਵਧਾਉਣ ਦੀ ਯੋਜਨਾ ਹੈ। ਇਸ ਨਾਲ ਤਿੱਬਤ ਦੇ ਵਿਕਾਸ ਲਈ ਜ਼ਿਆਦਾ ਧਨ ਮੁਹੱਈਆ ਹੋਵੇਗਾ ਤੇ ਨਵੀਆਂ ਆਰਥਿਕ ਸੰਭਾਵਨਾਵਾਂ ਦੇ ਦੁਆਰ ਖੁੱਲਣਗੇ। ਸ਼ਾਇਦ ਇਸੇ ਸੰਭਾਵਨਾ ਨੂੰ ਧਿਆਨ ਵਿਚ ਰੱਖਦੇ ਹੋਏ ਚੀਨ ਨੇ ਬ੍ਰਹਮਪੁੱਤਰ ਸਮੇਤ ਕਈ ਨਦੀਆਂ ਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ 'ਤੇ ਬੰਨ੍ਹ ਬਣਾਉਣੇ ਹਨ। ਇਨ੍ਹਾਂ ਤੋਂ ਪੀਣ ਦੇ ਪਾਣੀ ਦੇ ਨਾਲ-ਨਾਲ ਬਿਜਲੀ ਦੀ ਪੈਦਾਵਾਰ ਵਿਚ ਵੀ ਮਦਦ ਮਿਲੇਗੀ। ਸੁਭਾਵਿਕ ਹੈ ਕਿ ਇਸ ਨਾਲ ਭਾਰਤ 'ਚ ਆਉਣ ਵਾਲੇ ਪਾਣੀ ਦੀ ਮਾਤਰਾ ਤੇ ਗੁਣਵੱਤਾ ਪ੍ਰਭਾਵਿਤ ਹੋਵੇਗੀ।


ਸਰਬੰਸ ਦਾਨੀ, ਖਾਲਸਾ ਪੰਥ ਦੇ ਬਾਨੀ ਦਸ਼ਮੇਸ਼ ਪਿਤਾ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ
350ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਕੋਟਾਨਿ ਕੋਟਿ ਵਧਾਈਆਂ
ਸਭਨਾਂ ਨੂੰ ਸਾਲ 2017 ਮੁਬਾਰਕ
ਸ਼੍ਰੋਮਣੀ ਅਕਾਲੀ ਦਲ, ਮਿਡਵੈਸਟ (ਅਮਰੀਕਾ)
ਰਾਜ ਨਹੀਂ ਸੇਵਾ ਪ੍ਰਵਾਸੀ ਪੰਜਾਬੀਆਂ ਦੀ ਆਪਣੀ ਸਰਕਾਰ
ਸ: ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ
ਸ: ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਬੀਬੀ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਭਾਰਤ
ਸ: ਬਿਕਰਮਜੀਤ ਸਿੰਘ ਮਜੀਠੀਆ ਮਾਲ ਵਿਭਾਗ, ਸੂਚਨਾ ਤੇ ਲੋਕ ਸੰਪਰਕ ਮੰਤਰੀ ਪੰਜਾਬ
ਰਾਜ ਨਹੀਂ ਸੇਵਾ ਪ੍ਰਵਾਸੀ ਪੰਜਾਬੀਆਂ ਦੀ ਆਪਣੀ ਸਰਕਾਰ
ਸ. ਬਚਨ ਸਿੰਘ ਗਿੱਲ ਮੈਂਬਰ ਕੋਰ ਕਮੇਟੀ ਸ਼੍ਰੋ.ਅ.ਦ ਅਮਰੀਕਾ
ਸ. ਬਲਦੇਵ ਸਿੰਘ ਸੱਲ੍ਹਾਂ ਪ੍ਰਧਾਨ ਮਿਡਵੈਸਟ ਸ਼੍ਰੋ.ਅ.ਦ ਅਮਰੀਕਾ
ਸ੍ਰੀ ਮੁਖਤਿਆਰ ਸਿੰਘ ਹੇਰ ਮੈਂਬਰ ਕੋਰ ਕਮੇਟੀ ਸ਼੍ਰੋ.ਅ.ਦ ਅਮਰੀਕਾ
ਸ. ਜਸਕਰਨ ਸਿੰਘ ਧਾਲੀਵਾਲ ਪ੍ਰਧਾਨ ਯੂਥ ਵਿੰਗ ਮਿਡਵੈਸਟ ਸ਼੍ਰੋ.ਅ.ਦ ਅਮਰੀਕਾ
ਸ. ਹਰਵਿੰਦਰ ਸਿੰਘ ਘੋਤੜਾ ਸੀ.ਮੀਤ ਪ੍ਰਧਾਨ ਮਿਡਵੈਸਟ ਸ਼੍ਰੋ.ਅ.ਦ ਅਮਰੀਕਾ
AKALI
ਜਾਰੀ ਕਰਤਾ : ਸ. ਅਮਰੀਕ ਸਿੰਘ ਸ਼ਿਕਾਗੋ
ਮੈਂਬਰ ਉਚ ਤਾਕਤੀ ਕੋਰ ਕਮੇਟੀ ਅਤੇ ਚੀਫ਼ ਮੀਡੀਆ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਅਮਰੀਕਾ
ਫੋਨ: 773-507-8043
ਸ. ਗੁਰਮੀਤ ਸਿੰਘ ਭੋਲਾ
ਜਨਰਲ ਸਕੱਤਰ ਮਿਡਵੈਸਟ ਸ਼੍ਰੋਮਣੀ ਅਕਾਲੀ ਦਲ ਅਮਰੀਕਾ
ਸ. ਅਮਰੀਕ ਸਿੰਘ ਸ਼ਿਕਾਗੋ
ਸ. ਗੁਰਮੀਤ ਸਿੰਘ ਭੋਲਾ

# ਅਮਰੀਕੀ ਸਿੱਖ ਡਾਕਟਰ ਵੱਲੋਂ ਧਾਰਮਿਕ ਭੇਦਭਾਵ ਨੂੰ ਚੁਣੌਤੀ

**ਸ਼ਿਕਾਗੋ:** ਇਕ ਸਿੱਖ ਡਾਕਟਰ ਨੇ ਇਕ ਅਮਰੀਕੀ ਮੈਡੀਕਲ ਸੰਸਥਾ ਖਿਲਾਫ਼ ਸਿੱਖੀ ਸਰੂਪ ਕਾਰਨ ਤੰਤੂ ਵਿਗਿਆਨ ਸਬੰਧੀ ਨੌਕਰੀ ਨਾ ਦੇਣ ਦੇ ਦੋਸ਼ ਵਿਚ ਮੁਕੱਦਮਾ ਦਰਜ ਕਰਾਇਆ ਹੈ। ਕੈਨਟਕੀ ਦਾ ਜਸਵਿੰਦਰਪਾਲ ਸਿੰਘ ਇਕ ਲਾਇਸੈਂਸਸ਼ੁਦਾ ਤੇ ਬੋਰਡ ਵੱਲੋਂ ਪ੍ਰਮਾਣਿਤ



ਡਾਕਟਰ ਹੈ, ਜੋ ਤੰਤੂ ਵਿਗਿਆਨ ਦੇ ਖੇਤਰ ਵਿਚ ਕੰਮ ਕਰ ਰਿਹਾ ਹੈ।

ਸਿੱਖ ਹੱਕਾਂ ਦੀ ਪੈਰਵੀ ਕਰਨ ਵਾਲੀ ਜਥੇਬੰਦੀ 'ਦਿ ਸਿੱਖ ਕੁਲੀਸ਼ਨ' ਨੇ ਜਸਵਿੰਦਰਪਾਲ ਵੱਲੋਂ ਅਮਰੀਕਾ ਦੀ ਡਿਸਟ੍ਰਿਕਟ ਕੋਰਟ ਫਾਰ ਮਿਡਲ ਡਿਸਟ੍ਰਿਕਟ ਆਫ ਟੈਨੇਸੀ ਵਿਚ ਮੁਕੱਦਮਾ ਦਰਜ ਕਰਾਇਆ। ਉਨ੍ਹਾਂ ਦੋਸ਼ ਲਾਇਆ ਹੈ ਕਿ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਦਸਤਾਰ ਸਜਾਉਣ ਤੇ ਦਾੜ੍ਹੀ ਰੱਖਣ ਵਾਲੇ ਸਿੱਖ ਡਾਕਟਰ ਨੂੰ ਉਸ ਦੇ ਸਰੂਪ ਬਾਰੇ ਪੁੱਛ ਪੜਤਾਲ ਕਰਨ ਬਾਅਦ ਰੁਜ਼ਗਾਰਦਾਤਿਆਂ ਅਤੇ ਭਰਤੀ ਕਰਨ ਵਾਲਿਆਂ ਨੇ ਨੌਕਰੀ ਦੇਣ ਤੋਂ ਇਨਕਾਰ ਕਰ ਦਿੱਤਾ।

ਰੁਜ਼ਗਾਰਦਾਤਾ ਪ੍ਰੀਮੀਅਰ ਮੈਡੀਕਲ ਗਰੁੱਪ ਅਤੇ ਉਸ ਦੇ ਭਰਤੀ ਕਰਨ ਵਾਲੇ ਆਰਥਰ ਮਾਰਸ਼ਲ ਇੰਕ ਨੇ ਸਾਲ 2014 ਦੀ ਭਰਤੀ ਪ੍ਰਕਿਰਿਆ ਤਹਿਤ ਜਸਵਿੰਦਰ ਪਾਲ ਦੀ ਸਿੱਖੀ ਸਰੂਪ ਵਿਚ ਰੁਚੀ ਉਤੇ ਚਿੰਤਾ ਜ਼ਾਹਰ ਕੀਤੀ ਸੀ। ਹਾਲਾਂਕਿ ਭਰਤੀ ਕਰਨ ਵਾਲੇ ਨੇ ਜਸਵਿੰਦਰ ਪਾਲ ਦੀ ਫੋਨ ਉਤੇ ਲਈ ਇੰਟਰਵਿਊ ਦੌਰਾਨ ਉਸ ਦੇ ਪ੍ਰਮਾਣ ਪੱਤਰਾਂ ਦੀ ਪ੍ਰਸ਼ੰਸਾ ਕੀਤੀ ਸੀ, ਪਰ ਜਦੋਂ ਉਸ ਨੇ ਸਿੱਖਾਂ ਅਤੇ ਸਿੱਖ ਧਰਮ ਬਾਰੇ ਹੋਰ ਸੂਚਨਾ ਨਾਲ ਆਪਣੀ ਤਸਵੀਰ ਜਮ੍ਹਾਂ ਕਰਾਈ ਤਾਂ ਬਾਅਦ ਵਿਚ ਉਸ ਦੀ ਇੰਟਰਵਿਊ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਬਾਅਦ ਇਸ ਆਸਾਮੀ ਨੂੰ ਖ਼ਾਲੀ ਛੱਡ ਦਿੱਤਾ ਗਿਆ। ਕੁਲੀਸ਼ਨ ਵੱਲੋਂ ਜਾਰੀ ਕੀਤੇ ਗਏ ਬਿਆਨ 'ਚ ਜਸਵਿੰਦਰ ਪਾਲ ਨੇ ਕਿਹਾ, "ਮੈਨੂੰ ਇਹ ਬਿਲਕੁਲ ਸਪੱਸ਼ਟ ਹੋ ਗਿਆ ਕਿ ਮੈਨੂੰ ਮੇਰੇ ਸਰੂਪ ਤੇ ਧਰਮ ਕਾਰਨ ਨੌਕਰੀ ਨਹੀਂ ਦਿੱਤੀ ਗਈ। ਕਿਸੇ ਵੀ ਸਿੱਖ ਨੂੰ ਉਸ ਦੇ ਧਰਮ ਤੇ ਸਰੂਪ ਕਾਰਨ ਕਿਸੇ ਵੀ ਨੌਕਰੀ ਜਾਂ ਰੁਜ਼ਗਾਰ ਤੋਂ ਵਾਂਝੇ ਨਹੀਂ ਰੱਖਿਆ ਜਾਣਾ ਚਾਹੀਦਾ। ਮੈਂ ਜਾਣਦਾ ਹਾਂ ਕਿ ਆਪਣੀ ਗੱਲ ਕਹਿ ਕੇ ਅਤੇ ਕਾਰਵਾਈ ਕਰ ਕੇ ਅਸੀਂ ਨੌਕਰੀਦਾਤਿਆਂ ਨੂੰ ਸਿੱਧੇ ਤੌਰ 'ਤੇ ਜਵਾਬਦੇਹ ਬਣਾਵਾਂਗੇ।"

# ਡਾ. ਦਿਲਗੀਰ 'ਤੇ ਸਿੱਖ ਇਤਿਹਾਸ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼

**ਅੰਮ੍ਰਿਤਸਰ:** ਸਿੱਖ ਵਿਦਵਾਨ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਇਕ ਵੀਡੀਓ ਰਾਹੀਂ ਸਿੱਖ



ਇਤਿਹਾਸ ਸਬੰਧੀ ਕੀਤੀਆਂ ਵਿਵਾਦਿਤ ਟਿੱਪਣੀਆਂ ਦਾ ਮਾਮਲਾ ਨਸ਼ਰ ਹੋਣ ਉਪਰੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸਬੰਧੀ ਕਾਰਵਾਈ ਲਈ ਸ੍ਰੀ ਅਕਾਲ ਤਖਤ ਨੂੰ ਪੱਤਰ ਲਿਖਿਆ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਇਸ ਮਾਮਲੇ ਨੂੰ ਪੰਜ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਸੋਸ਼ਲ ਮੀਡੀਆ ਉਤੇ ਪਾਈ ਗਈ ਇਕ ਵੀਡੀਓ ਰਾਹੀਂ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਕੋਲ ਗ੍ਰਿਫਤਾਰ ਕਰਵਾਉਣ ਵਾਲੇ ਗੰਗੂ ਨੂੰ ਨਿਰਦੋਸ਼ ਦੱਸਿਆ ਗਿਆ ਸੀ।

ਇਸੇ ਤਰ੍ਹਾਂ ਟੋਡਰ ਮੱਲ ਦੀ ਥਾਂ ਉਸ ਦੇ ਪਰਿਵਾਰ ਵੱਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਕਰਨ ਦੀ ਗੱਲ ਆਖੀ ਗਈ ਸੀ। ਮੋਤੀ ਰਾਮ ਮਹਿਰਾ ਵੱਲੋਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਨੂੰ ਦੁੱਧ ਪਿਲਾਉਣ ਉਤੇ ਸ਼ੱਕ ਪ੍ਰਗਟ ਕੀਤਾ ਗਿਆ ਸੀ। ਉਸ ਦੇ ਇਸ ਬਿਆਨ ਤੋਂ ਬਾਅਦ ਸਿੱਖ ਕੌਮ ਵਿਚ ਰੋਸ ਹੈ।

Punjab Time
Punjabtimes1@gmail.com

# ਨਿਊ ਯਾਰਕ ਪੁਲਿਸ ਵਿਚ ਦਸਤਾਰ ਸਜਾਉਣ ਅਤੇ ਦਾੜ੍ਹੀ ਰੱਖਣ ਦੀ ਖੁੱਲ੍ਹ

**ਨਿਊ ਯਾਰਕ:** ਨਿਊ ਯਾਰਕ ਪੁਲਿਸ ਵਿਭਾਗ ਨੇ ਵਰਦੀ ਸਬੰਧੀ ਨੀਤੀ ਵਿਚ ਨਰਮੀ ਵਰਤਦਿਆਂ ਸਿੱਖ ਅਫਸਰਾਂ ਨੂੰ ਦਸਤਾਰ ਸਜਾਉਣ ਅਤੇ ਦਾੜ੍ਹੀ ਰੱਖਣ ਦੀ ਖੁੱਲ੍ਹ ਦੇ ਦਿੱਤੀ ਹੈ। ਨਿਊ ਯਾਰਕ ਪੁਲਿਸ ਕਮਿਸ਼ਨਰ ਜੇਮਜ਼ ਓ ਨੀਲ ਨੇ ਨਵੇਂ ਭਰਤੀ ਹੋਏ ਰੰਗਰੂਟਾਂ ਦੇ ਪੁਲਿਸ ਵਿਚ ਦਾਖਲੇ ਲਈ ਹੋਏ ਸਮਾਰੋਹ ਵਿਚ ਧਾਰਮਿਕ ਚਿੰਨ੍ਹਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਕਦਮਾਂ ਦਾ ਐਲਾਨ ਕੀਤਾ।

ਸੋਧੀ ਨੀਤੀ ਤਹਿਤ ਸਿੱਖ ਅਫਸਰਾਂ ਨੂੰ ਡੇਢ ਇੰਚ ਤੱਕ ਦਾੜ੍ਹੀ ਵਧਾਉਣ ਦੀ ਇਜਾਜ਼ਤ ਹੋਵੇਗੀ। ਸਿੱਖ ਅਫਸਰ ਰਵਾਇਤੀ ਪੁਲਿਸ ਟੋਪੀ ਦੀ ਥਾਂ ਨੀਲੇ ਰੰਗ ਦੀ ਦਸਤਾਰ ਬੰਨ੍ਹ ਸਕਦੇ ਹਨ, ਜਿਸ ਉਤੇ ਬਿੱਲਾ ਲੱਗਿਆ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਤਬਦੀਲੀ ਇਸ ਲਈ ਕੀਤੀ ਗਈ ਤਾਂ ਕਿ ਦੇਸ਼ ਦੇ ਸਭ ਤੋਂ ਵਧੀਆ ਇਸ ਪੁਲਿਸ ਵਿਭਾਗ ਵਿਚ ਸੇਵਾ ਲਈ ਹਰੇਕ ਨੂੰ ਮੌਕਾ ਮਿਲੇ। ਸਮਾਰੋਹ ਮਗਰੋਂ ਸਿੱਖ ਅਫਸਰਾਂ ਨਾਲ ਖੜ੍ਹੇ ਓ ਨੀਲ ਨੇ ਕਿਹਾ ਕਿ ਇਨ੍ਹਾਂ ਕਦਮਾਂ ਦਾ ਮੰਤਵ ਨਿਊ ਯਾਰਕ ਪੁਲਿਸ ਵਿਭਾਗ 'ਚ ਵੰਨ-ਸੁਵੰਨਤਾ ਲਿਆਉਣਾ ਹੈ।

ਨਿਊ ਯਾਰਕ ਪੋਸਟ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ ਕਿ ਇਸ ਸਮੇਂ 160 ਸਿੱਖ ਪੁਲਿਸ ਅਫਸਰ ਹਨ ਅਤੇ ਉਨ੍ਹਾਂ ਦੀ ਗਿਣਤੀ ਵਧਾਉਣ ਦੀ ਯੋਜਨਾ ਹੈ। 'ਸਿੱਖ ਆਫਿਸਰਜ਼ ਐਸੋਸੀਏਸ਼ਨ' ਨੇ ਟਵਿੱਟਰ ਉਤੇ ਇਸ ਕਦਮ ਦੀ ਸ਼ਲਾਘਾ ਕੀਤੀ।

Michigan Truck Driving School
6405 Middlebelt Road, Romulus, MI 48174
ਸਭ ਸਹੂਲਤਾਂ ਨਾਲ ਲੈਸ
ਨਵਾਂ ਟਰੱਕ ਡਰਾਈਵਿੰਗ ਸਕੂਲ
*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai
Cell:734-644-1010
Office:734-747-4298

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.


Madan Khatri
Want to Buy/Sell
Homes, THs, Condos!
Call Madan Khatri
Ph: 847-530-1550
www.PropertyZoo.com
CALL TO BUY / SELL HOME TODAY!
Top Producer at the office in 2011-2013-2014
*****A Broker who can work with you from Beginning to End, Call Now!!!*****
BHHS American Heritage
1010 Rohwing Road, Elk Grove Village, IL

multipoint inc. www.gompinc.com
MAKING MERCHANTS MORE PROFITABLE
Your full service ATM & Air/Vac provider
ਫਰੀ ਏ ਟੀ ਐਮ
ਫਰੀ ਕਰੈਡਿਟ ਕਾਰਡ ਮਸ਼ੀਨ
ਫਰੀ ਏਅਰ ਵੈਕਿਊਮ

No Hidden Charges
If your ATM or Credit Card Machine is out of PCI Compliance, We will take care of it.

Contact Multipoint today!
www.gompinc.com
Ph: 224-313-2687
info@gompinc.com
Toll Free: 866-411-4286


*ਦਿਲ ਪੰਜਾਬ ਦਾ ਧੜਕਿਆ ਜਮ੍ਹਾ ਪੂਰਾ, ਲੱਗਾ ਚੜ੍ਹਨ ਇਕ ਨਵਾਂ ਹੀ ਰੰਗ ਮਿੱਤਰੋ।*
*ਆਮ ਆਦਮੀ ਨੂੰ ਆ ਜਾਏ ਸਾਹ ਸੁੱਖ ਦਾ, 'ਆਪ' ਜੇ ਜਿੱਤ ਜਾਏ ਜੰਗ ਮਿੱਤਰੋ।*

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
# ਨਵਾਂ ਸਾਲ 2017 ਮੁਬਾਰਕ
## ਰੱਬ ਕਰੇ ਨਵਾਂ ਸਾਲ ਕੁਲ ਲੋਕਾਈ ਲਈ ਅਮਨ ਤੇ ਖੁਸ਼ਹਾਲੀ ਭਰਿਆ ਰਹੇ

# ਆਮ ਆਦਮੀ ਪਾਰਟੀ ਦੇ
## ਅਮਰੀਕਾ ਵਸਦੇ ਹਮਾਇਤੀਆਂ ਵਲੋਂ ਪੰਜਾਬ ਦਰਦੀਆਂ ਨੂੰ ਅਪੀਲ
# ਆਓ, ਚਲੀਏ ਪੰਜਾਬ, ਲਿਆਈਏ ਇਨਕਲਾਬ, ਬਚਾਈਏ ਪੰਜਾਬ

ਕਦੀ ਪੰਜਾਬ ਨੂੰ ਆਪਣੇ ਪੰਜ ਦਰਿਆਵਾਂ 'ਤੇ ਮਾਣ ਹੁੰਦਾ ਸੀ, ਪਰ ਅਜੋਕੇ ਹਾਕਮਾਂ ਨੇ ਨਸ਼ਿਆਂ ਦਾ ਛੇਵਾਂ ਦਰਿਆ ਵਹਾ ਕੇ ਪੰਜਾਬ ਨੂੰ ਸ਼ਰਮਿੰਦਗੀ ਦੇ ਦਰਿਆ ਵਿਚ ਡੁਬੋ ਦਿਤਾ ਹੈ। ਇਹੀ ਨਹੀਂ, ਸਾਡੇ ਪਵਿਤਰ ਦਰਿਆ ਅਜੋਕੇ ਹਾਕਮਾਂ ਦੀ ਮਿਲੀਭੁਗਤ ਨਾਲ ਸਰਮਾਏਦਾਰਾਂ ਦੇ ਕਾਰਖਾਨਿਆਂ ਵਿਚੋਂ ਛਡੇ ਜਾ ਰਹੇ ਰਸਾਇਣਾਂ ਕਾਰਨ ਅੱਜ ਕੈਂਸਰ ਦੇ ਦਰਿਆ ਬਣ ਚੁਕੇ ਹਨ ਜਿਸ ਦੀ ਗਵਾਹੀ ਪੰਜਾਬ ਦੀ 'ਕੈਂਸਰ ਪੱਟੀ' ਹੈ ਜਿਥੇ ਟੱਬਰਾਂ ਦੇ ਟੱਬਰ ਕੈਂਸਰ ਦਾ ਸ਼ਿਕਾਰ ਹਨ।




ਕਦੇ ਹਰੇ ਇਨਕਲਾਬ ਨੇ ਪੰਜਾਬ ਦੀ ਸ਼ਾਨ ਬਣਾਈ ਸੀ, ਅੱਜ ਦੇ ਹਾਕਮ 'ਚਿੱਟਾ' ਇਨਕਲਾਬ ਲਿਆ ਕੇ ਬਾਘੀਆਂ ਪਾ ਰਹੇ ਹਨ। ਕਦੀ ਪੰਜਾਬੀਆਂ ਨੂੰ ਧੀਆਂ-ਭੈਣਾਂ ਦੇ ਰਾਖੇ ਸਮਝਿਆ ਜਾਂਦਾ ਸੀ, ਅੱਜ ਪੰਜਾਬ ਵਿਚ ਧੀਆਂ-ਭੈਣਾਂ ਦਾ ਘਰੋਂ ਬਾਹਰ ਨਿਕਲਣਾ ਮੁਹਾਲ ਹੋ ਗਿਆ ਹੈ, ਪਤਾ ਨਹੀਂ ਕਦੋਂ ਕੋਈ ਗੁੰਡਾ ਟੱਕਰ ਪਵੇ। ਗੈਂਗਸਟਰ ਸਿਆਸੀ ਆਕਿਆਂ ਦੀ ਛਤਰਛਾਇਆ ਹੇਠ ਆਪਣਾ ਰਾਜ ਬਣਾਈ ਬੈਠੇ ਹਨ। ਚੜ੍ਹਦੀ ਕਲਾ ਦੀ ਨਿਸ਼ਾਨੀ ਸਮਝਿਆ ਜਾਂਦਾ ਕਿਸਾਨ ਅੱਜ ਕਰਜ਼ੇ ਹੇਠ ਦਬਿਆ ਨਿਰਾਸ਼ਾ ਦੇ ਦੌਰ ਵਿਚ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਪੜ੍ਹਾਈ ਦੇ ਖੇਤਰ ਵਿਚ ਕਦੇ ਮੱਲਾਂ ਮਾਰਨ ਵਾਲੀ ਨੌਜਵਾਨ ਪੀੜ੍ਹੀ ਅੱਜ ਬੇਰੁਜ਼ਗਾਰੀ ਦੇ ਹਨੇਰੇ ਵਿਚ ਗੁਆਚੀ ਹੋਈ ਹੈ।

ਪਰਵਾਸੀ ਪੰਜਾਬੀ ਜੋ ਆਪਣੀ ਧਰਤੀ ਦੇ ਮੋਹ ਦੇ ਖਿਚੇ ਭੱਜ-ਭੱਜ ਪੰਜਾਬ ਨੂੰ ਜਾਂਦੇ ਸਨ, ਅੱਜ ਸਰਕਾਰੀ ਤੰਤਰ ਅਤੇ ਗੁੰਡਾਗਰਦੀ ਦੀ ਮਿਲੀਭੁਗਤ ਤੋਂ ਘਬਰਾਏ ਪੰਜਾਬ ਜਾਣੋਂ ਤ੍ਰਹਿੰਦੇ ਹਨ। ਜਿਹੜਾ ਪੰਜਾਬ ਕਦੇ ਭਾਰਤ ਦਾ ਨੰਬਰ ਇਕ ਖੁਸ਼ਹਾਲ ਸੂਬਾ ਸਮਝਿਆ ਜਾਂਦਾ ਸੀ, ਅੱਜ ਕੇਂਦਰ ਸਰਕਾਰ ਦੇ ਕਈ ਲੱਖ ਕਰੋੜ ਰੁਪਏ ਦਾ ਕਰਜ਼ਈ ਹੈ।



ਅਜੋਕੇ ਹਾਕਮਾਂ ਨੇ ਧਰਮ ਅਤੇ ਸਿਆਸਤ ਨੂੰ ਨਿਜੀ ਹਿਤਾਂ ਖਾਤਰ ਰਲਗੱਡ ਕਰ ਕੇ ਸਰਬ ਸਾਂਝੇ ਅਸਥਾਨ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਚੌਧਰ ਚਲਾਉਣ ਤੋਂ ਗੁਰੇਜ ਨਹੀਂ ਕੀਤਾ। ਖਾਲਸਾ ਪੰਥ ਦੀਆਂ ਮਾਣਮੱਤੀਆਂ ਰਵਾਇਤਾਂ ਦੀ ਸ਼ਾਨ ਨੂੰ ਖੋਰਾ ਲਾਉਣ 'ਚ ਕੋਈ ਕਸਰ ਨਹੀਂ ਛੱਡੀ। ਮਿਸਾਲ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਸਰਬ ਉਚ ਪਦਵੀ ਨੂੰ ਹਾਸੋਹੀਣਾ ਬਣਾ ਦੇਣ ਦਾ ਬੱਜਰ ਗੁਨਾਹ ਕੀਤਾ। ਮੀਡੀਆ ਸਾਹਮਣੇ 'ਪੰਜਾਬ ਵਿਚ ਕੀੜੀ ਤੁਰੀ ਜਾਂਦੀ ਵੀ ਦਿਖਾਈ ਦੇਣ' ਦਾ ਦਾਅਵਾ ਕਰਨ ਵਾਲਾ ਮੁੱਖ ਮੰਤਰੀ ਬਰਗਾੜੀ ਕਾਂਡ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਦੀ ਬੇਅਦਬੀ ਦੇ ਦੋਸ਼ੀ ਨਹੀਂ ਲੱਭ ਸਕਿਆ। ਸ਼ਾਂਤਮਈ ਧਰਨੇ 'ਤੇ ਬੈਠੇ ਸਿੱਖ ਗੱਭਰੂਆਂ ਨੂੰ ਪੰਜਾਬ ਪੁਲਿਸ ਨੇ ਗੋਲੀਆਂ ਨਾਲ ਮਾਰ ਸੁੱਟਿਆ, ਪਰ ਕੇਸ ਕਥਿਤ 'ਅਣਪਛਾਤਿਆਂ' ਵਿਰੁਧ ਰਜਿਸਟਰ ਕਰ ਕੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ।

*ਕਦੀ ਗਦਰੀ ਬਾਬੇ ਪੰਜਾਬ ਅਤੇ ਹਿੰਦੋਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਦੇ ਜੂਲੇ ਥਲਿਓਂ ਕੱਢਣ ਲਈ ਵਹੀਰਾਂ ਘੱਤ ਕੇ ਪੰਜਾਬ ਗਏ ਸਨ; ਆਓ! ਸਾਰੇ ਰਲ ਕੇ ਪੰਜਾਬ ਨੂੰ ਇਸ ਗਰਕੀ ਦੀ ਹਾਲਤ ਵਿਚੋਂ ਬਾਹਰ ਕੱਢੀਏ। ਇਸ ਸਮੇਂ ਪੰਜਾਬ ਦੀ ਸ਼ਾਨ ਮੁੜ ਬਹਾਲ ਕਰਨ ਲਈ ਆਸ ਦੀ ਇਕੋ-ਇਕ ਕਿਰਨ ਆਮ ਆਦਮੀ ਪਾਰਟੀ ਹੀ ਨਜ਼ਰ ਆਉਂਦੀ ਹੈ। ਆਓ, ਫਿਰ ਪੰਜਾਬ ਚਲੀਏ ਤੇ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ*

# ਆਮ ਆਦਮੀ ਪਾਰਟੀ ਨੂੰ ਜਿਤਾਈਏ

ਆਪ
ਆਮ ਆਦਮੀ ਪਾਰਟੀ

## ਸਾਡਾ ਖਵਾਬ-ਨਵਾਂ ਪੰਜਾਬ

aap
AAM AADMI PARTY

ਵਲੋਂ

ਅਜੀਤ ਸਿੰਘ (847-529-9778), ਮੇਜਰ ਗੁਰਚਰਨ ਸਿੰਘ ਝੱਜ (847-330-1421), ਮੱਤ ਸਿੰਘ ਢਿੱਲੋਂ (847-308-5411), ਲਖਬੀਰ ਸਿੰਘ ਸੰਧੂ (847-975-3877) ਗੁਰਮੁਖ ਸਿੰਘ ਭੁੱਲਰ (708-288-2426), ਅਤੁਲ ਅਨੰਦ, ਡਾ. ਗੁਰਵਿੰਦਰ ਸਿੰਘ ਸੰਧੂ, ਸਵਰਨਜੀਤ ਸਿੰਘ, ਸੁਰਿੰਦਰ ਸਿੰਘ ਕਾਲੜਾ, ਬੇਅੰਤ ਸਿੰਘ (ਵਿਸਕਾਨਸਿਨ), ਬਿਕਰਮ ਸਿੱਧੂ, ਮਨਮਿੰਦਰ ਭੱਠਲ, ਸੁਖਜਿੰਦਰ ਰੰਧਾਵਾ, ਜਸਪਾਲ ਰੰਧਾਵਾ (ਜੱਸਾ), ਸਤਿੰਦਰ ਸੁਸਾਣਾ ਅਤੇ ਹਰਜੀਤ ਸਿੰਘ ਗਿੱਲ




# ਨਾਨਕ ਨਾਲ ਤੁਰਦਿਆਂ

ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ

*ਲਹਿੰਦੇ ਪੰਜਾਬ (ਪਾਕਿਸਤਾਨ) ਦੇ ਨੌਜਵਾਨ ਲਿਖਾਰੀ ਹਰੂਨ ਖਾਲਿਦ ਨੇ ਗੁਰੂ ਨਾਨਕ ਬਾਰੇ ਕਿਤਾਬ 'ਵਾਕਿੰਗ ਵਿਦ ਨਾਨਕ' (ਨਾਨਕ ਨਾਲ ਤੁਰਦਿਆਂ) ਲਿਖੀ ਹੈ। ਕਈ ਪੱਖਾਂ ਤੋਂ ਇਹ ਕਿਤਾਬ ਬੜੀ ਅਹਿਮ ਹੈ। ਲਿਖਾਰੀ ਨੇ ਗੁਰੂ ਨਾਨਕ ਨੂੰ ਇਕ ਵੱਖਰੇ ਕੋਣ ਤੋਂ ਦੇਖਣ ਦਾ ਜੇਰਾ ਕੀਤਾ ਹੈ। ਇਸ ਕਿਤਾਬ ਦਾ ਦਿਲਚਸਪ ਪੱਖ ਇਹ ਹੈ ਕਿ ਜਿਸ ਤਰ੍ਹਾਂ ਗੁਰੂ ਨਾਨਕ ਆਪਣੇ ਸੰਗੀ ਮਰਦਾਨੇ ਨਾਲ ਵੱਖ-ਵੱਖ ਥਾਈਂ ਘੁੰਮਦੇ ਗਿਆਨ ਵੰਡਦੇ-ਵੰਡਾਉਂਦੇ ਰਹੇ, ਐਨ ਉਸੇ ਤਰ੍ਹਾਂ ਹਰੂਨ ਖਾਲਿਦ ਆਪਣੇ ਰਾਹਨੁਮਾ ਇਕਬਾਲ ਕੈਸਰ ਨੂੰ ਨਾਲ ਲੈ ਕੇ ਗੁਰੂ ਨਾਨਕ ਨਾਲ ਸਬੰਧਤ ਥਾਵਾਂ ਉਤੇ ਘੁੰਮਦੇ ਗਿਆਨ ਹਾਸਲ ਕਰਦੇ ਰਹੇ। ਇਥੇ ਅਸੀਂ ਆਪਣੇ ਪਾਠਕਾਂ ਲਈ ਕਿਤਾਬ ਦੀ ਭੂਮਿਕਾ ਦਾ ਇਕ ਹਿੱਸਾ ਛਾਪ ਰਹੇ ਹਾਂ ਜਿਸ ਤੋਂ ਕਿਤਾਬ ਬਾਰੇ ਇਕ ਝਲਕ ਮਿਲ ਜਾਂਦੀ ਹੈ। -ਸੰਪਾਦਕ*

ਕਲਾ ਪਰਿਕਰਮਾ

**ਹਰੂਨ ਖਾਲਿਦ**

ਉਦੋਂ ਭਾਵੇਂ ਮੈਂ ਨਾ ਤਾਂ ਗੁਰੂ ਨਾਨਕ ਬਾਰੇ ਕੁਝ ਪੜ੍ਹਿਆ ਸੀ, ਤੇ ਨਾ ਹੀ ਉਨ੍ਹਾਂ ਦੀ ਕੋਈ ਰਚਨਾ ਪੜ੍ਹੀ ਸੀ; ਪਰ ਉਨ੍ਹਾਂ ਨਾਲ ਵੱਖਰਾ ਜਿਹਾ ਮੋਹ ਜਾਗ ਪਿਆ ਸੀ। ਗੁਰੂ ਨਾਨਕ ਮੇਰੇ ਇਤਨਾ ਨੇੜੇ ਹੋਣ ਦੇ ਬਾਵਜੂਦ ਇੰਨਾ ਦੂਰ ਸਨ! ਮੈਂ ਲਹਿੰਦੇ ਪੰਜਾਬ ਵਿਚ ਜੰਮਿਆ ਤੇ ਪਲਿਆ ਅਤੇ ਗੁਰੂ ਨਾਨਕ ਬਾਰੇ ਇਹੀ ਸੁਣਿਆ ਕਿ ਉਹ ਸਿੱਖੀ ਦੇ ਮੋਢੀ ਸਨ, ਸ਼ਾਇਰ ਸਨ ਅਤੇ ਅਧਿਆਤਮਕ ਆਗੂ ਸਨ। ਲਹਿੰਦੇ ਪੰਜਾਬ ਦੀ ਰਹਿਣੀ-ਬਹਿਣੀ ਉਤੇ ਕਿਉਂਕਿ ਮੁਸਲਿਮ ਪੱਖ ਹੀ ਭਾਰੂ ਸੀ, ਇਸ ਲਈ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੋਈ ਲੜ-ਸਿਰਾ ਮੇਰੇ ਹੱਥ ਨਹੀਂ ਸੀ ਆ ਰਿਹਾ। ਇਕ ਬੰਨੇ ਪੰਜਾਬੀ ਹੁੰਦਿਆਂ ਉਹ ਮੇਰੇ ਆਪਣੇ ਸਨ ਅਤੇ ਦੂਜੇ ਬੰਨੇ ਉਹ ਕਿਉਂਕਿ ਗੈਰ-ਮੁਸਲਮਾਨ ਸਨ, ਸੋ ਉਹ ਅਜਨਬੀ ਵੀ ਸਨ। ਫਿਰ ਜਦੋਂ ਉਨ੍ਹਾਂ ਬਾਰੇ ਕਿਤਾਬਾਂ ਪੜ੍ਹੀਆਂ, ਤਾਂ ਮੈਂ ਹੋਰ ਵੀ ਨਿਰਾਸ਼ ਹੋਇਆ, ਕਿਉਂਕਿ ਮੈਨੂੰ ਲੱਗਿਆ ਕਿ ਇਨ੍ਹਾਂ ਕਿਤਾਬਾਂ ਵਿਚ ਤਾਂ ਗੁਰੂ ਨਾਨਕ ਦੀ ਜ਼ਿੰਦਗੀ ਦਾ ਛੋਟਾ ਜਿਹਾ ਪੱਖ ਵੀ ਉਜਾਗਰ ਨਹੀਂ ਸੀ ਹੋਇਆ। ਇਹ ਬੜੀ ਦਿਲ ਟੁੱਟਣ ਵਾਲੀ ਵਾਰਤਾ ਸੀ, ਕਿਉਂਕਿ ਉਨ੍ਹਾਂ ਨੂੰ ਹੋਇਆਂ ਅਜੇ 500 ਸਾਲ ਹੀ ਹੋਏ ਸਨ, ਹਾਲਾਂਕਿ ਦੁਨੀਆ 'ਚ ਤਾਂ ਲੋਕਾਂ ਵੱਲੋਂ ਇਸ ਤੋਂ ਪੁਰਾਣੇ ਰਿਕਾਰਡ ਵੀ ਸਾਂਭੇ ਹੋਏ ਮਿਲਦੇ ਹਨ।

ਪਹਿਲੀ ਵਾਰ ਗੁਰੂ ਨਾਨਕ ਦੇ ਅਸਲ ਦਰਸ਼ਨ ਮੈਨੂੰ ਮੇਰੇ ਰਾਹਨੁਮਾ ਇਕਬਾਲ ਕੈਸਰ ਰਾਹੀਂ ਹੋਏ। ਅਸੀਂ ਉਨ੍ਹਾਂ ਬਾਰੇ, ਉਨ੍ਹਾਂ ਦੀ ਸ਼ਾਇਰੀ ਬਾਰੇ ਗੱਲਾਂ ਕਰਦਿਆਂ ਬਹੁਤ ਸਮਾਂ ਇਕੱਠਿਆਂ ਗੁਜ਼ਾਰਿਆ ਅਤੇ ਇਸ ਨਾਲ ਮੈਨੂੰ ਗੁਰੂ ਨਾਨਕ ਬਾਰੇ ਜਾਣਨ ਦਾ ਮੌਕਾ ਮਿਲਿਆ। ਇਕਬਾਲ ਕੈਸਰ ਨੇ ਮੈਨੂੰ ਗੁਰੂ ਨਾਨਕ ਦੀ ਲੰਮੀ ਰਚਨਾ 'ਬਾਬਰ ਬਾਣੀ' ਸੁਣਾਈ ਜੋ ਉਨ੍ਹਾਂ ਨੇ ਮੁਗਲ ਸ਼ਾਸਕ ਬਾਬਰ ਵੱਲੋਂ ਪੰਜਾਬ ਉਤੇ ਹਮਲੇ ਮੌਕੇ ਏਮਨਾਬਾਦ ਅਤੇ ਲਾਹੌਰ ਵਿਚ ਮਚਾਈ ਤਬਾਹੀ ਬਾਰੇ ਸੀ। ਇਹ ਰਚਨਾ ਬਹੁਤ ਜ਼ਿਆਦਾ ਅਸਰ ਛੱਡਣ ਵਾਲੀ ਸੀ। ਇਸ ਦਾ ਮੇਰੇ ਉਤੇ ਵੀ ਬਹੁਤ ਅਸਰ ਪਿਆ ਅਤੇ ਮੈਂ ਪਹਿਲੀ ਵਾਰ ਉਸ ਸ਼ਖਸੀਅਤ ਦੇ ਦਰਸ਼ਨ ਕੀਤੇ ਜਿਨ੍ਹਾਂ ਨੂੰ ਮੈਂ ਇਤਨੇ ਚਿਰਾਂ ਤੋਂ ਲੱਭਦਾ ਰਿਹਾ ਸਾਂ। ਇਹ ਕੋਈ ਅਜਿਹੀ ਸ਼ਖਸੀਅਤ ਸੀ ਜਿਸ ਨੇ ਸਿੱਖੀ ਦਾ ਮੁੱਢ ਬੰਨ੍ਹਿਆ ਅਤੇ ਜਿਸ ਦਾ ਰੱਬ ਵਿਚ ਵਿਸ਼ਵਾਸ ਸੀ, ਪਰ ਦੂਜੇ ਬੰਨੇ ਉਸ ਨੇ ਆਪਣੀ ਰਚਨਾ ਵਿਚ ਬਾਬਰ ਦੇ ਜ਼ੁਲਮਾਂ ਦਾ ਚਿੱਠਾ ਰੱਬ ਦੇ ਪੈਰਾਂ ਵਿਚ ਲਿਆ ਧਰਿਆ ਸੀ।




'ਵਾਕਿੰਗ ਵਿਦ ਨਾਨਕ' ਦਾ ਮੱਥਾ।



ਹਰੂਨ ਖਾਲਿਦ

ਆਪਣੀ ਇਸ ਰਚਨਾ ਰਾਹੀਂ ਨਾਨਕ ਨੇ ਉਸ ਰੱਬ ਨੂੰ ਵੰਗਾਰਿਆ ਅਤੇ ਸਵਾਲ ਕੀਤਾ ਕਿ ਕੀ ਇਹ ਸਭ ਉਸ ਦੀ ਰਜ਼ਾ ਨਾਲ ਹੀ ਹੋ ਰਿਹਾ ਹੈ? ਰੱਬ ਦੀ ਹੋਂਦ ਨੂੰ ਸਵਾਲ ਕਰਨ ਵਾਲਿਆਂ ਲਈ ਇਹ ਬੜੀ ਵੱਡੀ ਗੱਲ ਸੀ। ਮੈਨੂੰ ਜਾਪਦਾ ਹੈ ਕਿ ਗੁਰੂ ਨਾਨਕ ਨੂੰ ਸਮਝਣ ਲਈ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਲੰਘਣਾ ਬਹੁਤ ਜ਼ਰੂਰੀ ਹੈ।

ਗੁਰੂ ਨਾਨਕ ਬਾਰੇ ਮੇਰੀ ਉਤਸੁਕਤਾ ਹੋਰ ਵੀ ਵਧ ਗਈ, ਜਦੋਂ ਮੈਨੂੰ ਮੇਰੇ ਰਾਹਨੁਮਾ ਇਕਬਾਲ ਕੈਸਰ ਨਾਲ ਘੁੰਮਦਿਆਂ ਇਹ ਪਤਾ ਲੱਗਾ ਕਿ ਗੁਰੂ ਨਾਨਕ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਅੱਜ ਵਾਲੇ ਪਾਕਿਸਤਾਨ ਵਿਚ ਬਿਤਾਇਆ। ਉਹ ਇਥੇ ਹੀ ਜੰਮੇ, ਉਨ੍ਹਾਂ ਇਥੇ ਹੀ ਆਪਣੇ ਨਵੇਂ ਧਰਮ ਦਾ ਪ੍ਰਚਾਰ ਕੀਤਾ ਅਤੇ ਫਿਰ ਇਕ ਨਿੱਕੇ ਜਿਹੇ ਪਿੰਡ ਵਿਚ ਜਾ ਵਸੇ ਜੋ ਹੁਣ ਪਾਕਿਸਤਾਨ ਦੀ ਸਰਹੱਦ ਦੇ ਐਨ ਨਾਲ ਲਗਦਾ ਹੈ। ਜਦੋਂ ਵੀ ਮੈਂ ਗੁਰੂ ਨਾਨਕ ਦੀ ਯਾਦ ਵਿਚ ਬਣਾਏ ਗੁਰਦੁਆਰੇ ਅੰਦਰ ਜਾਂਦਾ, ਮੈਨੂੰ ਉਹ ਆਪਣੇ ਆਲੇ-ਦੁਆਲੇ ਕਿਤੇ ਮਹਿਸੂਸ ਹੁੰਦੇ ਲਗਦੇ।

ਮੈਂ ਆਪਣੀ ਕਲਪਨਾ ਵਿਚ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੀ ਯਾਤਰਾ ਨੂੰ ਆਪਣੀ ਅਤੇ ਆਪਣੇ ਰਾਹਨੁਮਾ ਇਕਬਾਲ ਕੈਸਰ ਦੀ ਯਾਤਰਾ ਨਾਲ ਵੀ ਜੋੜਦਾ ਰਹਿੰਦਾ। ਨਾਨਕ ਨੂੰ ਲਭਦਿਆਂ ਅਸੀਂ ਵੱਖ-ਵੱਖ ਥਾਵਾਂ ਉਤੇ ਜਾ-ਜਾ ਕੇ ਲੋਕਾਂ ਨੂੰ ਮਿਲ ਰਹੇ ਸਾਂ। ਅਸੀਂ ਫਲਸਫੇ ਅਤੇ ਧਰਮ ਬਾਰੇ ਬਹਿਸਾਂ ਕਰਦੇ ਅਤੇ ਮਤਭੇਦਾਂ ਦੇ ਬਾਵਜੂਦ ਇਕ-ਦੂਜੇ ਦਾ ਸਾਥ ਮਾਣਦੇ। ਇਸ ਸਾਰੇ ਕੁਝ ਨੇ ਹੀ ਮੈਨੂੰ ਨਾਨਕ ਨੂੰ ਸਮਝਣ ਵਾਲੇ ਪਾਸੇ ਪਇਆ ਸੀ। ਨਾਲੇ ਮੈਂ ਉਸ ਨਾਨਕ ਨੂੰ ਨਹੀਂ ਸੀ ਲੱਭ ਰਿਹਾ ਜੋ ਸੰਤ ਸੀ; ਸਗੋਂ ਮੈਂ ਤਾਂ ਉਸ ਨਾਨਕ ਨੂੰ ਲੱਭ ਰਿਹਾ ਸਾਂ ਜੋ ਪੁੱਤਰ ਸੀ, ਪਿਤਾ ਸੀ, ਫਿਲਾਸਫਰ ਸੀ, ਸ਼ਾਇਰ ਸੀ ਅਤੇ ਘੁਮੱਕੜ ਸੀ।

ਇਉਂ ਨਿੱਤ ਦਿਨ ਨਾਨਕ ਨੂੰ ਲੱਭਦਿਆਂ ਮੇਰੀ ਤਸੱਲੀ ਹੋਣੀ ਚਾਹੀਦੀ ਸੀ, ਪਰ ਹੋਇਆ ਇਸ ਤੋਂ ਉਲਟ। ਅਸਲ ਵਿਚ ਨਾਨਕ ਕਿਸੇ ਜਥੇਬੰਦ ਧਰਮ ਦੇ ਖਿਲਾਫ ਡਟੇ ਸਨ ਅਤੇ ਅੱਜ ਉਨ੍ਹਾਂ ਦੇ ਨਾਂ ਉਤੇ ਚੱਲਿਆ ਧਰਮ ਸਭ ਤੋਂ ਵੱਧ ਜਥੇਬੰਦ ਹੈ। ਉਨ੍ਹਾਂ ਚਮਤਕਾਰਾਂ ਦਾ ਵਿਰੋਧ ਕੀਤਾ, ਪਰ ਅੱਜ ਉਨ੍ਹਾਂ ਦੇ ਜੀਵਨ ਨਾਲ ਕਿੰਨੇ ਚਮਤਕਾਰ ਜੁੜੇ ਹੋਏ ਹਨ। ਇਸ ਜਹਾਨ ਤੋਂ ਕੂਚ ਕਰਨ ਵੇਲੇ ਉਨ੍ਹਾਂ ਆਪਣੀ ਵਿਰਾਸਤ ਆਪਣੇ ਪੁੱਤਰ ਨੂੰ ਨਹੀਂ ਸੌਂਪੀ, ਸਗੋਂ ਆਪਣੇ ਸਭ ਤੋਂ ਕਾਬਲ ਸਿੱਖ ਨੂੰ ਆਪਣਾ ਅਧਿਆਤਮਕ ਜਾਨਸ਼ੀਨ ਚੁਣਿਆ, ਪਰ ਇਸ ਤੋਂ ਬਾਅਦ ਕੁਝ ਸਮੇਂ ਬਾਅਦ ਹੀ ਗੁਰੂ ਵਾਲੀ ਇਕੋ ਪਰਿਵਾਰ ਵਿਚੋਂ ਨਿਕਲਦੀ ਗਈ। -0-




## ਨਨਕਾਣੇ ਵਾਲਾ ਰਾਹ... ਸੰਵਾਦ ਦੀਆਂ ਪਰਤਾਂ

*ਲਹਿੰਦੇ ਪੰਜਾਬ ਵਿਚ ਗੁਰੂ ਨਾਨਕ ਨਾਲ ਸਬੰਧਤ ਸਥਾਨ ਵੱਲ ਜਾਂਦੇ ਰਾਹ ਬਾਰੇ ਲਾਇਆ ਇਹ ਬੋਰਡ ਆਪਣੇ ਅੰਦਰ ਕਈ ਸਦੀਆਂ ਦਾ ਇਤਿਹਾਸ ਸਮੋਈ ਬੈਠਾ ਹੈ। ਇਸ ਧਰਤੀ ਉਤੇ ਵਿਚਰਦਿਆਂ ਨਾਨਕ ਨੇ ਲੋਕਾਈ ਨੂੰ ਉਹ ਰਾਹ ਦਿਖਾਇਆ ਜੋ ਅੱਜ ਸੰਸਾਰ ਪੱਧਰ ਉਤੇ ਪ੍ਰਚਲਿਤ ਹੈ। ਆਪਣੀਆਂ ਰਚਨਾਵਾਂ ਦੌਰਾਨ ਉਨ੍ਹਾਂ ਸੰਵਾਦ ਰਚਾਇਆ ਅਤੇ ਅਗਾਂਹ ਵੇਲ ਵਧਾਈ। ਉਨ੍ਹਾਂ 'ਬਾਬਰ ਬਾਣੀ' ਅਤੇ 'ਸਿੱਧ ਗੋਸਟਿ' ਵਰਗੀਆਂ ਰਚਨਾਵਾਂ ਰਚ ਕੇ ਸਮੇਂ ਨਾਲ ਸੰਵਾਦ ਰਚਾਇਆ ਜਿਸ ਨੂੰ ਅਗਾਂਹ ਜਾ ਕੇ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ 'ਜ਼ਫਰਨਾਮਾ' ਦੇ ਰੂਪ ਵਿਚ ਸਾਕਾਰ ਕੀਤਾ ਅਤੇ ਕਲਮ ਦੇ ਜ਼ੋਰ ਦਾ ਜਲੌਅ ਦਿਖਾਇਆ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਜਨਵਰੀ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-255



*ਮੂਲੀਆਂ ਲਿਆ ਕੇ ਭਲਾ ਸਾਹਵੇਂ ਕਿਉਂ ਹੋ ਰੱਖਦੇ।*
*ਕੱਦੂ-ਕਸ ਕਰਕੇ ਪਰਾਉਂਠੇ ਕਿਉਂ ਨਹੀਂ ਥੱਪਦੇ?*

## ਕੈਪਸ਼ਨ ਮੁਕਾਬਲਾ-253




ਸ਼ੈਤਾਨ ਨੇ ਪਾਈਆਂ ਵੰਡੀਆਂ
ਲੋਕ ਹੋਏ ਮਜਬੂਰ।
ਲਾਹੌਰ ਜੋ ਦਿਲ ਵਿਚ ਵਸਦਾ ਹੈ
ਹੋ ਗਿਆ ਬਹੁਤੀ ਦੂਰ।
ਮੀਲ ਪੱਥਰ 'ਤੇ ਉਕਰਿਆ
ਰਿਹਾ ਹਾਲੇ ਵੀ ਘੂਰ।
**-ਜਗਮੀਤ ਸਿੰਘ ਪੰਧੇਰ**

---

ਮੀਲ ਪੱਥਰ ਦੇਖ ਕੇ
ਆਇਆ ਸਰੂਰ ਹੈ।
ਕਦੇ ਸੀ ਇਹ ਪਹੁੰਚ ਵਿਚ
ਅੱਜ ਭਾਵੇਂ ਦੂਰ ਹੈ।
ਖਲਕਤ ਦੇ ਨਹੀਂ ਵੱਸ
ਇਹ ਸਰਕਾਰਾਂ ਦਾ ਗਰੂਰ ਹੈ।
**-ਦਵਿੰਦਰ ਕੌਰ**

---

ਮੀਲ ਪੱਥਰ ਗੱਡੇ ਜਾਂਦੇ ਸੀ
ਜਾਣ ਸਕੀਏ, ਮੰਜ਼ਿਲ ਕਿੰਨੀ ਕੁ ਹੈ ਦੂਰ।
ਇਨ੍ਹਾਂ ਵਿਚਾਰਿਆਂ ਨੂੰ ਕੀ ਪਤਾ
ਇਤਿਹਾਸ ਬਦਲ ਗਿਆ।
ਹੁਣ ਇਹ ਯਾਦਗਾਰੀ ਬਣ ਗਏ ਨੇ ਭਾਵੇਂ
ਪਰ ਆਪਣੀ ਕਿਸਮਤ ਨੂੰ ਰਹੇ ਨੇ ਝੂਰ।
**-ਅਮਰਜੀਤ ਸਿੰਘ ਤੂਰ, ਚੰਡੀਗੜ੍ਹ**

---

ਮੀਲ ਪੱਥਰ ਤਾਂ ਨਿਰਜਿੰਦ ਹੁੰਦੇ
ਜੋ ਫਾਸਲਾ ਥਾਂਵਾਂ ਵਿਚ ਦੱਸਦੇ।
ਦੋਵੇਂ ਵਤਨੀਂ ਵੱਸਣ ਪੰਜਾਬੀ
ਜੋ ਨਾ ਫਰਕ ਦਿਲਾਂ ਵਿਚ ਰੱਖਦੇ।
ਰਗ ਤੇ ਰੰਗ ਦੋਵੇਂ ਇਕੋ ਨੇ
ਹਾਏ! ਸਿਆਸਤ ਨੇ ਖਿੱਚੀ ਲਕੀਰ।
ਗੁਰ-ਪੀਰਾਂ ਤੇ ਸ਼ਾਹ ਅਸਵਾਰਾਂ ਦਾ
ਕੀਤਾ ਪੰਜਾਬ ਜਿਨ੍ਹਾਂ ਲੀਰੋ ਲੀਰ।
ਬਾਣੀ, ਕਾਫੀਆਂ, ਵਾਰਾਂ, ਕਿੱਸੇ,
ਮਿਰਜ਼ੇ, ਸੋਹਣੀਆਂ, ਹੀਰਾਂ-ਰਾਂਝੇ।
ਬਾਬਾ ਨਾਨਕ, ਸ਼ੇਖ ਫਰੀਦ, ਬੁੱਲਾ
ਤੇ ਵਾਰਸ, ਸ਼ਾਹ ਮੁਹੰਮਦ ਨੇ ਸਾਂਝੇ।
ਆਓ, ਪੰਜਾਬੀਓ! ਰਲ ਮਿਲ ਸੋਚੋ
ਬਣਾਓ ਕੋਈ ਐਸੀ ਤਦਬੀਰ।
ਸਾਡੇ ਨਨਕਾਣੇ ਤੁਹਾਡੇ ਅਜਮੇਰ ਦੀ
ਜੋ ਬਦਲ ਦੇਵੇ ਤਕਦੀਰ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਮੀਲ ਪੱਥਰ ਤਾਂ ਹਨ ਸਿਰਫ
ਗਿਣਤੀ ਮਿਣਤੀ ਦੂਰੀਆਂ ਦੀ।
ਇਹ ਮੇਰਾ, ਇਹ ਤੇਰਾ
ਜੇ ਖਤਮ ਹੋ ਜਾਵੇ।
ਲੋੜ ਨਹੀਂ ਹੱਦ ਬੰਨਿਆਂ ਦੀ
ਦੁਨੀਆਂ 'ਚ ਹੋਵੇ ਜੇ ਨਾ ਕੋਈ ਸਰਹੱਦ।
ਰਵ੍ਹੇ ਇਕੋ ਇਕ ਚਿਹਰਾ ਮਨੁੱਖ ਦਾ
ਲੋਕਾਈ ਵੀ ਨਹੀਂ ਜਾਏਗੀ ਵੰਡੀ,
ਨਹੀਂ ਡੁੱਲ੍ਹੇਗਾ ਖੂਨ ਅਜਾਈਂ।
ਦਿਸ਼ਾਵਾਂ ਮਿੱਥ ਲਓ ਜੇ ਲੋੜ ਸਮਝੋ
ਪੂਰਬ, ਪੱਛਮ, ਉਤਰ, ਦੱਖਣ।
**-ਦਰਸ਼ਨਪਾਲ ਦੋਸਾਂਝ**

---

ਮੀਲ ਪੱਥਰ ਨਹੀਂ ਇਹ ਲੱਗੇ
ਹਿਕ ਵਿਚ ਗੱਡਿਆ ਅੰਗਰੇਜਾਂ ਕੀਲਾ।
ਕਰ ਕੇ ਵੰਡ ਦੇਸ਼ ਮੇਰੇ ਦੀ
ਕਰ ਗਏ ਸੀ ਤੀਲਾ ਤੀਲਾ।
ਮੀਲ ਪੱਥਰ ਚਾਹੇ ਦੱਸੇ ਲੁਧਿਆਣਾ
ਚਾਹੇ ਦੱਸੇ ਸ਼ਹਿਰ ਲਾਹੌਰ।
ਸੰਨ ਸੰਤਾਲੀ ਵਾਲਿਆਂ ਨੂੰ ਪੁੱਛੋ
ਕੀ ਕੀ ਢਹਿਆ ਸੀ ਕਹਿਰ।
ਭਾਵੇਂ ਸਾਰਿਆਂ ਮੰਨ ਲਿਆ ਵੰਡ ਨੂੰ
ਸੱਚੇ ਰੱਬ ਦਾ ਭਾਣਾ।
ਪਰ ਸਾਥੋਂ ਅੰਗਰੇਜ਼ਾਂ ਨੇ
ਖੋਹ ਲਿਆ ਸਾਡਾ ਨਨਕਾਣਾ।
**-ਗੋਰਾ ਪ੍ਰਜਾਪਤ, ਨਿਊ ਯਾਰਕ**

# ਥਿੜਕ ਗਏ ਹਨ ਅਜਮੇਰ ਸਿੰਘ ਆਪਣੀ ਮੰਜ਼ਿਲ ਤੋਂ

***ਪਿਛਲੇ ਸਮੇਂ ਦੌਰਾਨ ਕਮਿਊਨਿਸਟ (ਨਕਸਲੀ) ਆਗੂ ਤੋਂ ਸਿੱਖ ਵਿਦਵਾਨ ਬਣ ਕੇ ਧਿਆਨ ਖਿੱਚਣ ਵਾਲੇ ਸ. ਅਜਮੇਰ ਸਿੰਘ ਨੇ ਪਿਛਲੇ ਦਿਨੀਂ ਇਕ ਟੀ.ਵੀ. ਚੈਨਲ ਨੂੰ ਦਿਤੀ ਇੰਟਰਵਿਊ (ਯੂਟਿਊਬ 'ਤੇ https://www.youtube.com/watch?v=ZyhB1I0udBE&t=1437s) ਦੌਰਾਨ ਇਹ ਕਹਿ ਕੇ ਕਿ ਕਾਮਰੇਡ ਤੇ ਖਾਲਿਸਤਾਨੀ ਇਕੋ ਸਿੱਕੇ ਦੇ ਦੋ ਪਹਿਲੂ ਹਨ ਤੇ ਉਹ ਖਾਲਿਸਤਾਨੀਆਂ ਨਾਲ ਦੋ ਮਿੰਟ ਵੀ ਨਹੀਂ ਬੈਠ ਸਕਦੇ, ਸਿੱਖ ਹਲਕਿਆਂ ਵਿਚ ਤਰਥੱਲੀ ਮਚਾ ਦਿੱਤੀ ਹੈ। ਉਨ੍ਹਾਂ 'ਨੇਸ਼ਨ-ਸਟੇਟ' ਮੁੱਦੇ ਉਤੇ ਸਮੁੱਚੇ ਖਾਲਿਸਤਾਨੀਆਂ ਬਾਰੇ ਅਜਿਹੀ ਰਾਏ ਪ੍ਰਗਟ ਕੀਤੀ ਹੈ ਜਿਸ ਤੋਂ ਕੁਝ ਧਿਰਾਂ ਨੂੰ ਮਾਯੂਸੀ ਅਤੇ ਨਿਰਾਸ਼ਾ ਹੋਣੀ ਹੀ ਸੀ। ਪਹਿਲਾਂ-ਪਹਿਲ ਜਦੋਂ ਉਨ੍ਹਾਂ ਸਿੱਖ ਸਿਆਸਤ ਬਾਰੇ ਆਪਣੇ ਵਿਚਾਰ ਦੇਣੇ ਅਤੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ ਤਾਂ ਕੁਝ ਸੰਜੀਦਾ ਹਲਕਿਆਂ ਦੀ ਰਾਏ ਆਈ ਸੀ ਕਿ ਉਹ ਆਪਣੇ ਵਿਚਾਰਾਂ ਉਤੇ ਲਗਾਤਾਰ ਪਹਿਰਾ ਦੇਣ ਦੀ ਥਾਂ ਅਗਾਂਹ ਨਿਕਲ ਜਾਂਦੇ ਹਨ, ਪਰ ਉਦੋਂ ਸਿੱਖ ਹਲਕਿਆਂ ਨੇ ਇਹ ਆਲੋਚਨਾ ਸਵੀਕਾਰ ਨਹੀਂ ਸੀ ਕੀਤੀ। ਹੁਣ ਜਦੋਂ ਉਹ ਇਕ ਤਰ੍ਹਾਂ ਨਾਲ ਨੇਸ਼ਨ-ਸਟੇਟ ਦੇ ਖਿਲਾਫ ਆਣ ਡਟੇ ਹਨ ਤਾਂ ਕੁਝ ਸਿੱਖ ਹਲਕਿਆਂ ਨੇ ਉਨ੍ਹਾਂ ਉਤੇ ਸਵਾਲਾਂ ਦੀ ਵਾਛੜ ਕਰ ਦਿੱਤੀ ਹੈ। ਇਸੇ ਪ੍ਰਸੰਗ ਵਿਚ ਸਾਨੂੰ ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਸਾਬਕਾ ਅਸਿਸਟੈਂਟ ਐਡੀਟਰ ਅਤੇ ਸਿੱਖ ਵਿਦਵਾਨ ਸ. ਕਰਮਜੀਤ ਸਿੰਘ ਚੰਡੀਗੜ੍ਹ ਦਾ ਇਹ ਲੇਖ ਪ੍ਰਾਪਤ ਹੋਇਆ ਹੈ ਜਿਸ ਵਿਚ ਉਨ੍ਹਾਂ ਨੇ ਸ. ਅਜਮੇਰ ਸਿੰਘ ਦੇ ਸਿਆਸੀ ਪੈਂਤੜਿਆਂ ਬਾਰੇ ਉਨ੍ਹਾਂ ਨੂੰ ਖੁੱਲ੍ਹੀ ਚੁਣੌਤੀ ਦਿਤੀ ਹੈ। ਖਾਲਿਸਤਾਨੀ ਹਲਕਿਆਂ ਵਿਚ ਕਿਸੇ ਗੰਭੀਰ ਬਹਿਸ ਦਾ ਆਗਾਜ਼ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਮਸਲੇ ਬਾਰੇ ਸੰਜੀਦਾ ਬਹਿਸ ਚਲਾਈ ਜਾਵੇ। 'ਪੰਜਾਬ ਟਾਈਮਜ਼' ਪਹਿਲਾਂ ਵੀ ਅਜਿਹੇ ਗੰਭੀਰ ਮਸਲਿਆਂ ਬਾਰੇ ਬੇਬਾਕ ਬਹਿਸਾਂ ਛੇੜਦਾ ਰਿਹਾ ਹੈ। ਬੱਸ ਇਕ ਹੀ ਬੇਨਤੀ ਹੈ ਕਿ ਧੀਰਜ ਤੇ ਸ਼ਾਇਸਤਗੀ ਦਾ ਪੱਲਾ ਨਾ ਛੱਡਿਆ ਜਾਵੇ ਅਤੇ ਬਹਿਸ ਮੁੱਦਿਆਂ ਉਤੇ ਹੀ ਅਗਾਂਹ ਵਧੇ। -ਸੰਪਾਦਕ***

ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਯਾਦਵਿੰਦਰ ਸਿੰਘ ਕਰਫਿਊ ਨਾਲ ਇੰਟਰਵਿਊ ਦੌਰਾਨ ਜੋ ਧਮਾਕਾ ਕੀਤਾ ਹੈ, ਉਹ ਦੇਖ-ਸੁਣ ਕੇ ਹੋਰ ਵੀਰਾਂ ਨੂੰ ਤਾਂ ਸਦਮਾ ਹੋ ਸਕਦਾ ਹੈ, ਪਰ ਸਾਨੂੰ ਉਕਾ ਹੈਰਾਨੀ ਨਹੀਂ ਹੋਈ। ਹਾਂ, ਇਹ ਹੈਰਾਨੀ ਜ਼ਰੂਰ ਹੋਈ ਕਿ ਇਹ ਧਮਾਕਾ ਸਮੇਂ ਤੋਂ ਕਾਫੀ ਪਹਿਲਾਂ ਕਰ ਦਿੱਤਾ ਗਿਆ। ਸਾਡਾ ਅੰਦਾਜ਼ਾ ਸੀ ਕਿ ਖਾਲਿਸਤਾਨ ਅਤੇ ਖਾਲਿਸਤਾਨੀਆਂ ਤੋਂ ਖਹਿੜਾ ਛੁਡਾਉਣ ਲਈ ਸ. ਅਜਮੇਰ ਸਿੰਘ ਨੂੰ ਅਜੇ ਘੱਟੋ-ਘੱਟ ਇਕ ਸਾਲ ਦਾ ਸਮਾਂ ਲਗਣਾ ਚਾਹੀਦਾ ਹੈ ਕਿਉਂਕਿ ਜਿਸ ਮਾਹੌਲ ਦੇ ਤੁਸੀਂ ਕਰੀਬ ਰਹੇ ਹੋਵੋ ਅਤੇ ਜਿਨ੍ਹਾਂ ਲੋਕਾਂ ਨੇ ਤੁਹਾਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਵਿਗਸਣ ਲਈ ਹਰ ਕਿਸਮ ਦੀਆਂ ਸੁੱਖ-ਸਹੂਲਤਾਂ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 91-99150-91063**

ਦਿੱਤੀਆਂ ਹੋਣ, ਉਨ੍ਹਾਂ ਕੋਲੋਂ ਛੇਤੀ-ਛੇਤੀ, ਅਚਾਨਕ ਜਾਂ ਇਕੋ ਝਟਕੇ ਨਾਲ ਦੂਰੀ ਬਣਾਉਣੀ ਔਖੀ ਹੋ ਜਾਂਦੀ ਹੈ। ਵੈਸੇ ਵੀ ਸਲੀਕਾ ਅਤੇ ਜ਼ਮੀਰ ਤੁਹਾਨੂੰ ਅਜਿਹਾ ਕਦਮ ਚੁੱਕਣ ਤੋਂ ਰੋਕਦੇ ਹਨ। ਇਸ ਲਈ ਸਹੀ ਮੌਕੇ ਦੀ ਤਲਾਸ਼ ਕਰਨ ਲਈ ਇੰਤਜ਼ਾਰ ਕਰਨਾ ਮਜਬੂਰੀ ਬਣ ਜਾਂਦੀ ਹੈ।

ਸ. ਅਜਮੇਰ ਸਿੰਘ ਦੀ ਖੋਜ ਨੂੰ ਜਦੋਂ ਨੇਸ਼ਨ-ਸਟੇਟ ਦਾ ਸੰਕਲਪ ਤੇ ਅਮਲ, ਸਾਰੇ ਪੁਆੜਿਆਂ ਦੀ ਜੜ੍ਹ ਲੱਗਿਆ ਤਾਂ ਉਨ੍ਹਾਂ ਨੇ ਨੇਸ਼ਨ-ਸਟੇਟ ਨੂੰ ਖਲਨਾਇਕ ਬਣਾਉਣ ਲਈ ਮੁਹਿੰਮ ਸ਼ੁਰੂ ਕਰ ਦਿੱਤੀ। ਉਸ ਸਮੇਂ ਸਾਡੇ ਲਈ ਇਹ ਸਮਝਣਾ ਮੁਸ਼ਕਿਲ ਨਹੀਂ ਸੀ ਕਿ ਹੁਣ ਨੇਸ਼ਨ-ਸਟੇਟ, ਫੇਰ ਰਾਸ਼ਟਰਵਾਦ, ਫੇਰ ਭਾਰਤੀ ਰਾਸ਼ਟਰਵਾਦ ਅਤੇ ਹਿੰਦੂ ਰਾਸ਼ਟਰਵਾਦ ਉਤੇ ਇਕਪਾਸੜ ਬਹਿਸ ਸਿਖਰ ਵੱਲ ਵਧੇਗੀ ਤੇ ਨੇਸ਼ਨ ਸਟੇਟ ਨਾਲ ਜੁੜੇ ਅਮਲ ਮਿਸਾਲਾਂ ਦੇ-ਦੇ ਕੇ ਦੋਸ਼ੀਆਂ ਦੇ ਕਟਹਿਰੇ ਵਿਚ ਖੜ੍ਹੇ ਕਰ ਦਿੱਤੇ ਜਾਣਗੇ। ਹੋਇਆ ਵੀ ਇੰਜ ਹੀ। ਉਸੇ ਸਮੇਂ ਸਾਡਾ ਮੱਥਾ ਠਣਕਿਆ ਸੀ ਕਿ ਹੁਣ ਉਹ ਦਿਨ ਵੀ ਆਵੇਗਾ ਜਦੋਂ ਸਿੱਖ ਰਾਸ਼ਟਰਵਾਦ ਨੂੰ ਲੁਕਵੇਂ, ਅਸਿੱਧੇ ਜਾਂ ਅਣਦਿਸਦੇ ਰੂਪ ਵਿਚ ਤੇ ਜਾਂ ਅਣਕਹੇ (ਜੋ ਕਹਾ ਨਹੀਂ ਵੋ ਸੁਨਾ ਕਰੋ) ਅੰਦਾਜ਼ ਵਿਚ ਰੱਦ ਕਰ ਦਿੱਤਾ ਜਾਵੇਗਾ। ਉਂਜ ਅਜੇ ਸਿੱਖ ਰਾਸ਼ਟਰ ਵਿਰੁਧ ਬੋਲਣ ਵਿਚ ਸ. ਅਜਮੇਰ ਸਿੰਘ ਸੰਗ ਮਹਿਸੂਸ ਕਰਦੇ ਹਨ, ਪਰ ਜਦੋਂ ਨੇਸ਼ਨ-ਸਟੇਟ ਰੱਦ ਹੋ ਗਈ ਅਤੇ ਇਸ ਨਾਲ ਜੁੜੀਆਂ ਰਾਸ਼ਟਰਵਾਦ ਦੀਆਂ ਸਾਰੀਆਂ ਵੰਨਗੀਆਂ ਖਲਨਾਇਕ ਬਣਾ ਦਿੱਤੀਆਂ ਗਈਆਂ ਤਾਂ ਫੇਰ ਸਿੱਖ ਰਾਸ਼ਟਰਵਾਦ ਦੀ ਵਾਰੀ ਨੂੰ ਰੋਕਣ ਲਈ ਠੋਸ ਤਰਕ ਨਹੀਂ ਰਹਿ ਜਾਵੇਗਾ।

ਕੁਝ ਦਿਨ ਪਹਿਲਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵਿਦਿਆਰਥੀਆਂ ਅੱਗੇ ਇਕ ਘੰਟਾ ਲੰਮੇ ਲੈਕਚਰ ਵਿਚ ਉਨ੍ਹਾਂ ਨੇਸ਼ਨ-ਸਟੇਟ ਨੂੰ ਰੱਦ ਵੀ ਕੀਤਾ ਅਤੇ ਇਸ ਦੇ ਮੁਕਾਬਲੇ ਹਲੇਮੀ ਰਾਜ ਦੇ ਸੰਕਲਪ ਵੱਲ ਇਸ਼ਾਰਾ ਕੀਤਾ, ਪਰ ਇਸ ਹਲੇਮੀ ਰਾਜ ਦਾ ਮਾਡਲ ਕਿਸ ਤਰ੍ਹਾਂ ਦਾ ਹੋਵੇਗਾ, ਇਹ ਰਾਜ ਨੇਸ਼ਨ-ਸਟੇਟ ਨਾਲੋਂ ਕਿਹੜੀ ਗੱਲੋਂ ਵੱਖਰਾ ਹੋਵੇਗਾ? ਇਹ ਜ਼ਿੰਮੇਵਾਰੀ ਉਨ੍ਹਾਂ ਨੇ ਬੁੱਧੀਜੀਵੀਆਂ ਉਤੇ ਸੁੱਟ ਕੇ ਆਪਣੇ ਆਪ ਨੂੰ ਬਰੀ ਕਰ ਲਿਆ। ਇਸ ਸਿੱਖ ਵਿਦਵਾਨ ਨੇ ਖਾਲਿਸਤਾਨ ਲਈ ਹਜ਼ਾਰਾਂ ਵੀਰਾਂ ਤੇ ਭੈਣਾਂ ਦੇ ਡੁੱਲ੍ਹੇ ਖੂਨ ਨੂੰ ਅਣਡਿੱਠ ਅਤੇ ਅਣਗੌਲਿਆ ਕਰ ਕੇ ਇਹ ਸੰਦੇਸ਼ ਦਿੱਤਾ ਹੈ ਕਿ ਉਹ ਸਾਰਾ ਸੰਘਰਸ਼ ਹੀ ਗਲਤ ਸੀ। ਉਨ੍ਹਾਂ ਨੇ ਇਕ ਇਮਾਰਤ ਨੂੰ ਤਾਂ ਮੌਜ ਨਾਲ ਹੀ ਢਾਹ ਦਿੱਤਾ ਅਤੇ ਨਵੀਂ ਇਮਾਰਤ ਬਾਰੇ ਇਹ ਕਹਿ ਕੇ ਖਹਿੜਾ ਛੁਡਾ ਲਿਆ ਕਿ "ਇਟ ਵਿਲ ਟੇਕ ਟਾਈਮ।"

### ਨੇਸ਼ਨ-ਸਟੇਟ: ਸੁਤੰਤਰ ਵਰਤਾਰਾ

ਨੇਸ਼ਨ-ਸਟੇਟ ਦੀ ਗੱਲ ਬਹੁਤ ਗੁੰਝਲਦਾਰ ਹੈ। ਇਸ ਦੀਆਂ ਅਨੇਕ ਪਰਤਾਂ ਹਨ, ਵੰਨਗੀਆਂ ਹਨ ਅਤੇ ਨੇਸ਼ਨ-ਸਟੇਟ ਨਾਲ ਜੁੜੇ ਸੰਕਲਪਾਂ ਉਤੇ ਬਹਿਸ ਕਿਸੇ ਵੀ ਸਿੱਟੇ ਤੱਕ ਨਹੀਂ ਪਹੁੰਚੀ। ਇਸ ਲਈ ਨੇਸ਼ਨ-ਸਟੇਟ ਨੂੰ ਸਮਝਣ ਲਈ ਸਾਨੂੰ ਨੇਸ਼ਨ, ਸਟੇਟ, ਸਿਆਸੀ ਰਾਸ਼ਟਰਵਾਦ, ਸਭਿਆਚਾਰਕ ਰਾਸ਼ਟਰਵਾਦ, ਐਥਨਿਕ ਰਾਸ਼ਟਰਵਾਦ, ਸਿਵਿਕ ਰਾਸ਼ਟਰਵਾਦ, ਐਥਨੋ-ਕਲਚਰਲ ਨੈਸ਼ਨਲਿਜ਼ਮ, ਉਦਾਰਵਾਦ ਰਾਸ਼ਟਰਵਾਦ, ਕੰਜ਼ਰਵੇਟਿਵ ਰਾਸ਼ਟਰਵਾਦ, ਐਕਸਪੈਂਸ਼ਨਿਸਟ ਰਾਸ਼ਟਰਵਾਦ, ਬਸਤੀਵਾਦ ਵਿਰੋਧੀ ਅਤੇ ਉਤਰ-ਬਸਤੀਵਾਦ ਵਿਰੋਧੀ ਰਾਸ਼ਟਰਵਾਦ, ਅੰਤਰਰਾਸ਼ਟਰਵਾਦ, ਸੁਪਰਾ ਨੈਸ਼ਨਲਿਜ਼ਮ ਅਤੇ ਪੈਨ ਨੈਸ਼ਨਲਿਜ਼ਮ ਉਤੇ ਡੂੰਘੀ ਵਿਚਾਰ ਕਰਨੀ ਪੈਣੀ ਹੈ। ਇਨ੍ਹਾਂ ਸੰਕਲਪਾਂ ਵਿਚ ਆਪਸੀ ਵਖਰੇਵੇਂ ਸਪਸ਼ਟ ਕਰਨੇ ਪੈਣਗੇ। ਇਥੇ ਹੀ ਬਸ ਨਹੀਂ, ਨੇਸ਼ਨ-ਸਟੇਟ ਨਾਲ ਜੁੜੀਆਂ ਹੋਰ ਕਈ ਟਰਮਾਂ (ਸੰਕਲਪਾਂ) ਬਾਰੇ ਰਾਇ ਬਣਾਉਣੀ ਪਵੇਗੀ। ਇਨ੍ਹਾਂ ਵਿਚ ਸਾਨੂੰ ਦੇਸ਼ ਭਗਤੀ, ਵਤਨ ਪ੍ਰਸਤੀ, ਬਸਤੀਵਾਦ, ਉਤਰ-ਬਸਤੀਵਾਦ, ਐਥਨਿਕ ਸਾਵਰੈਨਿਟੀ, ਮਲਟੀਕਲਚਰਲ ਸਾਵਰੈਨਿਟੀ, ਯੂਨੀਫਿਕੇਸ਼ਨ, ਆਜ਼ਾਦੀ, ਵੱਖਵਾਦ, ਕਬੀਲਾਵਾਦ, ਸਾਮਰਾਜਵਾਦ, ਜਿੰਗੋਇਜ਼ਮ (Jingoism), ਵੋਲਕਜਿਸਟ (Volksgeist), ਨਸਲਵਾਦ ਅਤੇ ਹੋਰ ਕਈ ਸੰਕਲਪਾਂ ਦੀ ਵਿਆਖਿਆ ਕਰਨੀ ਪਵੇਗੀ। ਅਜਮੇਰ ਸਿੰਘ ਨੇ ਭਾਵੇਂ ਨੇਸ਼ਨ-ਸਟੇਟ ਉਤੇ ਹੁਣ ਤਕ ਇਕਪਾਸੜ ਬਹਿਸ ਹੀ ਛੇੜੀ ਹੈ, ਪਰ ਅਸੀਂ ਨੇਸ਼ਨ-ਸਟੇਟ ਦੇ ਸਾਰੇ ਪੱਖਾਂ, ਇਸ ਦੇ ਇਤਿਹਾਸ, ਮੌਜੂਦਾ ਸਥਿਤੀ, ਇਸ ਵਿਚ ਆਏ ਵਿਗਾੜਾਂ ਅਤੇ ਇਸ ਦੇ ਭਵਿੱਖ ਨਾਲ ਜੁੜੇ ਸਾਰੇ ਪਹਿਲੂਆਂ ਨੂੰ ਇਸ ਤਰ੍ਹਾਂ ਪੇਸ਼ ਕਰਨ ਦਾ ਯਤਨ ਕਰਾਂਗੇ ਕਿ ਬਹਿਸ ਦਾ ਪੱਧਰ ਵੀ ਉਚਾ ਹੋਵੇ, ਬਹਿਸ ਦਾ ਘੇਰਾ ਵੀ ਵਧੇ, ਬਹਿਸ ਗੁਰਬਾਣੀ ਦੀ ਰੌਸ਼ਨੀ ਵਿਚ ਵੀ ਚੱਲੇ ਅਤੇ ਅੰਤ ਨੂੰ ਇਹ ਬਹਿਸ ਵਿਸ਼ਾਲ ਲਹਿਰ ਵਿਚ ਵੀ ਤਬਦੀਲ ਹੋ ਜਾਵੇ। ਸਾਡੀ ਜਾਣਕਾਰੀ ਦੇ ਸਾਰੇ ਪੱਖਾਂ ਨੂੰ ਰੋਸ਼ਨ ਕਰਨ ਦੀ ਇੱਛਾ ਹੈ, ਕਿਉਂਕਿ ਸਿਆਣਿਆਂ ਨੇ ਇਹ ਸਿੱਟਾ ਕੱਢਿਆ ਹੈ ਕਿ ਜੇ ਹਵਾ ਇਕ ਹੀ ਦਿਸ਼ਾ ਵਿਚ ਵਹਿੰਦੀ ਰਹੇ ਤਾਂ ਦਰੱਖਤ ਵੀ ਟੇਢਾ ਹੀ ਉਗਦਾ ਹੈ। ਸਾਡੀ ਇਹ ਵੀ ਤਵੱਕੋ ਹੈ ਕਿ ਦੇਸ਼-ਵਿਦੇਸ਼ ਵਿਚ ਬੈਠੀਆਂ ਸੰਗਤਾਂ ਇਸ ਬਹਿਸ ਵਿਚ ਪੂਰੀ ਤਰ੍ਹਾਂ ਸਰਗਰਮ ਹੋਣ ਤਾਂ ਜੋ ਵਿਚਾਰਾਂ ਉਤੇ ਕਿਸੇ ਇਕ ਬੰਦੇ ਦੀ ਇਜਾਰੇਦਾਰੀ ਨਾ ਹੋ ਜਾਵੇ ਅਤੇ ਜਿਸ ਕਾਰਨ ਬਾਅਦ ਵਿਚ ਸਾਡੇ ਲਈ ਨਵੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਖੜ੍ਹੀਆਂ ਹੋ ਜਾਣ ਜਿਵੇਂ ਪਹਿਲਾਂ ਵੀ ਕਈ ਵਾਰ ਹੁੰਦਾ ਰਿਹਾ ਹੈ ਅਤੇ ਅੱਜ ਫੇਰ ਹੋ ਰਿਹਾ ਹੈ।

### ਦੋ ਮਿੰਟ ਵੀ ਨਹੀਂ ਬੈਠ ਸਕਦੇ ਅਜਮੇਰ ਸਿੰਘ ਖਾਲਿਸਤਾਨੀਆਂ ਨਾਲ

ਹੁਣ ਅਸੀਂ ਅਸਲ ਨੁਕਤੇ ਅਰਥਾਤ ਉਨ੍ਹਾਂ ਟਿੱਪਣੀਆਂ ਤੇ ਧਾਰਨਾਵਾਂ ਵੱਲ ਆਉਂਦੇ ਹਾਂ ਜੋ ਸ. ਅਜਮੇਰ ਸਿੰਘ ਨੇ ਯਾਦਵਿੰਦਰ ਸਿੰਘ ਕਰਫਿਊ ਨਾਲ ਇੰਟਰਵਿਊ ਦੌਰਾਨ ਪੇਸ਼ ਕੀਤੀਆਂ। ਉਨ੍ਹਾਂ ਨੇ ਖਾਲਿਸਤਾਨੀਆਂ ਬਾਰੇ 'ਡਿਸਗਸਟਿੰਗ' ਸ਼ਬਦ ਵਰਤਿਆ, ਜਿਸ ਦਾ ਡਿਕਸ਼ਨਰੀ ਮਤਲਬ ਹੈ: ਅੱਕ ਜਾਣਾ ਜਾਂ ਘਿਰਣਾ ਕਰਨਾ। ਦੂਜੇ ਸ਼ਬਦਾਂ ਵਿਚ ਉਹ ਖਾਲਿਸਤਾਨੀਆਂ ਤੋਂ ਅੱਕ ਚੁੱਕੇ ਹਨ ਅਤੇ ਉਨ੍ਹਾਂ ਨੂੰ ਘਿਰਣਾ ਦੀ ਨਿਗ੍ਹਾ ਨਾਲ ਦੇਖਦੇ ਹਨ। ਨਾਲ ਹੀ ਉਨ੍ਹਾਂ ਨੇ ਇਹ ਟਿੱਪਣੀ ਵੀ ਕੀਤੀ, "ਕਾਮਰੇਡ ਤੇ ਖਾਲਿਸਤਾਨੀ ਇਕੋ ਸਿੱਕੇ ਦੇ ਦੋ ਪਹਿਲੂ ਆ।" ਉਨ੍ਹਾਂ ਸਭ ਹੱਦਾਂ ਟੱਪ ਕੇ ਇਥੋਂ ਤਕ ਕਹਿ ਦਿੱਤਾ ਕਿ ਮੇਰੀ ਅੱਜ ਦੀ ਹਾਲਤ ਹੈ, ਅੱਜ ਲਹਿਰ ਦੇ ਨਾਲ ਜੁੜੇ ਹੋਏ ਬੰਦਿਆਂ ਨਾਲ ਸ਼ਾਇਦ ਮੈਂ ਦੋ ਮਿੰਟ ਵੀ ਨਾ ਬੈਠ ਸਕਾਂ।

ਇਨ੍ਹਾਂ ਅਫਸੋਸਨਾਕ ਟਿੱਪਣੀਆਂ ਨਾਲ ਹੈਰਾਨੀ, ਮਾਯੂਸੀ, ਰੋਸ ਤੇ ਗੁੱਸੇ ਦਾ ਮਾਹੌਲ ਪੈਦਾ ਹੋ ਗਿਆ। ਉਹ ਸਾਰੇ ਵੀਰ ਜੋ ਬੜੇ ਉਤਸ਼ਾਹ ਨਾਲ ਇਸ ਵਿਦਵਾਨ ਦੀਆਂ ਮੀਟਿੰਗਾਂ ਕਰਾਉਂਦੇ, ਉਨ੍ਹਾਂ ਦੀਆਂ ਕਿਤਾਬਾਂ ਦਾ ਪ੍ਰਚਾਰ ਕਰਦੇ, ਸ਼ਰਧਾ ਤੇ ਪਿਆਰ ਵਿਚ ਉਨ੍ਹਾਂ ਦੇ ਲੈਕਚਰ ਕਰਾਉਂਦੇ, ਉਹ ਸਾਰੇ ਇਕ ਵਾਰ ਤਾਂ ਇਨ੍ਹਾਂ ਟਿੱਪਣੀਆਂ ਤੋਂ ਭੰਬੱਤਰ ਹੀ ਗਏ। ਕਿਸੇ ਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ ਕਿ ਇਕ ਸਿੱਖ ਵਿਦਵਾਨ ਜਿਹੜਾ ਪਿਛਲੇ 15 ਸਾਲਾਂ ਤੋਂ ਉਨ੍ਹਾਂ ਦੀਆਂ ਸਫਾਂ ਵਿਚ ਵਿਚਰਦਾ ਰਿਹਾ, ਜਿਸ ਨੂੰ ਓੜਕਾਂ ਦਾ ਪਿਆਰ ਤੇ ਸਤਿਕਾਰ ਮਿਲਿਆ, ਉਹ ਅਚਾਨਕ ਖਾਲਿਸਤਾਨੀ ਭਰਾਵਾਂ ਬਾਰੇ ਅਜਿਹੀਆਂ ਗੱਲਾਂ ਕਰ ਦਵੇਗਾ, ਜਿਨ੍ਹਾਂ ਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਾ ਕੀਤੀ ਹੋਵੇ।



*ਅਜਮੇਰ ਸਿੰਘ*

ਸੋ, ਸਪਸ਼ਟੀਕਰਣ ਦੀ ਜ਼ਬਰਦਸਤ ਲੋੜ ਮਹਿਸੂਸ ਹੋਣ ਲੱਗੀ ਤੇ ਕੁਝ ਹੀ ਦਿਨਾਂ ਵਿਚ ਇਕ ਹੋਰ ਵੈਬਸਾਈਟ 'ਤੇ ਸ. ਅਜਮੇਰ ਸਿੰਘ ਨੇ ਆਪਣਾ ਪੱਖ ਰੱਖਿਆ। ਇਕ ਘੰਟਾ ਲੰਮੀ ਇਸ ਇੰਟਰਵਿਊ ਵਿਚ ਜੇ ਡੂੰਘੀ ਚੁੱਭੀ ਮਾਰੀ ਜਾਵੇ ਤਾਂ ਇਹ ਨਾ ਤਾਂ ਕੋਈ ਸਪਸ਼ਟੀਕਰਣ ਸੀ, ਨਾ ਹੀ ਕੀਤੇ ਦਾ ਪਛਤਾਵਾ ਤੇ ਨਾ ਹੀ ਯਾਦਵਿੰਦਰ ਨਾਲ ਕੀਤੀ ਇੰਟਰਵਿਊ ਦੀ ਕੋਈ ਵਿਆਖਿਆ। ਸਾਡੇ ਲਈ ਇਸ ਇੰਟਰਵਿਊ ਦੇ ਕੋਈ ਵਿਸ਼ੇਸ਼ ਅਰਥ ਨਹੀਂ ਅਤੇ ਸਾਡੀ ਟੇਕ ਪਹਿਲੀ ਇੰਟਰਵਿਊ 'ਤੇ ਹੀ ਹੈ, ਕਿਉਂਕਿ ਇਹ ਇੰਟਰਵਿਊ ਹੀ ਉਨ੍ਹਾਂ ਦੇ ਦਿਲ ਦੀ ਆਵਾਜ਼ ਸੀ। ਉਨ੍ਹਾਂ ਦੇ ਧੁਰ ਅੰਦਰ ਕੋਈ ਦੱਬੀ ਹੋਈ ਗੱਲ ਸੀ ਜੋ ਉਨ੍ਹਾਂ ਦੀ ਇੱਛਾ ਮੁਤਾਬਕ ਅਮਲ ਵਿਚ ਨਹੀਂ ਸੀ ਉਤਰ ਰਹੀ ਤੇ ਸ਼ਾਇਦ ਇਸੇ ਲਈ ਖਾਲਿਸਤਾਨੀ ਉਨ੍ਹਾਂ ਲਈ 'ਡਿਸਗਸਟਿੰਗ' ਵਰਗ ਵਿਚ ਆ ਗਏ ਜਿਨ੍ਹਾਂ ਕੋਲ ਦੋ ਮਿੰਟ ਬੈਠਣ ਨਾਲ ਵੀ ਉਨ੍ਹਾਂ (ਅਜਮੇਰ ਸਿੰਘ) ਨੂੰ ਕਚਿਆਣ ਮਹਿਸੂਸ ਹੁੰਦੀ ਹੈ।

ਇਕ ਹੋਰ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਇਸ ਸਿੱਖ ਵਿਦਵਾਨ ਨੇ ਦੂਜੀ ਮੁਲਾਕਾਤ ਵਿਚ ਖਾਲਿਸਤਾਨੀਆਂ ਨਾਲ 2 ਮਿੰਟ ਵੀ ਬੈਠ ਨਾ ਸਕਣ ਦਾ ਫਤਵਾ ਮਾਨ ਦਲ ਦੇ ਖਾਲਿਸਤਾਨੀਆਂ ਦੇ ਨਾਂ 'ਤੇ ਜਾਰੀ ਕਰ ਦਿੱਤਾ। ਇਹ ਅਜਿਹੀ ਬੌਧਿਕ ਚਤੁਰਾਈ ਸੀ ਜੋ ਹਲਕੇ ਸਿਆਸਤਦਾਨ ਤਾਂ ਅਕਸਰ ਹੀ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰਨ ਲਈ ਜਾਂ ਗੋਲ-ਮੋਲ ਰੱਖਣ ਲਈ ਵਰਤਦੇ ਹਨ, ਪਰ ਨੀਤੀਵਾਨ ਜਾਂ ਰੂਹਾਨੀਅਤ ਦਾ ਪ੍ਰਚਾਰ ਕਰਨ ਵਾਲੇ ਵਿਦਵਾਨ ਕਦੇ ਇੰਜ ਨਹੀਂ ਕਰਦੇ। ਸਪਸ਼ਟ ਹੈ ਕਿ ਸ. ਅਜਮੇਰ ਸਿੰਘ ਨੇ ਖਾਲਿਸਤਾਨੀਆਂ ਪ੍ਰਤੀ ਦੋ ਮਿੰਟ ਨਾ ਬੈਠਣ ਵਾਲੇ ਗੁੱਸੇ ਦਾ ਤੋਹਫਾ ਸਾਰੇ ਖਾਲਿਸਤਾਨੀਆਂ ਨੂੰ ਬਰਾਬਰ-ਬਰਾਬਰ ਵੰਡਿਆ ਹੈ, ਨਾ ਕਿ ਇਕੱਲੇ ਮਾਨ ਦਲ ਦੇ ਖਾਲਿਸਤਾਨੀਆਂ ਨੂੰ, ਜੋ ਹਾਲ ਦੀ ਘੜੀ ਅਜਮੇਰ ਸਿੰਘ ਨੂੰ ਸੌਫਟ-ਟਾਰਗੈਟ ਲੱਗਿਆ। ਅਸਲ ਵਿਚ ਇਹ ਅਜਿਹੀ ਚਲਾਕ ਰਣਨੀਤੀ ਸੀ ਜਿਸ 'ਚ ਉਨ੍ਹਾਂ ਇਕ ਧਿਰ 'ਤੇ ਹਮਲਾ ਕਰ ਕੇ ਖਾਲਿਸਤਾਨ ਦੀਆਂ ਦੂਜੀਆਂ ਧਿਰਾਂ ਨੂੰ ਚੁੱਪ ਕਰਾ ਦਿੱਤਾ।

### ਮਾਨ ਅਕਾਲੀ ਦਲ: ਬਫਰ-ਸਟੇਟ ਦਾ ਸੰਕਲਪ

ਮਾਨ ਅਕਾਲੀ ਦਲ ਨਾਲ ਭਾਵੇਂ ਸਾਡੇ ਕਿੰਨੇ ਵੀ ਮਤਭੇਦ ਕਿਉਂ ਨਾ ਹੋਣ, ਪਰ ਜਦੋਂ ਵੀ ਅਸੀਂ ਕਿਸੇ ਦੀ ਆਲੋਚਨਾ ਕਰਨੀ ਹੈ ਤਾਂ ਸਾਨੂੰ ਉਨ੍ਹਾਂ ਦੀਆਂ ਸਿਆਸੀ ਪੁਜੀਸ਼ਨਾਂ ਨੂੰ ਹੀ ਆਪਣੀ ਆਲੋਚਨਾ ਦਾ ਆਧਾਰ ਬਣਾਉਣਾ ਚਾਹੀਦਾ ਹੈ। ਅਸੀਂ ਮੰਨਦੇ ਹਾਂ ਕਿ ਚੋਣਾਂ ਮਸਲੇ ਦਾ ਹੱਲ ਨਹੀਂ, ਪਰ ਫੇਰ ਹੱਲ ਕੀ ਹੈ? ਵਿਦਵਾਨਾਂ ਨੂੰ ਦੱਸਣਾ ਚਾਹੀਦਾ ਹੈ। ਮਾਨ ਅਕਾਲੀ ਦਲ ਦੀ ਦੂਜੀ ਪੁਜੀਸ਼ਨ ਇਹ ਹੈ ਕਿ ਪੰਜਾਬ ਨੂੰ ਬਫਰ ਸਟੇਟ ਮੰਨਿਆ ਜਾਏ। ਅਸੀਂ ਸਮਝਦੇ ਹਾਂ ਕਿ ਬਫਰ ਸਟੇਟ ਦਾ ਮੁੱਦਾ ਅਹਿਮ ਹੈ ਅਤੇ ਮਾਨ ਦਲ ਦੀ ਅੰਤਰਰਾਸ਼ਟਰੀ ਸਮਝ, ਸਿਆਣਪ ਅਤੇ ਦੂਰ-ਅੰਦੇਸ਼ ਰਾਜਨੀਤੀ ਦਾ ਢੁਕਵਾਂ ਪ੍ਰਤੀਕ ਹੈ।

ਅੱਜ ਸਾਡੀ ਹਾਲਤ ਇਹ ਹੈ ਕਿ ਪੰਜਾਬ ਦੇ ਇਰਦ-ਗਿਰਦ ਤਿੰਨ ਪਰਮਾਣੂ ਮੁਲਕ- ਭਾਰਤ, ਪਾਕਿਸਤਾਨ ਤੇ ਚੀਨ ਪੈਂਦੇ ਹਨ। ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਓ ਕਦੇ ਖਤਮ ਨਹੀਂ ਹੋ ਸਕਦਾ, ਕਿਉਂਕਿ ਦੋਵਾਂ ਮੁਲਕਾਂ ਦੀ ਆਪਸੀ ਦੁਸ਼ਮਣੀ ਅਤੇ ਵਿਰੋਧ ਦੀਆਂ ਜੜ੍ਹਾਂ ਇਤਿਹਾਸ ਵਿਚ ਪਈਆਂ ਹਨ। ਮਾਨ ਦਲ ਇਸ ਹਕੀਕਤ ਨੂੰ ਸਮਝਦਾ ਹੈ। ਜੇ ਇਸ ਖਿੱਤੇ ਵਿਚ ਪਰਮਾਣੂ ਜੰਗ ਹੁੰਦੀ ਹੈ ਤਾਂ ਪੰਜਾਬ ਦਾ ਸਭ ਤੋਂ ਵੱਧ ਘਾਣ ਹੋਵੇਗਾ, ਪਰ ਅਸੀਂ ਇਤਿਹਾਸ ਅਤੇ ਧਰਮ ਦੇ ਖੇਤਰ ਵਿਚ ਅਜਿਹੇ ਨਿਰਪੱਖ ਨਿਸ਼ਾਨ ਛੱਡੇ ਹਨ ਕਿ ਦੋਵੇਂ ਧਿਰਾਂ ਕਿਸੇ ਵੀ ਸੰਕਟਮਈ ਹਾਲਤ ਵਿਚ ਸਾਨੂੰ ਨਿਰਪੱਖ ਮੁਲਕ ਵਜੋਂ ਮਾਨਤਾ ਦੇਣ ਲਈ ਮਜਬੂਰ ਹੋਣਗੀਆਂ। ਇਸ ਖਿੱਤੇ ਦੀ ਜੀਓ-ਪੋਲੀਟਿਕਲ (Geo-Political) ਸਥਿਤੀ ਕੁਦਰਤ ਨੇ ਸਾਡੇ ਹੱਕ ਵਿਚ ਦਿੱਤੀ ਹੋਈ ਹੈ। ਸਾਨੂੰ ਕੁਦਰਤ ਦੀ ਬਖਸ਼ੀ ਇਸ ਸਥਿਤੀ ਦਾ ਫਾਇਦਾ ਉਠਾਉਣਾ ਚਾਹੀਦਾ ਹੈ। ਇਸ ਵਿਚੋਂ ਹੀ ਬਫਰ ਸਟੇਟ ਦਾ ਰੋਲ ਜਨਮ ਲੈਂਦਾ ਹੈ। ਅਸੀਂ ਅਜਿਹਾ ਕਰ ਕੇ ਇਕ ਪਾਸੇ ਆਪਣੀ ਕੂਟਨੀਤਕ ਸਿਆਣਪ ਨਾਲ ਦੋਵਾਂ ਮੁਲਕਾਂ ਨੂੰ ਨੇੜੇ ਆਉਣ ਦਾ ਮੌਕਾ ਦੇਵਾਂਗੇ ਅਤੇ ਨਾਲ ਹੀ ਅਜਿਹਾ ਕਰ ਕੇ ਅਸੀਂ ਆਪਣਾ ਕੌਮਾਂਤਰੀ ਰੁਤਬਾ ਸਾਰੀ ਦੁਨੀਆਂ ਵਿਚ ਬੁਲੰਦ ਕਰ ਸਕਾਂਗੇ। ਵੈਸੇ ਇਹ ਗੱਲ ਵੱਖਰੀ ਹੈ ਕਿ ਮਾਨ ਦਲ ਨੇ ਬਫਰ ਸਟੇਟ ਦੇ ਸੰਕਲਪ ਦਾ ਇਤਿਹਾਸ ਤੇ ਇਸ ਨੂੰ ਅਮਲ 'ਚ ਉਤਾਰਨ ਬਾਰੇ ਨਾ ਕਦੇ ਕੋਈ ਪ੍ਰੋਗਰਾਮ ਦਿੱਤਾ ਹੈ ਅਤੇ ਨਾ ਗੰਭੀਰ ਬਹਿਸ ਚਲਾਈ ਹੈ, ਪਰ ਅਜਮੇਰ ਸਿੰਘ ਨੇ ਵੀ ਮਾਨ ਦਲ ਦੇ ਇਸ ਸਿਆਸੀ ਪੈਂਤੜੇ ਨੂੰ ਆਪਣੀ ਹਾਂ-ਪੱਖੀ ਸਮਝ ਦਾ ਹਿੱਸਾ ਨਹੀਂ ਬਣਾਇਆ।

### ਬਹਿਸ ਕਦੇ ਹੋਈ ਹੀ ਨਹੀਂ

ਪੁੱਛਣਾ ਬਣਦਾ ਹੈ ਕਿ ਆਖਿਰਕਾਰ ਇਸ ਵਿਦਵਾਨ ਨੂੰ ਖਾਲਿਸਤਾਨੀ ਵੀਰਾਂ ਨਾਲ ਦੋ ਮਿੰਟ ਵੀ ਬੈਠਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਕੀ ਉਨ੍ਹਾਂ ਨੇ ਕਦੇ ਖਾਲਿਸਤਾਨੀਆਂ ਨੂੰ ਕਿਸੇ ਵੱਡੀ ਬਹਿਸ ਦਾ ਸੱਦਾ ਦਿੱਤਾ ਜਾਂ ਖਾਲਿਸਤਾਨੀਆਂ ਨੇ ਕਦੇ ਇਸ ਵਿਦਵਾਨ ਦੀਆਂ ਧਾਰਨਾਵਾਂ ਨੂੰ ਕੋਈ ਚੁਣੌਤੀ ਦਿੱਤੀ? ਜਿਥੋਂ ਤਕ ਸਾਡਾ ਅਨੁਭਵ ਹੈ, ਖਾਲਿਸਤਾਨੀ ਹਲਕੇ ਤਾਂ ਕੇਵਲ ਉਨ੍ਹਾਂ ਨੂੰ ਸੁਣਦੇ ਹੀ ਆ ਰਹੇ ਹਨ, ਜਦਕਿ ਸ. ਅਜਮੇਰ ਸਿੰਘ ਉਨ੍ਹਾਂ ਨੂੰ ਸੁਣਾਉਂਦੇ ਹੀ ਆ ਰਹੇ ਹਨ। ਸੁਣਨ-ਸੁਣਾਉਣ ਦਾ ਇਹ ਰਿਸ਼ਤਾ ਇਕ ਤਰ੍ਹਾਂ ਨਾਲ 'ਵਨ ਵੇ ਟਰੈਫਿਕ' ਹੀ ਰਿਹਾ ਜਿਸ ਵਿਚ ਬਹੁ-ਪੱਖੀ ਤੇ ਬਹੁ-ਪਰਤੀ ਬਹਿਸ ਸ਼ਾਇਦ ਹੀ ਕਦੇ ਹੋਈ ਹੋਵੇ। ਸਾਨੂੰ ਨਹੀਂ ਲਗਦਾ ਕਿ ਜਿਵੇਂ 'ਨੇਸ਼ਨ-ਸਟੇਟ' ਨੂੰ ਉਨ੍ਹਾਂ ਨੇ ਦੈਂਤ ਬਣਾ ਕੇ ਪੇਸ਼ ਕੀਤਾ ਹੈ, ਉਸ ਦੈਂਤ ਬਾਰੇ ਖਾਲਿਸਤਾਨੀ ਭਰਾਵਾਂ ਨੇ ਉਨ੍ਹਾਂ ਨੂੰ ਕਦੇ ਬਰਾਬਰ ਦੀ ਟੱਕਰ ਲਈ ਵੰਗਾਰਿਆ ਹੋਵੇ, ਅਜਿਹੀ ਸਿਧਾਂਤਕ ਟੱਕਰ ਜਿਸ ਵਿਚ ਸਿਧਾਂਤਾਂ ਦੀ ਰੋਸ਼ਨੀ ਹੋਵੇ। ਉਹ ਤਾਂ ਕਿੰਨੀਆਂ ਮੁਸ਼ਕਿਲਾਂ ਨਾਲ ਇਧਰੋਂ ਜਾ ਕੇ ਉਧਰ (ਵਿਦੇਸ਼ਾਂ ਵਿਚ) ਵਸੇ ਅਤੇ ਕਈ-ਕਈ ਸਾਲ ਸਿਟੀਜ਼ਨਸ਼ਿਪ, ਗਰੀਨ ਕਾਰਡ ਜਾਂ ਪੀ.ਆਰ. ਲਈ ਭਟਕਦੇ ਰਹੇ। ਆਖਰ ਉਮੀਦ ਜਾਗੀ ਕਿ ਥੱਕ ਚੁੱਕੇ ਖਾਲਿਸਤਾਨੀਆਂ ਦੇ ਦਰਦ ਦੀ ਦਾਸਤਾਨ ਨੂੰ ਸ. ਅਜਮੇਰ ਸਿੰਘ ਢੁਕਵੇਂ ਸ਼ਬਦ ਦੇਣਗੇ ਅਤੇ ਉਨ੍ਹਾਂ ਦੇ ਮਾਸੂਮ ਅਗਿਆਨ ਨੂੰ ਗਿਆਨ ਦੀ ਰੋਸ਼ਨੀ ਨਾਲ ਸਰਸ਼ਾਰ ਕਰ ਦੇਣਗੇ। ਫੇਰ ਵੀ ਸ. ਅਜਮੇਰ ਸਿੰਘ ਨੂੰ ਜੇ ਦੋ ਮਿੰਟ ਵੀ ਉਨ੍ਹਾਂ ਨਾਲ ਬੈਠਣਾ ਠੀਕ ਨਹੀਂ ਲਗਦਾ ਤਾਂ ਫੇਰ ਰੂਹਾਨੀਅਤ ਤਾਂ ਇਹੋ ਕਹਿੰਦੀ ਹੈ ਕਿ ਉਨ੍ਹਾਂ ਨੂੰ ਆਪਣੀ ਇਸ ਖਿਝੂ-ਖਿਝੂ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਕੀ ਇਸ ਤਰ੍ਹਾਂ ਤਾਂ ਨਹੀਂ ਕਿ ਇਹ ਖਿਝੂ-ਖਿਝੂ ਮਾਨਸਿਕਤਾ ਅਤੇ ਚਿੜਚਿੜਾ ਸੁਭਾਅ ਉਨ੍ਹਾਂ ਅੰਦਰ ਉਸ ਸਮੇਂ ਵੀ ਕਾਇਮ ਸੀ ਜਦੋਂ ਉਨ੍ਹਾਂ ਨੇ ਕਾਮਰੇਡ ਭਰਾਵਾਂ ਨਾਲੋਂ ਤੋੜ-ਵਿਛੋੜਾ ਕੀਤਾ। ਅਸੀਂ ਇਹ ਟਿੱਪਣੀ ਇਸ ਲਈ ਕਰ ਰਹੇ ਹਾਂ ਕਿ ਉਨ੍ਹਾਂ ਇੰਟਰਵਿਊ ਵਿਚ ਇਹ ਗੱਲ ਮੰਨੀ ਸੀ ਕਿ ਉਨ੍ਹਾਂ ਲਈ ਕਾਮਰੇਡ ਤੇ ਖਾਲਿਸਤਾਨੀ ਇਕੋ ਸਿੱਕੇ ਦੇ ਦੋ ਪਹਿਲੂ ਹਨ।

### ਸ. ਅਜਮੇਰ ਸਿੰਘ ਦੀ 'ਮੈਂ' ਵਿਚ ਲੁਕੀ ਹਉਮੈ

"ਮੈਂ ਖਾਲਿਸਤਾਨੀਆਂ ਨਾਲ ਸ਼ਾਇਦ ਦੋ ਮਿੰਟ ਵੀ ਨਾ ਬੈਠ ਸਕਾਂ" ਦੀ ਟਿੱਪਣੀ ਉਨ੍ਹਾਂ ਦੀ ਵਿਦਵਤਾ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਦਿਸ਼ਾ ਵੱਲ ਲੈ ਗਈ ਹੈ। ਰਤਾ ਗੌਰ ਕਰੋ, ਇਸ ਟਿੱਪਣੀ ਵਿਚ ਦੋ ਧਿਰਾਂ ਹਨ। ਇਕ 'ਮੈਂ' ਦੀ ਧਿਰ ਤੇ ਦੂਜੀ 'ਖਾਲਿਸਤਾਨੀ' ਧਿਰ। ਇਸ ਦਾ ਡੂੰਘਾ ਮਤਲਬ ਕੀ ਹੈ? ਮਤਲਬ ਸਾਫ ਹੈ ਕਿ 'ਮੈਂ' ਧਿਰ 'ਖਾਲਿਸਤਾਨੀਆਂ' ਦੇ ਮੁਕਾਬਲੇ ਬਰਾਬਰ ਦੀ ਧਿਰ ਬਣ ਚੁੱਕੀ ਹੈ। ਇਸ ਨਾ-ਬਰਾਬਰੀ ਦੇ ਰਿਸ਼ਤੇ ਵਿਚ ਸ. ਅਜਮੇਰ ਸਿੰਘ ਦੀ 'ਮੈਂ' ਨੇ ਆਪਣੇ ਆਪ ਹੀ ਆਪਣੇ ਆਪ ਨੂੰ ਉਚੀ ਥਾਂ 'ਤੇ ਬਿਠਾ ਲਿਆ ਹੈ। ਕੀ ਇਸ ਵਿਚ ਮਿੱਠੀ-ਮਿੱਠੀ ਹਉਮੈ ਦਾ ਹਨੇਰਾ ਨਹੀਂ ਹੈ?

'ਆਈਡਿਓਲੋਜੀ' (ਵਿਚਾਰਧਾਰਾ) ਦੇ ਸੰਕਲਪ ਬਾਰੇ ਵੀ ਸ. ਅਜਮੇਰ ਸਿੰਘ ਦੀਆਂ ਧਾਰਨਾਵਾਂ ਉਨ੍ਹਾਂ ਦੀ ਸਿਆਸੀ ਵਿਦਵਤਾ ਦੇ ਮਿਆਰ ਬਾਰੇ ਵੱਡੇ ਸਵਾਲ ਖੜ੍ਹੇ ਕਰਦੀਆਂ ਹਨ। ਰਤਾ ਇਹ ਟਿੱਪਣੀਆਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਹੀ ਸੁਣੋ, "ਸਾਰੀਆਂ ਪ੍ਰੋਬਲਮਜ਼ ਆਈਡਿਓਲੋਜੀ ਦੀਆਂ ਹਨ, ਜਿੰਨੇ ਵੱਡੇ ਕਤਲੇਆਮ ਹੋਏ, ਜਿੰਨੀਆਂ ਵਿਨਾਸ਼ਕਾਰੀ ਗੱਲਾਂ ਵਾਪਰੀਆਂ ਨੇ, ਉਹ ਆਈਡਿਓਲੋਜੀ ਕਰ ਕੇ ਹਨ।"

ਉਨ੍ਹਾਂ ਦੀ ਆਈਡਿਓਲੋਜੀ ਦੀ ਮਨਮਰਜ਼ੀ ਵਾਲੀ ਵਿਆਖਿਆ ਵੀ ਸੁਣਨ ਵਾਲੀ ਹੈ, "ਆਈਡਿਓਲੋਜੀ ਕੀ ਹੈ? ਆਈਡਿਓਲੋਜੀ 'ਇਮੈਜੀਨੇਸ਼ਨ' ਹੈ ਨਾ, ਨਥਿੰਗ ਕੰਕਰੀਟ... ਮੈਂ ਤਾਂ ਆਪ ਦਾ ਜਦ ਵੀ ਲਿਖਾਂਗਾ ਤਾਂ ਮੇਰੇ ਕੋਲ ਤਾਂ ਬੜਾ ਐਕਸਪੀਰੀਐਂਸ ਹੈ, ਇਹ ਜਿਹੜੀ ਖਾਲਿਸਤਾਨ ਦੀ ਗੱਲ ਹੈ, ਇਹ ਸਿੱਖ ਧਰਮ ਦੀ ਗੱਲ ਨਹੀਂ, ਇਨ੍ਹਾਂ ਨੇ ਸਿੱਖ ਧਰਮ ਨੂੰ ਆਈਡਿਓਲੋਜੀ ਦੇ ਤੌਰ 'ਤੇ ਬਣਾ ਲਿਆ, ਧਰਮ ਤੇ ਆਈਡਿਓਲੋਜੀ ਦਾ ਕੋਈ ਰਿਲੇਸ਼ਨਸ਼ਿਪ ਨਹੀਂ, ਇਹ ਲੋਕਾਂ ਨੂੰ ਪਤਾ ਹੀ ਨਹੀਂ ਲਗਦਾ, ਬਾਬੇ ਨਾਨਕ ਦੀ ਵਿਚਾਰਧਾਰਾ, ਸਿੱਖ ਵਿਚਾਰਧਾਰਾ, ਇਟਸ ਨਾਟ ਵਿਚਾਰਧਾਰਾ, ਤੇ ਇਹ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ, ਉਹ ਧਰਮ ਦੀ ਗੱਲ ਹੋਰ ਹੈ, ਇਹਦੇ ਵਿਚ ਹੋਰ ਕਿਸਮ ਦੇ ਆਦਰਸ਼ ਨਿਕਲਦੇ ਨੇ, ਹੋਰ ਕਿਸਮ ਦਾ ਰਾਹ ਨਿਕਲਦਾ ਹੈ, ਇਹ ਟੂਲ ਬਣਾਉਂਦੇ ਨੇ ਧਰਮ ਨੂੰ, ਬਾਦਲ ਵੀ ਤੇ ਖਾਲਿਸਤਾਨੀ ਧਿਰਾਂ ਵੀ...।"

### ਇੰਟਰਵਿਊ: ਵਿਚਾਰਧਾਰਕ ਧੁੰਦ ਦਾ ਐਲਾਨਨਾਮਾ?

ਇਹ ਵਿਚਾਰ ਪੜ੍ਹ ਕੇ ਕਿਸ ਸਿੱਟੇ ਉਤੇ ਪਹੁੰਚੀਏ? ਪਰ ਇਕ ਗੱਲ ਤਾਂ ਸਪਸ਼ਟ ਹੈ ਕਿ

*(ਅਗਲੇ ਸਫੇ 'ਤੇ ਜਾਰੀ)*

ਉਪਰੋਕਤ ਪਹਿਰੇ ਵਿਚ ਉਨ੍ਹਾਂ ਸਭ ਖਾਲਿਸਤਾਨੀ ਧਿਰਾਂ ਨੂੰ ਰਗੜਾ ਲਾਇਆ ਹੈ, ਨਾ ਕਿ ਇਕੱਲੇ ਮਾਨ ਦਲ ਦੇ ਖਾਲਿਸਤਾਨੀਆਂ ਨੂੰ, ਜਿਵੇਂ ਉਨ੍ਹਾਂ ਦੂਜੀ ਮੁਲਾਕਾਤ ਵਿਚ ਸਪਸ਼ਟੀਕਰਣ ਦੇਣ ਦਾ ਯਤਨ ਕੀਤਾ ਸੀ। ਹੁਣ ਆਈਡਿਓਲੋਜੀ ਬਾਰੇ ਉਨ੍ਹਾਂ ਵਲੋਂ ਇਲਹਾਮੀ ਸੁਰਾਂ ਵਿਚ ਕੀਤੀਆਂ ਟਿਪਣੀਆਂ ਬਾਰੇ ਪਾਠਕ ਖੁਦ ਫੈਸਲਾ ਕਰਨ। ਸਾਨੂੰ ਤਾਂ ਕੁਝ ਸਮਝ ਨਹੀਂ ਆ ਰਿਹਾ ਕਿ ਉਪਰੋਕਤ ਪਹਿਰੇ ਦੀ ਅਸੀਂ ਕੀ ਵਿਆਖਿਆ ਕਰੀਏ। ਫੇਰ ਵੀ ਕੋਸ਼ਿਸ਼ ਕਰਦੇ ਹਾਂ। ਆਈਡਿਓਲੋਜੀ ਕੀ ਹੈ? ਇਸ ਦੀ ਇਕ ਪਰਿਭਾਸ਼ਾ ਇਹ ਹੈ: ਵਿਚਾਰਾਂ ਦਾ ਇਕੱਠ। ਇਹ ਖਿੜਿਆ ਬਾਗ ਵੀ ਹੋ ਸਕਦੀ ਹੈ ਤੇ ਨਹੀਂ ਵੀ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਹੜਾ ਬੰਦਾ ਸਮਾਜ ਦੇ ਬਹੁਪੱਖੀ ਵਿਕਾਸ ਤੇ ਵਿਗਾਸ ਲਈ ਕਿਹੋ ਜਿਹੇ ਵਿਚਾਰਾਂ ਨੂੰ ਸਾਹਮਣੇ ਲਿਆ ਰਿਹਾ ਹੈ, ਪਰ ਸ. ਅਜਮੇਰ ਸਿੰਘ ਵਿਚਾਰਧਾਰਾ ਨੂੰ ਹੀ ਵਿਨਾਸ਼ਕਾਰੀ ਦਾ ਸਰਟੀਫਿਕੇਟ ਦਿੰਦਿਆਂ ਵਿਚਾਰਧਾਰਾ ਨੂੰ ਕਾਤਲ ਕਰਾਰ ਦੇ ਰਹੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਜਦੋਂ ਉਹ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਵਿਦਿਆਰਥੀਆਂ ਅੱਗੇ ਆਪਣੇ ਲੈਕਚਰ ਵਿਚ ਰਾਸ਼ਟਰਵਾਦ ਦਾ ਮਰਸੀਆ ਪੜ੍ਹ ਰਹੇ ਸਨ ਤਾਂ ਨਾਲ ਹੀ ਗੁਰਬਾਣੀ ਵਿਚੋਂ ਇਕ ਸਤਰ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਸ ਸੰਸਾਰ ਵਿਚ ਕੋਈ ਵੀ ਚੀਜ਼ ਥਿਰ ਨਹੀਂ, ਪਰ ਸਾਡਾ ਖਿਆਲ ਹੈ ਕਿ ਗੁਰਬਾਣੀ ਦੇ ਅੰਤਰੀਵ ਭਾਵ ਵਿਚ ਡੂੰਘਾ ਉਤਰੇ ਬਿਨਾ ਸ਼ਬਦਾਂ ਦੇ ਅਰਥ ਹੋਰ ਦੇ ਹੋਰ ਬਣ ਸਕਦੇ ਹਨ। ਸਾਡੀ ਸਮਝ ਅਨੁਸਾਰ ਗੁਰਬਾਣੀ ਤਿੰਨ ਹਕੀਕਤਾਂ ਨੂੰ ਥਿਰ ਮੰਨਦੀ ਹੈ, "ਥਿਰੁ ਨਾਰਾਇਣ ਥਿਰੁ ਗੁਰੂ ਥਿਰੁ ਸਚਾ ਬੀਚਾਰੁ॥" ਮਤਲਬ ਸਾਫ ਹੈ ਕਿ ਸੱਚਾ ਵਿਚਾਰ ਹੀ ਥਿਰ ਹੁੰਦਾ ਹੈ ਜਦਕਿ ਅਜਮੇਰ ਸਿੰਘ ਵਿਚਾਰ ਤੇ ਵਿਚਾਰਧਾਰਾ ਨੂੰ 'ਕਾਤਲਾਂ' ਦੇ ਵਰਗ ਵਿਚ ਰੱਖ ਰਹੇ ਹਨ। ਚਾਹੀਦਾ ਤਾਂ ਇਹ ਹੈ ਪਈ ਜਾਂ ਤਾਂ ਉਹ ਵਿਚਾਰਧਾਰਾ ਦੀਆਂ ਕਿਸਮਾਂ ਅਤੇ ਉਨ੍ਹਾਂ ਵਿਚ ਵਖਰੇਵਿਆਂ ਨੂੰ ਸਥਾਪਿਤ ਕਰਨ, ਤੇ ਜਾਂ ਫੇਰ ਵਿਚਾਰਧਾਰਾ ਦਾ ਕੋਈ ਹੋਰ ਬਦਲ, ਜਿਹੜਾ ਉਨ੍ਹਾਂ ਨੂੰ ਲੱਭ ਗਿਆ ਹੈ, ਸਾਹਮਣੇ ਲੈ ਕੇ ਆਉਣ। ਇਸੇ ਤਰ੍ਹਾਂ ਜੇ ਉਨ੍ਹਾਂ ਨੂੰ 'ਬਾਬਾ ਨਾਨਕ' ਦੇ ਧਰਮ ਬਾਰੇ ਕੋਈ ਨਵੀਂ ਗੱਲ ਪਤਾ ਲੱਗੀ ਹੈ, ਜੋ ਉਨ੍ਹਾਂ ਤੋਂ ਪਿਛਲੇਰੇ ਵਿਦਵਾਨਾਂ ਨਾਲੋਂ ਵੱਖਰੀ ਤੇ ਵਿਸ਼ੇਸ਼ ਹੈ, ਉਸ ਬਾਰੇ ਲੱਪ ਕੁ ਚਾਨਣ ਸਾਡੀ ਝੋਲੀ ਵੀ ਪਾਉਣ। ਇਸੇ ਤਰ੍ਹਾਂ ਪਿਛਲੇ ਕੁਝ ਅਰਸੇ ਤੋਂ ਉਹ ਰੂਹਾਨੀਅਤ ਦੀਆਂ ਗੱਲਾਂ ਵਿਸ਼ੇਸ਼ ਰੂਪ ਵਿਚ ਕਰ ਰਹੇ ਹਨ, ਪਰ ਨਾ ਤਾਂ ਉਹ ਰੂਹਾਨੀਅਤ ਦਾ ਕੋਈ ਨਵਾਂ ਮਾਡਲ ਦੇ ਰਹੇ ਹਨ ਅਤੇ ਨਾ ਹੀ ਰੂਹਾਨੀਅਤ ਦੀਆਂ ਬਾਰੀਕ ਰਮਜ਼ਾਂ ਤੇ ਰਹੱਸਾਂ ਬਾਰੇ ਆਪਣਾ ਅਨੁਭਵ ਸਾਂਝਾ ਕਰ ਰਹੇ ਹਨ।

'ਰੂਹਾਨੀਅਤ' ਸ਼ਬਦ ਬਹੁਤ ਚੰਗਾ ਹੈ ਅਤੇ ਸਾਨੂੰ ਤਾਂ ਉਨ੍ਹਾਂ ਨਾਲੋਂ ਵੀ ਚੰਗਾ ਲਗਦਾ ਹੈ, ਪਰ ਸਵਾਲ ਹੈ ਕਿ ਕੀ ਉਹ ਰੂਹਾਨੀਅਤ ਦੇ ਭੇਸ ਵਿਚ ਖਾਲਿਸਤਾਨ ਦਾ ਵਿਰੋਧ ਕਰਨਾ ਚਾਹੁੰਦੇ ਹਨ? ਜੇ ਵਿਰੋਧ ਹੀ ਕਰਨਾ ਹੈ, ਫੇਰ ਖੁੱਲ੍ਹ ਕੇ ਕਰਨ। ਨੇਸ਼ਨ-ਸਟੇਟ ਨੂੰ ਆਧਾਰ ਬਣਾ ਕੇ ਵਿੰਗ ਵਲੇਵਿਆਂ ਨਾਲ ਉਨ੍ਹਾਂ ਨੇ ਖਾਲਿਸਤਾਨ ਦਾ ਵਿਰੋਧ ਕਰਨ ਦਾ ਰਾਹ ਚੁਣਿਆ ਹੈ। ਵੈਸੇ ਧਰਮ, ਰੂਹਾਨੀਅਤ, ਵਿਚਾਰਧਾਰਾ ਅਤੇ ਸੰਸਾਰ ਬਾਰੇ ਜਿਵੇਂ ਉਹ ਹਰਫੇ-ਆਖਿਰ ਵਰਗੀਆਂ ਟਿੱਪਣੀਆਂ ਕਰ ਰਹੇ ਹਨ, ਉਸ ਤੋਂ ਤਾਂ ਸਾਨੂੰ ਲਗਦਾ ਹੈ ਜਿਵੇਂ ਯਾਦਵਿੰਦਰ ਸਿੰਘ ਨਾਲ ਇੰਟਰਵਿਊ ਜਾਂ ਤਾਂ ਭੰਬਲਭੂਸੇ ਦੀ ਦਸਤਾਵੇਜ਼ ਹੈ ਅਤੇ ਜਾਂ ਫੇਰ ਵਿਚਾਰਧਾਰਕ ਧੁੰਦ ਦਾ ਐਲਾਨਨਾਮਾ।

ਸ. ਅਜਮੇਰ ਸਿੰਘ ਦੀ ਲਿਖਣ-ਸ਼ੈਲੀ ਉਤੇ ਵੀ ਸਰਬਪੱਖੀ ਟਿੱਪਣੀ ਕੀਤੀ ਜਾਣੀ ਬਣਦੀ ਹੈ। ਉਹ ਤਰਕ ਤੇ ਜਜ਼ਬਾਤ ਦਾ ਵਿਸ਼ੇਸ਼ ਸੰਤੁਲਨ ਬਣਾਈ ਰੱਖਦੇ ਹਨ, ਯਾਨਿ ਜਜ਼ਬਾਤ ਦੀ ਬਰਕਤ ਨੂੰ ਤਰਕ ਨਾਲ ਸਿੰਜਦੇ ਹਨ, ਪਰ ਅਜਿਹਾ ਕਰਦਿਆਂ ਉਹ ਆਪਣੇ ਵਿਸ਼ਲੇਸ਼ਣ ਵਿਚ ਆਪਣੀ ਮਨਮਰਜ਼ੀ ਵਾਲਾ ਤਰਕ ਵੀ ਸ਼ਾਮਿਲ ਕਰਦੇ ਹਨ ਅਤੇ ਬੜੀ ਜੁਗਤ ਨਾਲ ਇਹ ਤਰਕ ਠੋਸਣ ਦਾ ਯਤਨ ਕਰਦੇ ਹਨ। ਜੇ ਸਾਹਮਣੇ ਵਾਲੇ ਪਾਸਿਓਂ ਪੇਸ਼ ਕੋਈ ਵੀ ਵੱਡਾ ਤਰਕ ਉਨ੍ਹਾਂ ਦੇ ਤਰਕ ਨੂੰ ਟੱਕਰ ਨਹੀਂ ਦਿੰਦਾ ਤਾਂ ਉਹ ਬਿਨਾ ਕਿਸੇ ਰੋਕ-ਟੋਕ ਤੋਂ ਅੱਗੇ ਵਧਦੇ ਹਨ ਅਤੇ ਫਤਵੇ ਦੇ ਰੂਪ ਵਿਚ ਆਪਣੀ ਗੱਲ ਸਥਾਪਿਤ ਕਰ ਦਿੰਦੇ ਹਨ। ਉਹ ਇਹ ਭੁੱਲ ਜਾਂਦੇ ਹਨ ਕਿ ਗੁਰ-ਸੰਗਤ ਹੀ ਉਤਮ ਪੰਥ ਹੈ ਅਤੇ ਉਸ ਦੀ ਮਾਸੂਮੀਅਤ ਵਿਚ ਵੀ ਬਹੁਤ ਵੱਡੇ ਰੂਹਾਨੀ ਤਰਕਾਂ ਦਾ ਖਜ਼ਾਨਾ ਪਿਆ ਹੁੰਦਾ ਹੈ। ਲੇਕਿਨ ਸਾਡਾ ਇਹ ਵਿਦਵਾਨ ਉਸ ਨਿਰਦੋਸ਼ ਅਤੇ ਲੁਕੀ ਮਾਸੂਮੀਅਤ ਨਾਲ ਸੰਵਾਦ ਕਰਨ ਦੀ ਲੋੜ ਹੀ ਨਹੀਂ ਸਮਝਦਾ। ਅਜਿਹਾ ਕਰਦਿਆਂ ਉਹ ਵੱਖਰੇ ਰੂਪ ਵਿਚ 'ਸ਼ਬਦਾਂ ਦੀ ਤਾਨਾਸ਼ਾਹੀ' ਦਾ ਮਾਹੌਲ ਪੈਦਾ ਕਰ ਦਿੰਦਾ ਹੈ। ਮਿਸਾਲ ਵਜੋਂ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਦੀ ਸ਼ਖਸੀਅਤ ਦੇ ਦਿਮਾਗੀ ਦੀਦਾਰ ਤਾਂ ਕੀਤੇ ਹਨ, ਪਰ ਰੂਹਾਨੀ ਦੀਦਾਰ ਨਹੀਂ ਕਰ ਸਕੇ। ਜੇ ਕਰ ਸਕਦੇ ਹੁੰਦੇ ਤਾਂ ਉਹ ਆਪਣੀ ਦਿਮਾਗੀ ਪ੍ਰਸ਼ੰਸਾ ਵਿਚ ਸੰਤ ਜਰਨੈਲ ਸਿੰਘ ਵਲੋਂ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੀ ਸੂਰਤ ਵਿਚ ਖਾਲਿਸਤਾਨ ਦੀ ਨੀਂਹ ਰੱਖੇ ਜਾਣ ਦੇ ਐਲਾਨ ਨੂੰ ਵੀ ਆਪਣੀ ਪ੍ਰਸ਼ੰਸਾ ਵਿਚ ਪ੍ਰਮੁੱਖ ਥਾਂ ਦਿੰਦੇ। ਕਿਉਂ ਨਹੀਂ ਦੇ ਸਕੇ? ਕਿਉਂਕਿ ਖਾਲਿਸਤਾਨ ਉਨ੍ਹਾਂ ਦੀ ਆਪਣੀ ਇੱਛਾ ਜਾਂ ਮਰਜ਼ੀ ਦਾ ਹਿੱਸਾ ਹੀ ਨਹੀਂ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਸੰਤ ਜਰਨੈਲ ਸਿੰਘ ਅਸਲ ਵਿਚ ਕੀ ਚਾਹੁੰਦੇ ਸਨ? ਇਸੇ ਤਰ੍ਹਾਂ 29 ਅਪਰੈਲ 1986 ਨੂੰ ਖਾਲਿਸਤਾਨ ਦਾ ਐਲਾਨ ਹੋਇਆ, ਸਾਲਾਂ ਦੇ ਸਾਲ ਗੁਜ਼ਰਦੇ ਗਏ, ਪਰ ਸ਼ਾਇਦ ਹੀ ਕੋਈ ਵਰ੍ਹੇਗੰਢ ਅਜਿਹੀ ਹੋਵੇ ਜਦੋਂ ਇਹ ਮੁਬਾਰਕ ਦਿਨ ਉਨ੍ਹਾਂ (ਅਜਮੇਰ ਸਿੰਘ) ਲਈ ਖਿੱਚ ਦਾ ਕੇਂਦਰ ਬਣਿਆ ਹੋਵੇ, ਜਾਂ ਦੋ ਸ਼ਬਦ ਉਨ੍ਹਾਂ ਦੀ ਕਿਸੇ ਰਚਨਾ ਵਿਚ ਆਏ ਹੋਣ।

## ਗਿਆਨ ਦੀ ਰੌਸ਼ਨੀ (Enlightenment) ਅਤੇ ਨੇਸ਼ਨ-ਸਟੇਟ: ਸਾਡੀਆਂ ਨਜ਼ਰਾਂ ਵਿਚ

ਕੀ ਨੇਸ਼ਨ-ਸਟੇਟ ਸਚਮੁੱਚ ਹੀ ਵੱਡਾ ਦੈਂਤ ਹੈ ਜਿਵੇਂ ਸ. ਅਜਮੇਰ ਸਿੰਘ ਦੀ ਖੋਜ ਇਸ ਨਤੀਜੇ ਉਤੇ ਪਹੁੰਚੀ ਹੈ? ਪਰ ਸਾਡੀ ਇਸ ਮੁੱਦੇ ਉਤੇ ਸਰਬਪੱਖੀ ਬਹਿਸ ਕਰਨ ਦੀ ਜਿਗਿਆਸਾ ਹੈ ਤੇ ਸੰਗਤਾਂ ਨੂੰ ਵੀ ਇਸ ਬਹਿਸ ਵਿਚ ਸ਼ਾਮਿਲ ਹੋਣ ਦੀ ਬੇਨਤੀ ਕਰਦੇ ਹਾਂ। ਨੇਸ਼ਨ-ਸਟੇਟ ਦੇ ਵਜੂਦ ਤੋਂ ਪਹਿਲਾਂ ਦੁਨੀਆਂ ਵਿਚ ਜੋ ਵੀ ਰਾਜ ਕਾਇਮ ਸਨ, ਕੀ ਉਨ੍ਹਾਂ ਦੇ ਜ਼ੁਲਮਾਂ ਦੀ ਦਾਸਤਾਨ ਘੱਟ ਸੀ? ਜੇ ਸਾਰੀ ਗੱਲ ਨੂੰ ਹਿੰਸਾ ਉਤੇ ਹੀ ਖੜ੍ਹੀ ਕਰਨਾ ਹੈ ਤਾਂ ਕੀ ਅਸੀਂ ਕੋਈ ਇਹੋ ਜਿਹਾ ਰਾਜ ਆਪਣੀ ਕਲਪਨਾ ਵਿਚ ਲਿਆ ਸਕਦੇ ਹਾਂ ਜਦੋਂ ਹਿੰਸਾ ਦੇ ਵੱਖੋ-ਵੱਖ ਸਰੂਪ ਇਸ ਧਰਤੀ ਤੋਂ ਸਦਾ ਲਈ ਖਤਮ ਹੋ ਜਾਣਗੇ। ਅਸਲ ਵਿਚ ਇਹ ਵੱਡਾ ਸਵਾਲ ਸਾਨੂੰ ਧਰਮ, ਫਿਲਾਸਫੀ, ਮਨੋਵਿਗਿਆਨ ਅਤੇ ਇਨ੍ਹਾਂ ਨਾਲ ਜੁੜੇ ਵਿਸ਼ਿਆਂ ਵੱਲ ਲੈ ਜਾਂਦਾ ਹੈ ਅਤੇ ਬਹਿਸ ਦੀ ਮੰਗ ਕਰਦਾ ਹੈ।

ਨੇਸ਼ਨ-ਸਟੇਟ ਬਾਰੇ ਸਾਡਾ ਦੂਜਾ ਨੁਕਤਾ ਇਹ ਹੈ ਕਿ ਅੱਜ ਜਿਹੜੀਆਂ ਨੇਸ਼ਨ-ਸਟੇਟ ਹੋਂਦ ਵਿਚ ਹਨ, ਕੀ ਉਨ੍ਹਾਂ ਨੇ ਆਪਣੇ ਲੋਕਾਂ ਦੀ ਭਲਾਈ ਲਈ ਆਪਣੇ ਸਿਧਾਂਤਾਂ ਵਿਚ ਕੋਈ ਖੁੱਲ੍ਹਾਪਨ ਅਤੇ ਮੋਕਲਾਪਨ ਲਿਆਂਦਾ ਹੈ ਜਾਂ ਨਹੀਂ? ਦੁਨੀਆਂ ਭਰ ਵਿਚ ਇਸ ਸਮੇਂ 195 ਮੁਲਕ ਨੇਸ਼ਨ-ਸਟੇਟ ਦਾ ਦਰਜਾ ਰੱਖਦੇ ਹਨ ਅਤੇ ਉਹ ਯੂ.ਐਨ.ਓ. ਦੇ ਮੈਂਬਰ ਹਨ। ਇਨ੍ਹਾਂ ਮੁਲਕਾਂ ਦਾ ਤਾਣਾ-ਬਾਣਾ ਵੱਖੋ-ਵੱਖਰਾ ਹੈ। ਕਿਹੜਾ ਮੁਲਕ ਹਿੰਸਾ ਨੂੰ ਕਿਵੇਂ ਲੈਂਦਾ ਹੈ ਅਤੇ ਉਸ ਦਾ ਇਸ ਸਬੰਧ ਵਿਚ ਕੀ ਰਿਕਾਰਡ ਹੈ, ਇਸ ਪਹਿਲੂ ਤੋਂ ਸਾਰੇ ਮੁਲਕ ਵੱਖ-ਵੱਖ ਹਨ। ਖੁੱਲ੍ਹੇਪਨ ਦੇ ਨਜ਼ਰੀਏ ਤੋਂ ਵੀ ਵੱਖੋ-ਵੱਖਰੇ ਹਨ। ਮਿਸਾਲ ਵਜੋਂ ਬਰਤਾਨੀਆ ਹੋਰ ਮੁਲਕਾਂ ਦੇ ਇਨਕਲਾਬੀਆਂ ਨੂੰ ਸਿਆਸੀ ਸ਼ਰਣ ਦਿੰਦਾ ਰਿਹਾ ਹੈ ਜਿਨ੍ਹਾਂ ਵਿਚ ਸਿੱਖ ਇਨਕਲਾਬੀ ਵੀ ਸ਼ਾਮਿਲ ਹਨ। ਅਮਰੀਕਾ ਨੇ ਹਜ਼ਾਰਾਂ ਉਨ੍ਹਾਂ ਸਿੱਖਾਂ ਨੂੰ ਸਿਆਸੀ ਸ਼ਰਣ ਦਿੱਤੀ ਹੈ ਜੋ ਭਾਰਤੀ ਸਟੇਟ ਦੇ ਜ਼ੁਲਮਾਂ ਤੋਂ ਤੰਗ ਆ ਕੇ ਉਥੇ ਜਾ ਵਸੇ। ਕੈਨੇਡਾ ਨੇ ਕਿਊਬਿਕ ਨੂੰ ਸਬ-ਨੇਸ਼ਨ ਦਾ ਦਰਜਾ ਦਿੱਤਾ ਹੈ ਅਤੇ ਉਥੇ ਚਾਰ ਸਿੱਖ ਮੰਤਰੀ ਬਣੇ ਹੋਏ ਹਨ। ਇਹ ਸਾਰੇ ਮੁਲਕ ਨੇਸ਼ਨ-ਸਟੇਟ ਦਾ ਦਰਜਾ ਰੱਖਦੇ ਹਨ। ਕੀ ਸਿੱਖਾਂ ਨੂੰ ਆਪਣੀ ਨੇਸ਼ਨ-ਸਟੇਟ ਕਾਇਮ ਕਰਨ ਦਾ ਸੁਪਨਾ ਨਹੀਂ ਲੈਣਾ ਚਾਹੀਦਾ? ਸ. ਅਜਮੇਰ ਸਿੰਘ ਮੁਤਾਬਿਕ ਤਾਂ ਨਹੀਂ ਲੈਣਾ ਚਾਹੀਦਾ। ਕੀ ਅਸਾਂ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਸਮੇਂ ਦੂਜੇ ਧਰਮਾਂ ਨੂੰ ਬਰਾਬਰ ਦਾ ਦਰਜਾ ਨਹੀਂ ਸੀ ਦਿੱਤਾ? ਮਹਾਰਾਜਾ ਰਣਜੀਤ ਸਿੰਘ ਦੀ ਕੈਬਨਿਟ ਵਿਚ ਤਾਂ ਸ਼ਾਇਦ ਕੋਈ ਵੀ ਸਿੱਖ ਨਹੀਂ ਸੀ। ਫੇਰ ਸ. ਅਜਮੇਰ ਸਿੰਘ ਨੂੰ ਸਿੱਖ ਨੇਸ਼ਨ-ਸਟੇਟ ਕਾਇਮ ਹੋਣ ਵਿਚ ਕਿਹੜੀ ਮੁਸ਼ਕਿਲ ਪੇਸ਼ ਆ ਰਹੀ ਹੈ?

ਭਲਾਂ ਕੱਲ੍ਹ ਨੂੰ ਜੇ ਹਾਲਾਤ ਅਜਿਹੇ ਹੋ ਜਾਂਦੇ ਹਨ ਅਤੇ ਇਹ ਹੋ ਵੀ ਸਕਦੇ ਹਨ ਕਿ ਨੇਸ਼ਨ-ਸਟੇਟ ਲਈ ਸਾਡੇ ਵਾਸਤੇ ਰਾਹ ਪੱਧਰਾ ਹੋ ਜਾਵੇ ਤਾਂ ਫੇਰ ਕੀ ਸਾਨੂੰ ਅਜਿਹੀ ਹਾਲਤ ਵਿਚ ਨੇਸ਼ਨ-ਸਟੇਟ ਲੈਣ ਤੋਂ ਇਨਕਾਰ ਕਰ ਦੇਣਾ ਚਾਹੀਦਾ ਹੈ? ਸ. ਅਜਮੇਰ ਸਿੰਘ ਦੀ ਖੋਜ ਮੁਤਾਬਿਕ ਤਾਂ ਸਾਨੂੰ ਨੇਸ਼ਨ-ਸਟੇਟ ਲੈਣ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ, ਕਿਉਂਕਿ ਇਹ ਉਨ੍ਹਾਂ ਮੁਤਾਬਿਕ ਵਿਨਾਸ਼ਕਾਰੀ ਹੈ। ਬਹਿਸ ਦਾ ਮੁੱਖ ਮੁੱਦਾ ਇਹ ਹੈ ਕਿ ਅੱਜ ਨੇਸ਼ਨ-ਸਟੇਟ ਕਿਥੇ ਖੜ੍ਹੀ ਹੈ? ਜੇ ਅਸੀਂ ਨੇਸ਼ਨ-ਸਟੇਟ ਨਹੀਂ ਲੈਂਦੇ ਤਾਂ ਫੇਰ ਅਜਮੇਰ ਸਿੰਘ ਦੀ ਖੋਜ ਮੁਤਾਬਿਕ ਸਾਨੂੰ ਭਾਰਤੀ ਸਟੇਟ ਦੇ ਜ਼ੁਲਮਾਂ ਨੂੰ ਭਾਣਾ ਮੰਨ ਕੇ ਬਰਦਾਸ਼ਤ ਕਰਦੇ ਰਹਿਣਾ ਚਾਹੀਦਾ ਹੈ। ਸ. ਅਜਮੇਰ ਸਿੰਘ ਤਾਂ ਘੱਟੋਘੱਟ ਸਾਰੀ ਸਥਿਤੀ ਨੂੰ ਇਸੇ ਤਰ੍ਹਾਂ ਹੀ ਥਿਓਰਾਜ਼ੀ ਕਰ ਰਹੇ ਜਾਪਦੇ ਹਨ।

ਸ. ਅਜਮੇਰ ਸਿੰਘ ਵਲੋਂ ਗਿਆਨ ਦੇ ਯੁੱਗ (Age of Enlightenment) ਦੀ ਥਿਊਰੀ ਬਾਰੇ ਕੀਤੀ ਇਕਪਾਸੜ ਵਿਆਖਿਆ ਉਤੇ ਵੀ ਵਿਚਾਰ ਕਰਨੀ ਬਣਦੀ ਹੈ। ਇਹ ਗਿਆਨ ਦਾ ਯੁੱਗ ਅਸਲ ਵਿਚ ਕੀ ਸੀ? ਮੋਟੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਗਿਆਨ ਦਾ ਯੁੱਗ ਫਰਾਂਸ ਦੇ ਇਨਕਲਾਬ ਨਾਲ ਸ਼ੁਰੂ ਹੋਇਆ ਜਿਸ ਵਿਚ ਪੁਰਾਤਨ ਵਿਚਾਰਾਂ ਅਤੇ ਰਵਾਇਤਾਂ ਦਾ ਯੁੱਗ ਖਤਮ ਹੋ ਗਿਆ, ਅਤੇ ਤਰਕ ਤੇ ਦਲੀਲ ਦੇ ਨਵੇਂ ਯੁੱਗ ਦੀ ਪ੍ਰਭਾਤ ਹੋਈ। ਇਸ ਨਾਲ ਜੁੜੇ ਵਿਦਵਾਨਾਂ ਵਿਚ ਰੂਸੋ, ਵਾਲਟੇਅਰ, ਐਡਮ ਫਰਗੂਸਨ, ਜੋਹਨ ਮਿਲਰ ਅਤੇ ਕਾਂਤ ਵਗੈਰਾ-ਵਗੈਰਾ ਹਨ, ਪਰ ਇਸ ਗਿਆਨ ਯੁੱਗ ਬਾਰੇ ਜਰਮਨਾਂ ਨੇ ਹੋਰ ਅਰਥ ਕੱਢੇ।




ਉਨ੍ਹਾਂ ਨੇ ਇਸ ਨੂੰ ਧਾਰਮਿਕ ਤੇ ਰੂਹਾਨੀ ਗਿਆਨ ਨਾਲ ਜੋੜ ਦਿੱਤਾ। ਜਦਕਿ ਜਰਮਨੀ ਵਿਚ ਹੀ ਇਕ ਹੋਰ ਧਾਰਾ ਨੇ ਗਿਆਨ ਨੂੰ ਬੌਧਿਕ ਤੇ ਧਰਮ-ਨਿਰਪੱਖਤਾ ਨਾਲ ਜੋੜਿਆ।

ਗਿਆਨ ਦੇ ਯੁੱਗ ਬਾਰੇ ਵਿਦਵਾਨਾਂ ਦੀ ਰਾਇ ਵੀ ਵੱਖਰੀ-ਵੱਖਰੀ ਹੈ, ਪਰ ਮੁੱਖ ਸਵਾਲ ਇਹ ਹੈ ਕਿ ਕੀ ਸਿੱਖ ਕੌਮ ਨੇ ਗਿਆਨ ਦੇ ਯੁੱਗ ਵਿਚੋਂ ਪੈਦਾ ਹੋਏ ਠੀਕ-ਗਲਤ ਰੁਝਾਨਾਂ ਨੂੰ ਆਪਣੀ ਤਰਜ਼-ਏ-ਜ਼ਿੰਦਗੀ ਵਿਚ ਇੰਨ-ਬਿੰਨ ਹੀ ਰਚਾ ਲਿਆ? ਸਾਡਾ ਜੁਆਬ ਨਾਂਹ ਵਿਚ ਹੈ। ਅਸੀਂ ਤਰਕ, ਵਿਗਿਆਨ ਤੇ ਤਕਨਾਲੋਜੀ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਹੀ ਵੇਖਦੇ ਹਾਂ। ਬਾਹਰੋਂ ਆਈਆਂ ਚੀਜ਼ਾਂ, ਘਟਨਾਵਾਂ ਅਤੇ ਵਰਤਾਰੇ ਸਾਡੇ ਉਤੇ ਇਸ ਤਰ੍ਹਾਂ ਦਾ ਪ੍ਰਭਾਵ ਨਹੀਂ ਪਾ ਸਕਦੇ ਕਿ ਅਸੀਂ ਉਨ੍ਹਾਂ ਵਰਤਾਰਿਆਂ ਦੀ ਅਧੀਨਗੀ ਜਾਂ ਗੁਲਾਮੀ ਕਬੂਲ ਕਰ ਲਈਏ। ਗੁਰਬਾਣੀ ਵਿਚ ਅਕਲ, ਮੱਤ, ਬੁੱਧ, ਸਿਆਣਪ ਤੇ ਤਰਕ ਦੀ ਆਪਣੀ ਹੀ ਅਹਿਮੀਅਤ ਤੇ ਆਪਣੀ ਹੀ ਮੌਲਿਕ ਪਰਿਭਾਸ਼ਾ ਹੈ। ਇਨ੍ਹਾਂ ਸਤਰਾਂ ਨੂੰ ਧਿਆਨ ਨਾਲ ਪੜ੍ਹੋ: "ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥"... "ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ॥ ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ॥"

ਗੁਰਬਾਣੀ ਮੁਤਾਬਕ ਅਸੀਂ ਅਕਾਲ ਪੁਰਖ ਦੀ ਯਾਦ ਦੀ ਰੋਸ਼ਨੀ ਵਿਚ ਹੀ ਵਰਤਾਰਿਆਂ ਦਾ ਅੰਤਿਮ ਫੈਸਲਾ ਕਰਦੇ ਹਾਂ। ਸਿੰਘ ਸਭਾ ਲਹਿਰ ਸਿੱਖੀ ਸਿਧਾਂਤਾਂ ਦੀ ਵਿਆਖਿਆ ਕਾਫੀ ਹੱਦ ਤਕ ਇਵੇਂ ਕਰਦੀ ਵੀ ਰਹੀ ਹੈ। ਜੇ ਬਾਹਰੀ ਅਕਲ ਦੀ ਰੋਸ਼ਨੀ ਅਤੇ ਇਥੋਂ ਤਕ ਕਿ ਇਸ ਸਰਜ਼ਮੀਨ ਦੀ ਸਿਆਣਪ ਵੀ ਸਾਡੇ ਮੁਤਾਬਕ ਨਹੀਂ ਤਾਂ ਗੁਰੂ ਸਾਹਿਬ ਨੇ ਉਹੋ ਜਿਹੀਆਂ ਸਿਆਣਪਾਂ ਨੂੰ "ਅਵਰੁ ਸਿਆਣਪ ਸਗਲ ਅਕਾਥਿ" ਕਹਿ ਕੇ ਰੱਦ ਵੀ ਕਰ ਦਿੱਤਾ ਸੀ। ਸ਼ਾਇਦ ਇਥੇ ਵਿਕਟਰ ਕਰਨਾਨ ਦਾ ਜ਼ਿਕਰ ਕਰਨਾ ਬਣਦਾ ਹੈ ਜਿਸ ਦਾ ਵਿਚਾਰ ਸੀ ਕਿ ਭਾਰਤ ਵਿਚ ਗਿਆਨ ਦੇ ਯੁੱਗ ਦੀ ਸ਼ੁਰੂਆਤ ਧਰਮ ਤੋਂ ਹੋਈ ਹੈ ਜਿਸ ਵਿਚ ਉਹ ਵਿਦਵਾਨ ਬੁੱਧ ਧਰਮ ਅਤੇ ਸਿੱਖ ਧਰਮ ਵੱਲ ਮੁੜਦਾ ਪ੍ਰਤੀਤ ਹੁੰਦਾ ਹੈ। ਇਹ ਵਿਦਵਾਨ ਕਿਸੇ ਸਮੇਂ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿਚ ਪ੍ਰੋਫੈਸਰ ਵੀ ਰਿਹਾ, ਜਿਥੇ ਕਿਸੇ ਸਮੇਂ ਸ਼ਹੀਦ ਭਗਤ ਸਿੰਘ ਵੀ ਪੜ੍ਹਦੇ ਰਹੇ ਹਨ। ਬਰਤਾਨੀਆ ਦਾ ਇਹ ਵਿਦਵਾਨ ਭਾਰਤ ਦੀ ਵੰਡ ਤੋਂ ਪਹਿਲਾਂ ਲਾਹੌਰ ਵਿਚ ਸਿਰਫ ਇਸ ਕਰ ਕੇ ਆਇਆ ਕਿ ਉਹ ਗਾਲਿਬ, ਇਕਬਾਲ ਅਤੇ ਫੈਜ਼ ਦੀ ਕਵਿਤਾ ਤੋਂ ਇਸ ਹੱਦ ਤਕ ਪ੍ਰਭਾਵਿਤ ਸੀ ਕਿ ਉਸ ਨੇ ਇਨ੍ਹਾਂ ਕਵਿਤਾਵਾਂ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ।

ਇਸੇ ਸਮੇਂ ਹੀ ਉਸ ਦੇ ਧਿਆਨ ਦਾ ਕੇਂਦਰ ਬੁੱਧ ਧਰਮ ਅਤੇ ਸਿੱਖ ਧਰਮ ਵੱਲ ਹੋਇਆ। ਸਾਡੇ ਕੋਲ ਇਸ ਗੱਲ ਦੇ ਪੱਕੇ ਪ੍ਰਮਾਣ ਫਿਲਹਾਲ ਨਹੀਂ, ਪਰ ਇਹ ਪ੍ਰਮਾਣ ਮਿਲ ਰਹੇ ਹਨ ਕਿ ਉਸ ਨੇ ਆਪਣੀ ਖੋਜ ਨੂੰ ਅੱਗੇ ਵਧਾਉਣ ਲਈ ਦਿੱਲੀ ਰਹਿੰਦੇ ਮਾਰਕਸੀ ਵਿਦਵਾਨ ਪ੍ਰੋਫੈਸਰ ਰਣਧੀਰ ਸਿੰਘ ਨਾਲ ਸੰਪਰਕ ਕੀਤਾ ਜੋ ਦਿੱਲੀ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਸਨ। ਉਨ੍ਹਾਂ ਨੇ ਪ੍ਰੋਫੈਸਰ ਕਿਸ਼ਨ ਸਿੰਘ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ, ਪਰ ਸ਼ਾਇਦ ਉਨ੍ਹਾਂ ਦੀ ਤਸੱਲੀ ਨਹੀਂ ਸੀ ਹੋਈ। ਇਥੇ ਇਹ ਚੇਤੇ ਕਰਾਉਣਾ ਜ਼ਰੂਰੀ ਹੈ ਕਿ ਪ੍ਰੋਫੈਸਰ ਕਿਸ਼ਨ ਸਿੰਘ ਪਿਛਲੀ ਸਦੀ ਦੇ ਸੱਤਰਵਿਆਂ ਦੌਰਾਨ ਗੁਰਬਾਣੀ ਦੀ ਡੂੰਘੀ ਸਮਝ ਦੇ ਸੁਆਲ 'ਤੇ ਇਕ ਹੋਰ ਮਾਰਕਸੀ ਸਾਹਿਤਕਾਰ ਸੰਤ ਸਿੰਘ ਸੇਖੋਂ ਨਾਲ ਵੱਡੀ ਬਹਿਸ ਕਰ ਰਹੇ ਸਨ, ਜਿਸ ਬਹਿਸ ਨੇ ਉਸ ਦੌਰ ਵਿਚ ਵਿਦਵਾਨਾਂ ਨੂੰ ਦੋ ਖੇਮਿਆਂ ਵਿਚ ਵੰਡ ਦਿੱਤਾ ਸੀ। ਕਹਿਣ ਦਾ ਮਤਲਬ, ਗੁਰਬਾਣੀ ਦੇ ਧੁਰ ਅੰਦਰ ਜ਼ੁਲਮ ਤੇ ਬੇਇਨਸਾਫੀ ਵਿਰੁਧ ਡੱਟ ਕੇ ਖਲੋਣ ਅਤੇ ਟੱਕਰ ਲੈਣ ਦੀ ਆਪਣੀ ਹੀ ਕਿਸਮ ਦੀ ਅਥਾਹ ਸਮਰੱਥਾ ਤੇ ਤਾਕਤ ਹੈ, ਜਿਸ ਨੂੰ ਹਰ ਕਿਸਮ ਦੇ ਵਿਰੋਧੀ ਤੇ ਹਮਾਇਤੀ ਪ੍ਰਵਾਨ ਕਰਦੇ ਹਨ। ਅਸੀਂ ਨਾ ਤਾਂ ਸੰਤ ਸਿੰਘ ਸੇਖੋਂ ਅਤੇ ਨਾ ਹੀ ਪ੍ਰੋਫੈਸਰ ਕਿਸ਼ਨ ਸਿੰਘ ਦੀਆਂ ਧਾਰਨਾਵਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿਉਂਕਿ ਦੋਵੇਂ ਵਿਦਵਾਨ ਬੁਨਿਆਦੀ ਤੌਰ 'ਤੇ ਮਾਰਕਸੀ ਦ੍ਰਿਸ਼ਟੀਕੋਣ ਨੂੰ ਹੀ ਆਪਣੇ ਚਿੰਤਨ ਦਾ ਆਧਾਰ ਬਣਾ ਰਹੇ ਸਨ। ਇਕ ਗੱਲ ਤਾਂ ਸਾਰੇ ਮੰਨਦੇ ਹਨ ਕਿ ਗੁਰਬਾਣੀ ਵਿਚ ਮਨੁੱਖ ਲਈ ਆਪਣੇ ਆਜ਼ਾਦ ਰਾਹ ਸਿਰਜਣ ਦੀ ਅਥਾਹ ਸਮਰੱਥਾ ਹੈ। ਇਹੋ ਗੱਲ ਸ. ਅਜਮੇਰ ਸਿੰਘ ਦੀ ਸਮਝ ਵਿਚ ਨਹੀਂ ਆ ਰਹੀ ਅਤੇ ਉਹ ਅੱਜ ਕਲ੍ਹ ਨੇਸ਼ਨ-ਸਟੇਟ ਦੇ ਨਾਂ ਹੇਠ ਗੁੰਮਰਾਹ ਕਰ ਰਹੇ ਹਨ। ਮੁਸ਼ਕਿਲ ਇਹ ਹੈ ਕਿ ਨੇਸ਼ਨ-ਸਟੇਟ ਨਾਲ ਜੁੜੇ ਬਾਰੀਕ ਪੱਖ ਪੱਛਮ ਵਲੋਂ ਆਏ ਹਨ ਅਤੇ ਸੰਗਤਾਂ ਨੇ ਅਜੇ ਇਨ੍ਹਾਂ ਸੰਕਲਪਾਂ ਦੀ ਸੂਖਮ ਜਾਣਕਾਰੀ ਹਾਸਿਲ ਕਰਨ ਵਿਚ ਦਿਲਚਸਪੀ ਨਹੀਂ ਦਿਖਾਈ। ਇਸ ਲਈ ਸੰਗਤਾਂ ਇਹ ਸੋਚ ਲੈਂਦੀਆਂ ਹਨ ਕਿ ਸ. ਅਜਮੇਰ ਸਿੰਘ ਜੋ ਕਹਿੰਦੇ ਹਨ, ਉਹ ਠੀਕ ਹੀ ਹੋਵੇਗਾ। ਉਨ੍ਹਾਂ ਦੀ ਇਸੇ ਲਾਪਰਵਾਹੀ ਵਿਚੋਂ ਸ. ਅਜਮੇਰ ਸਿੰਘ ਗੁੰਮਰਾਹ ਕਰਨ ਵਿਚ ਕਾਮਯਾਬ ਹੋਏ ਹਨ। ਜਿਥੋਂ ਤਕ ਪੱਛਮ ਦਾ ਸਬੰਧ ਹੈ, ਉਥੇ ਗਿਆਨ ਦੀ ਰੋਸ਼ਨੀ ਜਗੀਰਦਾਰੀ ਸਿਸਟਮ ਨੂੰ ਭੰਨ ਕੇ ਪੈਦਾ ਹੋਈ ਅਤੇ ਉਸ ਵਿਚੋਂ ਹੀ ਆਜ਼ਾਦੀ, ਧਰਮ ਨਿਰਪੱਖਤਾ, ਇਨਸਾਫ ਤੇ ਬਰਾਬਰੀ ਆਦਿ ਸਿਧਾਂਤ ਸਾਹਮਣੇ ਆਏ। ਵੇਖਣ-ਸਮਝਣ ਵਾਲੀ ਗੱਲ ਇਹ ਹੈ ਕਿ ਇਹ ਰੋਸ਼ਨੀ ਦਾ ਸੋਮਾ ਬੁਨਿਆਦੀ ਤੌਰ 'ਤੇ ਪਦਾਰਥ ਸੀ। ਦੂਜੇ ਸ਼ਬਦਾਂ ਵਿਚ ਇਸ ਤਰ੍ਹਾਂ ਦੀ ਰੋਸ਼ਨੀ ਨੂੰ ਅਸੀਂ ਪਦਾਰਥਵਾਦੀ ਰੋਸ਼ਨੀ ਕਹਿ ਸਕਦੇ ਹਾਂ ਜਦਕਿ ਸਿੱਖ ਧਰਮ ਵਿਚ ਵਿਚਾਰ ਸਰਵੋਤਮ ਹੈ। ਦੂਜੇ ਪਾਸੇ ਪੂੰਜੀਵਾਦ ਵਿਚ ਮੰਡੀ ਸਰਵੋਤਮ ਹੈ। ਮੰਡੀ ਦਾ ਨਜ਼ਰੀਆ ਆਰਥਿਕ ਹੁੰਦਾ ਹੈ ਜਦਕਿ ਸਿੱਖ ਵਿਚਾਰ ਦਾ ਨਜ਼ਰੀਆ ਗੈਰ-ਆਰਥਿਕ ਹੈ। ਮੰਡੀ ਦੇ ਸੰਕਲਪ ਵਿਚੋਂ ਜੋ ਕਦਰਾਂ-ਕੀਮਤਾਂ ਆ ਰਹੀਆਂ ਹਨ, ਉਨ੍ਹਾਂ ਵਿਚ ਮਨੁੱਖ ਆਪਣੇ ਆਪ ਵਿਚ ਅਧੂਰਾ ਹੈ ਜਦਕਿ ਗੁਰਬਾਣੀ ਸੰਪੂਰਣ ਮਨੁੱਖ (ਗੁਰਸਿੱਖ) ਦੀ ਸਿਰਜਣਾ ਕਰਦੀ ਹੈ। ਗੁਰਬਾਣੀ ਵਿਚ ਸੰਗਤ ਤੇ ਪੰਗਤ ਦਾ ਸਿਧਾਂਤ ਸਾਨੂੰ ਪੂਰੀ ਤਰ੍ਹਾਂ ਆਜ਼ਾਦ ਕਰਦਾ ਹੈ, ਪਰ ਸ. ਅਜਮੇਰ ਸਿੰਘ ਵਿਚਾਰ ਦੀ ਤਾਕਤ, ਉਸ ਦੇ ਪ੍ਰਭਾਵ ਅਤੇ ਜਾਹੋ-ਜਲਾਲ ਨੂੰ ਵੀ ਰੱਦ ਕਰ ਦਿੰਦੇ ਹਨ, ਕਿਉਂਕਿ ਉਨ੍ਹਾਂ ਨੇ ਇਹ ਗੱਲ ਆਪਣੇ ਅੰਦਰ ਵਸਾ ਲਈ ਜਾਪਦੀ ਹੈ ਕਿ ਅਸੀਂ ਪੱਛਮ ਵਿਚ ਪੂਰੀ ਤਰ੍ਹਾਂ ਢਲ ਗਏ ਹਾਂ।

## ਜੁਝਾਰੂ ਲਹਿਰ ਦਾ ਰੂਹਾਨੀ ਦਰਜਾ ਨੀਵਾਂ ਸੀ?

ਗੱਲ ਇਥੇ ਹੀ ਨਹੀਂ ਮੁੱਕੀ, ਸਗੋਂ ਹੋਰ ਅੱਗੇ ਵਧਦੀ ਗਈ। ਉਹ ਗਦਰ ਪਾਰਟੀ ਲਹਿਰ ਦੇ ਵਿਸ਼ਲੇਸ਼ਣ ਵੱਲ ਹੋ ਤੁਰੇ ਅਤੇ ਆਖਿਰ ਨੂੰ ਇਸ ਸਿੱਟੇ ਉਤੇ ਪਹੁੰਚ ਗਏ (ਜਾਂ ਪਹੁੰਚਣਾ ਹੀ ਚਾਹੁੰਦੇ ਸਨ!) ਕਿ ਜੁਝਾਰੂ ਲਹਿਰ ਦਾ ਰੂਹਾਨੀ ਦਰਜਾ ਗਦਰ ਪਾਰਟੀ ਲਹਿਰ ਦੇ ਦਰਜੇ ਨਾਲੋਂ ਨੀਵਾਂ ਸੀ। ਇਹ ਉਨ੍ਹਾਂ ਦੀ ਸ਼ਖਸੀਅਤ ਵਿਚ ਲੁਕੀ ਤਾਨਾਸ਼ਾਹ ਬਿਰਤੀ ਹੀ ਸੀ ਕਿ ਉਨ੍ਹਾਂ ਨੇ ਜੁਝਾਰੂ ਲਹਿਰ ਦੇ ਅੰਤਰੀਵ ਦਰਦ ਅਤੇ ਪੀੜ ਨੂੰ ਸਿਧਾਂਤਕ ਰੂਪ ਵਿਚ ਜਾਣੇ ਬਿਨਾ ਹੀ ਲਹਿਰ ਦੀ ਰੂਹਾਨੀ ਉਚਤਾ ਅੱਗੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰ ਦਿੱਤੇ ਅਤੇ ਉਸ ਲਹਿਰ ਨੂੰ ਗਦਰ ਪਾਰਟੀ ਲਹਿਰ ਦੇ ਮੁਕਾਬਲੇ ਵਿਚ ਖੜ੍ਹਾ ਕਰ ਦਿੱਤਾ। ਸਵਾਲ ਹੈ ਕਿ ਜੇ ਗਦਰ ਪਾਰਟੀ ਲਹਿਰ ਨਾਲ ਜੁੜੇ ਸਿੱਖ ਵੀਰ ਰੂਹਾਨੀ ਤੌਰ 'ਤੇ ਉਚੇ ਤੇ ਸੁੱਚੇ ਸਨ ਤਾਂ ਉਨ੍ਹਾਂ ਦੀ ਰੂਹਾਨੀਅਤ ਵਿਚ ਸਾਵਰੈਨਿਟੀ ਦੀ ਤਾਂਘ ਨੇ ਜਥੇਬੰਦਕ ਰੂਪ ਕਿਉਂ ਨਾ ਧਾਰਿਆ? ਕੀ ਕਾਰਨ ਸੀ ਕਿ ਉਹ ਸਾਰੇ ਵੀਰ ਐਨੀਆਂ ਵੱਡੀਆਂ ਸਰੀਰਕ ਤੇ ਮਾਨਸਿਕ ਪੀੜਾਂ ਵਿਚੋਂ ਲੰਘ ਕੇ ਵੀ ਸਿੱਖ ਰਾਜ ਦਾ ਸੁਪਨਾ ਆਪਣੀ ਰੂਹਾਨੀਅਤ ਦਾ ਮਾੜਾ ਜਿਹਾ ਵੀ ਹਿੱਸਾ ਨਾ ਬਣਾ ਸਕੇ? ਜੇ ਇਹ ਤਰਕ ਹੀ ਦੇਣਾ ਹੈ ਕਿ ਉਹ ਭੋਲੇ ਭਾਲੇ ਤੇ ਮਾਸੂਮ ਸਨ ਤਾਂ ਫੇਰ ਇਹ ਸਵਾਲ ਸਹਿਜੇ ਹੀ ਜਵਾਬ ਮੰਗਦਾ ਹੈ ਕਿ ਕੀ ਖਾਲਸਈ-ਮਾਸੂਮੀਅਤ ਵਿਚ ਰਾਜ ਦਾ ਨਿਸ਼ਾਨਾ ਮਰ ਜਾਂਦਾ ਹੈ? ਇਹ ਸਵਾਲ ਵੀ ਹੱਕ ਬਜਾਨਬ ਹੈ ਕਿ ਗਦਰੀ ਯੋਧੇ 1947 ਤੋਂ ਪਿਛੋਂ ਭਾਰਤੀ ਮੁੱਖਧਾਰਾ ਵਿਚ ਹੀ ਜਜ਼ਬ ਕਿਉਂ ਹੋ ਗਏ ਜਾਂ ਉਨ੍ਹਾਂ ਨੇ ਖੱਬੇ ਪੱਖੀ ਰਾਹ ਕਿਉਂ ਅਖਤਿਆਰ ਕਰ ਲਿਆ? ਦੂਜੇ ਪਾਸੇ ਅਕਾਲੀ ਲਹਿਰ ਵੀ ਗਾਹੇ-ਬ-ਗਾਹੇ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਸਟੇਟ ਦੀ ਮੰਗ ਕਰਦੀ ਰਹੀ; ਇਹ ਗੱਲ ਵੱਖਰੀ ਹੈ ਕਿ ਉਹ ਮੰਗ ਲਹਿਰ ਨਾ ਬਣ ਸਕੀ, ਪਰ ਇਹ ਪਹਿਲੀ ਵਾਰ ਸੀ ਜਦੋਂ 1849 ਤੋਂ ਪਿਛੋਂ ਜੁਝਾਰੂ ਲਹਿਰ ਦੌਰਾਨ ਖਾਲਿਸਤਾਨ ਦਾ ਸੁਪਨਾ ਹਕੀਕਤ ਦੀਆਂ ਕਨਸੋਆਂ ਦੇਣ ਲੱਗਾ। ਜੁਝਾਰੂ ਲਹਿਰ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕੀ, ਇਹ ਵੱਖਰੀ ਗੱਲ ਹੈ ਅਤੇ ਅਸੀਂ ਇਸ ਦਾ ਗੰਭੀਰ ਤੇ ਬੇਬਾਕ ਵਿਸ਼ਲੇਸ਼ਣ ਕਰਨ ਦੇ ਵੀ ਹੱਕ ਵਿਚ ਹਾਂ, ਪਰ ਇਸ ਮਹਾਨ ਲਹਿਰ ਨੇ ਆਪਣੇ ਪਿੱਛੇ ਜਿਹੜੇ ਨਿਸ਼ਾਨ ਛੱਡੇ ਹਨ, ਉਹ ਅਗਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਣੇ ਰਹਿਣਗੇ।

ਜੁਝਾਰੂ ਲਹਿਰ ਦਾ ਸੰਸਾਰ ਦੀਆਂ ਹੋਰ ਲਹਿਰਾਂ ਵਿਚ ਕੀ ਥਾਂ ਹੈ, ਉਸ ਲਹਿਰ ਨਾਲ ਜੁੜੇ ਵੀਰਾਂ ਦੀਆਂ ਰੂਹਾਨੀ ਬੁਲੰਦੀਆਂ ਕੀ ਸੰਦੇਸ਼ ਦਿੰਦੀਆਂ ਹਨ, ਸੁੱਖਾ-ਜਿੰਦਾ ਕਿਵੇਂ ਸਜ-ਧਜ ਨਾਲ ਫਾਂਸੀ ਦੇ ਤਖਤੇ ਵੱਲ ਜਾ ਰਹੇ ਸਨ, ਪੁਲਿਸ ਹਿਰਾਸਤ ਵਿਚ ਜੁਝਾਰੂ ਸਿੰਘਾਂ ਦਾ ਰੂਹਾਨੀ ਜਲਾਲ ਤੇ ਜਮਾਲ ਕਿਸ ਤਰ੍ਹਾਂ ਦਾ ਸੀ ਅਤੇ ਉਨ੍ਹਾਂ ਦੀਆਂ ਕਮਜ਼ੋਰੀਆਂ ਕਿਉਂ ਤੇ ਕਿਥੇ ਸਨ? ਇਨ੍ਹਾਂ ਬਾਰੇ ਅਸੀਂ ਖੁਦ ਵੀ ਲਿਖਾਂਗੇ ਤੇ ਉਨ੍ਹਾਂ ਭਰਾਵਾਂ ਕੋਲੋਂ ਵੀ ਜਾਣਕਾਰੀ ਹਾਸਿਲ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਨੂੰ ਸੰਕਟ ਦੀਆਂ ਇਨ੍ਹਾਂ ਘੜੀਆਂ ਵਿਚ ਉਨ੍ਹਾਂ ਵੀਰਾਂ ਦੇ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਸ. ਅਜਮੇਰ ਸਿੰਘ ਨੇ ਇਹ ਚੁਣੌਤੀ ਤਾਂ ਹੁਣ ਸੁੱਟ ਹੀ ਦਿੱਤੀ ਹੈ।

## ਸ. ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਵੱਡੀਆਂ ਗੱਲਾਂ

ਉਹ ਕਿਹੜੀ ਯਾਦ ਰੱਖਣ ਵਾਲੀ ਵੱਡੀ ਗੱਲ ਸੀ ਜਾਂ ਉਹ ਵੱਡਾ ਗੁਣ ਸੀ ਜਿਸ ਨਾਲ ਸ. ਅਜਮੇਰ ਸਿੰਘ ਦੀਆਂ ਲਿਖਤਾਂ ਨੌਜਵਾਨਾਂ, ਬੁੱਧੀਜੀਵੀਆਂ ਅਤੇ ਖਾਸ ਕਰ ਕੇ ਖਾਲਿਸਤਾਨੀਆਂ ਦੇ ਹਰ ਵਰਗ ਵਿਚ ਪਸੰਦ ਕੀਤੀਆਂ ਜਾਣ ਲੱਗੀਆਂ। ਸ਼ਾਇਦ ਇਹ ਪਹਿਲੀ ਵਾਰ ਸੀ ਜਦੋਂ ਸਿੱਖ ਲੀਡਰਸ਼ਿਪ ਦਾ ਸਿੱਖੀ ਸਿਧਾਂਤਾਂ ਤੋਂ ਥਿੜਕਣਾ, ਇਸ ਦੀਆਂ ਹਾਰਾਂ, ਗੈਰਸਿਧਾਂਤਕ ਸਮਝੌਤਿਆਂ, ਸਿੱਖੀ ਦੇ ਨਿਆਰੇਪਨ, ਭਾਰਤੀ ਸਟੇਟ ਦੀ ਕਰੂਰਤਾ, ਬੁੱਧੀਜੀਵੀਆਂ ਦੀਆਂ ਡਿਗਦੀਆਂ ਢਹਿੰਦੀਆਂ ਪੁਜੀਸ਼ਨਾਂ, ਸਿਆਸੀ ਖਲਾਅ, ਭਾਸ਼ਾ ਦੀ ਖੂਬਸੂਰਤ ਪੇਸ਼ਕਾਰੀ, ਤਰਕ ਅਤੇ ਜਜ਼ਬਾਤ ਪ੍ਰਭਾਵਸ਼ਾਲੀ ਰੂਪ ਵਿਚ ਸਿੱਖਾਂ ਦੇ ਸਾਹਮਣੇ ਆਏ ਅਤੇ ਆਏ ਵੀ ਉਚੀ ਪੱਧਰ ਦੇ ਮਿਆਰੀ ਰੂਪ ਵਿਚ। ਉਂਜ ਇਹ ਗੱਲਾਂ ਅਤੇ ਤੱਥ ਕਿਤਾਬਾਂ ਵਿਚ ਪਹਿਲਾਂ ਵੀ ਆਉਂਦੇ ਰਹੇ ਹਨ, ਪਰ ਖਿੱਲਰੇ ਅਤੇ ਬੇਤਰਤੀਬ ਸ਼ਕਲ ਵਿਚ। ਲੇਕਿਨ ਇਤਿਹਾਸ ਦੇ ਵੱਖ-ਵੱਖ ਦੌਰਾਂ ਵਿਚ ਸਿੱਖ ਕੌਮ ਦੇ ਰੁਲ ਜਾਣ ਅਤੇ ਭੁੱਲ ਜਾਣ ਦੀ ਦਾਸਤਾਨ ਸਿਲਸਿਲੇਵਾਰ ਤੇ ਜਥੇਬੰਦਕ ਰੂਪ ਵਿਚ ਅਤੇ ਉਹ ਵੀ ਆਪਣੀ ਬੋਲੀ ਵਿਚ, ਸ. ਅਜਮੇਰ ਸਿੰਘ ਦੀਆਂ ਲਿਖਤਾਂ ਰਾਹੀਂ ਹੀ ਆ ਸਕੀ।

ਇਕ ਹੋਰ ਗੱਲ ਦਾ ਵੀ ਸਿਧਾਂਤ ਰੂਪ ਵਿਚ ਪਹਿਲੀ ਵਾਰ ਪ੍ਰਕਾਸ਼ ਹੋਇਆ ਅਤੇ ਉਹ ਸੀ ਪਾਠਕਾਂ ਵਿਚ ਸਿਆਸੀ ਚੇਤਨਾ ਦੀ ਸ਼ੁਭ ਪ੍ਰਭਾਤ ਦਾ ਆਗਾਜ਼ ਹੋਣਾ; ਹਾਲਾਂਕਿ ਇਹ ਕਹਿਣਾ ਵੀ ਦਰੁਸਤ ਹੋਵੇਗਾ ਕਿ ਇਹ ਰਾਜਸੀ ਚੇਤਨਾ ਬੌਧਿਕ ਲਹਿਰ ਦੀ ਸ਼ਕਲ ਅਖਤਿਆਰ ਨਹੀਂ ਕਰ ਸਕੀ। ਫੇਰ ਵੀ ਸ. ਅਜਮੇਰ ਸਿੰਘ ਦੀਆਂ ਉਕਤ ਪ੍ਰਾਪਤੀਆਂ ਉਨ੍ਹਾਂ ਦਾ ਇਤਿਹਾਸਕ ਹਾਸਲ ਹਨ। ਲੇਕਿਨ ਇਸ ਸਿਆਸੀ ਚੇਤਨਾ ਨੇ ਅੱਗੇ ਜਾ ਕੇ ਕਿਹੜਾ ਰੂਪ ਧਾਰਿਆ? ਬਸ ਅਸੀਂ ਇਥੇ ਹੀ ਉਨ੍ਹਾਂ ਦੀਆਂ ਲਿਖਤਾਂ ਦੇ ਚੇਤੰਨ, ਜਜ਼ਬਾਤੀ, ਕੱਚੇ-ਪਿਲੇ ਹਮਦਰਦਾਂ ਅਤੇ ਵਿਸ਼ੇਸ਼ ਕਰ ਕੇ ਖਾਲਿਸਤਾਨੀ ਭਰਾਵਾਂ ਨੂੰ ਕੁਝ ਪਲਾਂ ਲਈ ਰੋਕ ਦੇਣਾ ਚਾਹੁੰਦੇ ਹਾਂ। ਸ. ਅਜਮੇਰ ਸਿੰਘ ਦੀਆਂ ਪਹਿਲੀਆਂ ਤਿੰਨ ਕਿਤਾਬਾਂ ਬਿਨਾ ਸ਼ੱਕ ਸਿੱਖ ਕੌਮ ਦੀ ਦਰਦਨਾਕ ਦਾਸਤਾਨ ਨੂੰ ਇਕ ਲੜੀ ਵਿਚ ਪਰੋਂਦੀਆਂ ਹਨ ਅਤੇ ਹਲੂਣਾ ਵੀ ਦਿੰਦੀਆਂ ਹਨ। ਅਸੀਂ ਵੀ ਆਪਣੇ ਹਿਸਾਬ ਨਾਲ ਇਨ੍ਹਾਂ ਕਿਤਾਬਾਂ ਦੀ ਭਰਪੂਰ ਪ੍ਰਸ਼ੰਸਾ ਕਰਦੇ ਰਹੇ ਹਾਂ।

*(ਬਾਕੀ ਅਗਲੇ ਸਫੇ 'ਤੇ)*

**ਜ਼ਿੰਦਗੀ ਦਾ ਨਾਦ**

# ਚੁੱਪ ਦੇ ਕੋਲ ਕੋਲ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਹਨ, ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਚੁੱਪ ਦੀ ਗੱਲ ਕਰਦਿਆਂ ਕਿਹਾ ਹੈ ਕਿ ਸਭ ਤੋਂ ਖਤਰਨਾਕ ਹੁੰਦੀ ਏ ਉਸ ਨੌਜਵਾਨ ਦੀ ਗੁੰਮਸੁਮ ਚੁੱਪ ਜਿਸ ਦੇ ਸੁਪਨਿਆਂ ਨੇ ਕੁੱਖ ਵਿਚ ਹੀ ਖੁਦਕੁਸ਼ੀ ਕਰ ਲਈ ਹੋਵੇ, ਜਿਸ ਦੇ ਹਿੱਸੇ ਦੀ ਅੱਖਰ-ਲੋਅ ਹਨੇਰਿਆਂ ਨੇ ਹਜ਼ਮ ਕਰ ਲਈ ਹੋਵੇ ਅਤੇ ਜਿਸ ਦੇ ਜੀਵਨ ਦੀਆਂ ਬਹਾਰਾਂ ਖਿੜਨ ਤੋਂ ਪਹਿਲਾਂ ਹੀ ਪਤਝੜ ਦੀ ਮਾਰ ਹੇਠ ਆ ਗਈਆਂ ਹੋਣ। ਉਨ੍ਹਾਂ ਸਿੱਟਾ ਕੱਢਿਆ ਹੈ ਕਿ ਮਨੁੱਖ ਸਮਝਦਾ ਏ, ਉਸ ਦੀ ਚੁੱਪ ਬਹੁਤ ਵੱਡੀ ਹੈ। ਪਰ ਯਾਦ ਰੱਖਣਾ, ਮਨੁੱਖ ਸਾਹਵੇਂ ਬਿਰਖਾਂ, ਪਾਣੀਆਂ, ਦਰਿਆਵਾਂ, ਪਰਿੰਦਿਆਂ ਅਤੇ ਪੌਣ ਦੀ ਚੁੱਪ ਬਹੁਤ ਡੂੰਘੀ ਅਤੇ ਅਰਥਮਈ। ਇਸ ਚੁੱਪ ਨੂੰ ਸਮਝਣ ਵਾਲੇ ਹੀ ਅਸਲ ਵਿਚ ਕੁਦਰਤ ਦੇ ਸੱਚੇ ਪੁੱਤਰ ਅਤੇ ਕੁਦਰਤ ਉਨ੍ਹਾਂ ਦੇ ਬਲਿਹਾਰੇ ਜਾਂਦੀ। -ਸੰਪਾਦਕ*

ਚੁੱਪ ਸਾਡੇ ਆਲੇ-ਦੁਆਲੇ ਪਸਰੀ ਸਾਨੂੰ ਵੱਖ ਵੱਖ ਰੂਪਾਂ ਨਾਲ ਸੰਬੋਧਨ ਹੁੰਦੀ। ਹਰ ਚੁੱਪ ਦੇ ਆਪਣੇ ਅਰਥ, ਆਪਣੇ ਸਰੋਕਾਰ ਅਤੇ ਆਪਣੇ ਸੰਦਰਭ। ਵੱਖ ਵੱਖ ਸਥਿਤੀਆਂ 'ਚੋਂ ਉਪਜੀਆਂ ਵਿਭਿੰਨ ਸੁਰਾਂ। ਇਹ ਕਦੇ ਖਾਮੋਸ਼, ਕਦੇ ਉਦਾਸੀ ਦੀ ਭਾਅ ਮਾਰਦੀ, ਕਦੇ ਹਾਸਿਆਂ ਦਾ ਸ਼ਗੂਫਾ ਅਤੇ ਕਦੇ ਬਹੁ-ਅਰਥੀ ਸੰਵਾਦ।

ਚੁੱਪ ਹਰੇਕ ਦੇ ਸਨਮੁੱਖ ਹੁੰਦੀ ਅਤੇ ਹਰੇਕ ਨੂੰ ਲੱਗਦਾ ਕਿ ਉਸ ਦੀ ਚੁੱਪ ਕੀਮਤੀ ਤੇ ਲਾ-ਜਵਾਬ। ਪਰ ਹਰ ਚੁੱਪ ਦੀਆਂ ਤਹਿਆਂ ਫਰੋਲਣ 'ਤੇ ਖਲਬਲੀ ਮੱਚਦੀ ਅਤੇ ਸੰਵੇਦਨਸ਼ੀਲ ਮਨ ਚੁੱਪ ਦਾ ਲਿਬਾਸ ਪਾਉਂਦਾ।

ਕਦੇ ਇਹ ਚੁੱਪ ਸਰਘੀ ਦਾ ਬਾਣਾ ਪਾਉਂਦੀ, ਕਦੇ ਸੂਰਜ ਦੀ ਪਹਿਲੀ ਕਿਰਨ ਬਣ ਤੁਹਾਡਾ ਮਸਤਕ ਰੁਸ਼ਨਾਉਂਦੀ, ਕਦੇ ਤਿੱਖੜ ਦੁਪਹਿਰ ਬਣ ਤੁਹਾਡੀਆਂ ਭਾਵਨਾਵਾਂ ਵਿਚ ਅੱਗ ਧਰ ਜਾਂਦੀ, ਕਦੇ ਢਲਦੇ ਪ੍ਰਛਾਵਿਆਂ ਜਿਹੀ ਚੁੱਪ ਅੰਤਰੀਵ ਵਿਚ ਉਤਰਨ ਦਾ ਨਿਉਂਦਾ ਬਣਦੀ, ਕਦੇ ਛੁਪਦੇ ਸੂਰਜ ਦੀ ਚਿੱਪਰ ਬੀਤੇ ਦੇ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ: 647-702-5445**

ਹਿਸਾਬ-ਕਿਤਾਬ 'ਚ ਉਲਝਾ ਜਾਂਦੀ ਅਤੇ ਕਦੇ ਰਾਤ ਵਰਗੀ ਚੁੱਪ ਮਨੁੱਖ ਦੀ ਤਲੀ 'ਤੇ ਚੁੱਪ ਦਾ ਗੀਤ ਗੁਣਗੁਣਾਉਂਦੀ। ਘਰ ਦੀ ਚੁੱਪ ਨੂੰ ਮੁਖਾਤਬ ਹੋਣਾ, ਪੀੜਾ ਨੂੰ ਪਿੰਡੇ 'ਤੇ ਹੰਢਾਉਣਾ। ਘਰ ਵਾਲਿਆਂ ਤੋਂ ਬਗੈਰ ਘਰ ਦੇ ਕੀ ਅਰਥ ਹੁੰਦੇ ਨੇ। ਜਦ ਘਰ ਵਿਚੋਂ ਕਿਲਕਾਰੀਆਂ ਖਾਮੋਸ਼ ਹੋ ਜਾਣ, ਰੁੱਸਣ-ਮਨਾਉਣ ਦੀ ਰੁੱਤ ਵਿਧਵਾ ਹੋ ਜਾਵੇ ਅਤੇ ਸੰਦਲੀ ਬੋਲ ਦੂਰ ਤੁਰ ਜਾਣ ਤਾਂ ਘਰ ਚੁੱਪ ਦੀ ਜੂਨ ਹੰਢਾਉਂਦਾ ਆਖਰ ਚੁੱਪ ਹੀ ਹੋ ਜਾਂਦਾ ਏ। ਪਰਦੇਸ ਤੋਂ ਜਾ ਕੇ ਘਰ ਦੇ ਗਲ ਲੱਗ ਰੋਣ ਦਾ ਜੇਰਾ ਕਿਥੋਂ ਲਿਆਵੋਗੇ?

ਬਿਰਖ ਦੀ ਚੁੱਪ ਵਿਚ ਉਸ ਦੇ ਤਨ ਤੋਂ ਪਰਵਾਸ ਕਰ ਗਏ ਪਰਿੰਦਿਆਂ ਦਾ ਦਰਦ ਝਲਕਦਾ, ਆਲ੍ਹਣਿਆਂ ਦਾ ਤੀਲਾ ਤੀਲਾ ਹੋਣਾ ਉਸ ਨੂੰ ਨਿਪੱਤਰਾ ਕਰ, ਸੋਗ ਦੀ ਧਰਾਤਲ ਬਣ ਜਾਂਦਾ। ਜਿਉਂਦੇ, ਜਾਗਦੇ, ਫਲ ਤੇ ਫੁੱਲ ਦਿੰਦੇ, ਛਾਂਵਾਂ ਵੰਡਣ ਅਤੇ ਲੂਆਂ 'ਚ ਛੱਤਰੀ ਬਣ ਵਾਲੇ ਪੱਤ ਵਿਹੂਣੇ ਬਿਰਖ ਨੂੰ ਕੁਰੇਦਣਾ, ਤੁਸੀਂ ਉਸ ਦੀ ਚੁੱਪ ਨੂੰ ਆਪਣੇ 'ਚ ਜੀਰਨ ਦੇ ਸਮਰੱਥ ਵੀ ਨਹੀਂ ਹੋਵੋਗੇ।

ਸਭ ਤੋਂ ਹਿਰਦੇਵੇਦਕ ਹੁੰਦਾ ਏ ਉਸ ਦਰਿਆ ਦੀਆਂ ਲਹਿਰਾਂ ਵਿਚ ਘਰ ਬਣਾਈ ਚੁੱਪ ਨਾਲ ਸੰਵਾਦ ਰਚਾਉਣਾ ਜਿਸ ਦੀ ਰਵਾਨਗੀ ਨੂੰ ਆਪਣਿਆਂ ਨੇ ਲੁਟਿਆ ਹੋਵੇ, ਜਿਸ ਦੇ ਨਿਰਮਲ ਪਾਣੀਆਂ 'ਚ ਮੌਤ ਘੋਲੀ ਹੋਵੇ ਤੇ ਜਿਸ ਦੀ ਹਿੱਕ 'ਚ ਬਰੇਤੇ ਉਗ ਆਉਣ। ਅਜਿਹੀ ਚੁੱਪ ਮਨੁੱਖਤਾ ਲਈ ਮਰਨ ਮਿੱਟੀ ਵਰਗੀ ਹੁੰਦੀ। ਕਿੰਨੀ ਨਮੋਸ਼ੀ ਦੀ ਗੱਲ ਹੈ ਕਿ ਅਸੀਂ ਇਸ ਚੁੱਪ ਦੀ ਸੰਵੇਦਨਾ ਨੂੰ ਸਮਝਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕਰਦੇ।

ਕਦੇ ਕਦਾਈਂ ਖੇਤਾਂ ਦੀ ਮਾਤਮੀ ਚੁੱਪ ਨੂੰ ਆਪਣੇ ਮਸਤਕ ਵਿਚ ਉਤਾਰਨਾ ਜਿਸ ਦੀ ਹਿੱਕ 'ਤੇ ਖੁਦਕੁਸ਼ੀਆਂ ਦਾ ਸਾਇਆ ਏ, ਜੀਵਨ ਦੇਣ ਵਾਲੀਆਂ ਫਸਲਾਂ ਜ਼ਹਿਰ ਦੇ ਵਪਾਰੀਆਂ ਦੀ ਚਗਲੀ ਸੋਚ ਹੇਠ ਦਮ ਤੋੜ ਚੁਕੀਆਂ ਨੇ ਅਤੇ ਮਿੱਟੀ ਦੇ ਪੁੱਤ ਹੁਣ ਭੁੱਖੇ ਪੇਟ ਲਈ ਅੰਨ ਨਹੀਂ ਉਗਾਉਂਦੇ ਸਗੋਂ ਆਪਣੇ ਭਵਿੱਖ ਲਈ ਖੰਡਰ ਤਾਮੀਰ ਕਰ ਰਹੇ ਨੇ।

ਸਭ ਤੋਂ ਖਤਰਨਾਕ ਹੁੰਦੀ ਏ ਉਸ ਨੌਜਵਾਨ ਦੀ ਗੁੰਮਸੁਮ ਚੁੱਪ ਜਿਸ ਦੇ ਸੁਪਨਿਆਂ ਨੇ ਕੁੱਖ ਵਿਚ ਹੀ ਖੁਦਕੁਸ਼ੀ ਕਰ ਲਈ ਹੋਵੇ, ਜਿਸ ਦੇ ਹਿੱਸੇ ਦੀ ਅੱਖਰ-ਲੋਅ ਹਨੇਰਿਆਂ ਨੇ ਹਜ਼ਮ ਕਰ ਲਈ ਹੋਵੇ ਅਤੇ ਜਿਸ ਦੇ ਜੀਵਨ ਦੀਆਂ ਬਹਾਰਾਂ ਖਿੜਨ ਤੋਂ ਪਹਿਲਾਂ ਹੀ ਪਤਝੜ ਦੀ ਮਾਰ ਹੇਠ ਆ ਗਈਆਂ ਹੋਣ। ਇਹ ਚੁੱਪ ਹੀ ਕਦੇ ਨਸ਼ਿਆਂ ਦੇ ਰਾਹ ਪੈਂਦੀ, ਕਦੇ ਜ਼ਿੰਦਗੀ ਨੂੰ ਦਾਅ 'ਤੇ ਲਾ ਕੇ ਸੁਨਹਿਰੀ ਸੁਪਨਿਆਂ ਲਈ ਸਮੁੰਦਰ ਠਿੱਲਦੀ ਅਤੇ ਕਦੇ ਆਪਣੇ ਮਾਪਿਆਂ ਦੀ ਅੱਖਾਂ 'ਚ ਉਤਰੀ ਨਮੀ ਦਾ ਮਾਤਮ ਮਨਾਉਂਦੀ। ਇਸ ਚੁੱਪ ਨੂੰ ਪੜ੍ਹਨ ਦਾ ਹੀਆ ਕੌਣ ਕਰੇਗਾ ਅਤੇ ਕੌਣ ਅਜਿਹੀ ਚੁੱਪ-ਤਲੀ 'ਤੇ ਇਕ ਸੁਰਖ ਅਤੇ ਹੁਸੀਨ ਸੁਪਨਾ



ਧਰੇਗਾ?

ਚੁੱਪ ਤਾਂ ਕੋਠੇ ਜਿੱਡੀ, ਬੂਹੇ ਬੈਠੀ ਧੀ ਦੇ ਮਾਪਿਆਂ ਦੀਆਂ ਸੋਚਾਂ 'ਚ ਸਦਾ ਛਿਪਨ ਰਹਿੰਦੀ ਏ ਜੋ ਆਪਣੀ ਚੁੱਪ ਨੂੰ ਨਾਮ ਦੇਣ ਤੋਂ ਅਸਮਰਥ, ਇਸ ਚੁੱਪ ਸੰਗ ਜੀਂਦੇ, ਚੁੱਪ ਪੀਂਦੇ ਅਤੇ ਆਖਰ ਨੂੰ ਚੁੱਪ-ਚੁਪੀਤੇ ਆਲਮੀ ਚੁੱਪ 'ਚ ਹੀ ਸਮਾ ਜਾਂਦੇ। ਸਮਾਜਿਕ ਸਰੋਕਾਰਾਂ ਵਿਚ ਲਿਪਟੀ ਇਸ ਚੁੱਪ ਨੂੰ ਸਮਝਣ ਤੋਂ ਕੋਰੇ ਲੋਕ, ਆਪਣੇ ਮਾਤਮ ਨੂੰ ਕਿਹੜੇ ਹਰਫਾਂ 'ਚ ਉਲਥਾਉਣਗੇ ਅਤੇ ਕਿਨ੍ਹਾਂ ਅਰਥਾਂ ਦਾ ਵੇਦਨ ਗਾਉਣਗੇ?

ਚੁੱਪ ਜਦ ਬੋਲਾਂ 'ਚ ਉਤਰ ਆਵੇ ਤਾਂ ਗੁੰਗਾ ਦਰਦ, ਤੁਹਾਡੇ ਕਰਮ ਅਤੇ ਕਰਮਯੋਗਤਾ ਵਿਚ ਅਸੀਮ ਗਮ ਧਰ ਜਾਂਦਾ। ਤੁਸੀਂ ਚਾਹੁੰਦਿਆਂ ਵੀ ਇਸ ਤੋਂ ਮੁਕਤ ਨਹੀਂ ਹੋ ਸਕਦੇ। ਭਲਾ ਬੋਲਾਂ ਦਾ ਚੁੱਪ 'ਚ ਕਿੰਜ ਉਲਥਾ ਕਰੋਗੇ? ਇਸ ਦਰਦੀਲੀ ਆਭਾ 'ਚ ਭਿਜਿਆ ਮਨ ਹੀ ਸੀ ਕਿ ਸਿਧਾਰਥ ਘਰ ਨੂੰ ਅਲਵਿਦਾ ਕਹਿ ਗੌਤਮ ਬੁੱਧ ਬਣ ਗਿਆ। ਅਬੋਲ ਰਹਿ ਕੇ ਚੁੱਪ ਦੀ ਤਲੀ 'ਤੇ ਜੀਵਨ ਅਰਾਧਨਾ ਧਰਨਾ ਬਹੁਤ ਹੀ ਕਠਿਨ, ਇਸ 'ਚੋਂ ਹੀ ਉਪਜਦੀ ਏ ਨਵੀਆਂ ਬੁਲੰਦੀਆਂ ਅਤੇ ਮੰਜ਼ਿਲਾਂ ਦੀ ਪ੍ਰਾਪਤੀ।

ਕਦੇ ਕਦੇ ਤੁਹਾਡੇ ਸ਼ਬਦਾਂ ਵਿਚ ਵੀ ਚੁੱਪ ਦਾ ਪਹਿਰਾ ਹੁੰਦਾ। ਚੁੱਪ, ਲਿਖਤ ਨੂੰ ਆਪਣੇ ਰੰਗ ਵਿਚ ਰੰਗਦੀ ਪੜ੍ਹਨ ਵਾਲੇ ਦੇ ਮਨ 'ਚ ਇਕ ਝੁਣਝੁਣੀ ਪੈਦਾ ਕਰਦੀ। ਇਹ ਹੀ ਚੁੱਪ ਦਾ ਸਭ ਤੋਂ ਵੱਡਾ ਹਾਸਲ ਹੁੰਦਾ। ਜਦ ਕੋਈ ਚੁਪ ਰਹਿ ਕੇ ਵੀ ਬਹੁਤ ਕੁਝ ਕਹਿ ਜਾਵੇ ਤਾਂ ਚੁੱਪ ਆਪਣੇ ਮਾਣ ਦੀ ਹੱਕਦਾਰ ਬਣ ਬਹਿੰਦੀ।

ਮਨੁੱਖ ਸਮਝਦਾ ਏ, ਉਸ ਦੀ ਚੁੱਪ ਬਹੁਤ ਵੱਡੀ ਹੈ। ਪਰ ਯਾਦ ਰੱਖਣਾ, ਮਨੁੱਖ ਸਾਹਵੇਂ ਬਿਰਖਾਂ, ਪਾਣੀਆਂ, ਦਰਿਆਵਾਂ, ਪਰਿੰਦਿਆਂ ਅਤੇ ਪੌਣ ਦੀ ਚੁੱਪ ਬਹੁਤ ਡੂੰਘੀ ਅਤੇ ਅਰਥਮਈ। ਇਸ ਚੁੱਪ ਨੂੰ ਸਮਝਣ ਵਾਲੇ ਹੀ ਅਸਲ ਵਿਚ ਕੁਦਰਤ ਦੇ ਸੱਚੇ ਪੁੱਤਰ ਅਤੇ ਕੁਦਰਤ ਉਨ੍ਹਾਂ ਦੇ ਬਲਿਹਾਰੇ ਜਾਂਦੀ। ਵੈਸੇ ਅੱਜ ਕੱਲ ਬੇਵੱਸ ਹੋਈ ਕੁਦਰਤ ਮਨੁੱਖ ਤੋਂ ਟਾਲਾ ਹੀ ਵੱਟ ਰਹੀ ਹੈ। ਕਦੇ ਕੁਦਰਤ ਦੀ ਚੁੱਪ 'ਚ ਚੁੱਪ ਮਿਲਾਉਣ ਦੀ ਕੋਸ਼ਿਸ਼ ਕਰਨਾ, ਤੁਹਾਨੂੰ ਚੁੱਪ ਦੇ ਅਸੀਮ ਅਰਥਾਂ ਦੀ ਸੋਅ ਜਰੂਰ ਮਿਲੇਗੀ।

ਜਲਦੇ ਜੰਗਲ ਦੀ ਚੁੱਪ ਵਿਚ ਖਾਮੋਸ਼ ਹੋਈ ਪਰਿੰਦਿਆਂ ਦੀ ਸੰਗੀਤਕ ਲੈਅ, ਬੀਂਡਿਆਂ ਦੀ ਸੁਰਬੱਧਤਾ ਅਤੇ ਚਿੜੀਆਂ ਦਾ ਚਹਿਕਣਾ, ਆਪਣੇ ਅੰਦਰ 'ਚ ਉਤਾਰਨਾ, ਤੁਹਾਨੂੰ ਕਰਤਾਰੀ ਅਹਿਸਾਸ ਦਾ ਰੰਗ ਚੜ੍ਹੇਗਾ।

ਧਾਰਮਿਕ ਗ੍ਰੰਥ, ਅਕੀਦਤ ਯੋਗ ਅਸਥਾਨ ਅਤੇ ਮਹਾਂ ਪੁਰਖਾਂ ਦੀਆਂ ਲਿਖਤਾਂ ਵਿਚ ਸਮੋਈ ਚੁੱਪ ਦੇ ਬਹੁਤ ਘੱਟ ਲੋਕ ਰੂਬਰੂ ਹੁੰਦੇ। ਇਸ ਚੁੱਪ ਵਿਚ ਡੁੱਬਣ ਵਾਲੇ ਹੀ ਅਸਲ ਵਿਚ ਜੀਵਨ ਦੇ ਸ਼ਾਹ-ਅਸਵਾਰ ਹੁੰਦੇ। ਇਨ੍ਹਾਂ ਦੀਆਂ ਪਰਤਾਂ ਵਿਚ ਛੁਪਿਆ ਜੀਵਨ-ਸੱਚ, ਜ਼ਿੰਦਗੀ ਦੀ ਕਰਮਯੋਗਤਾ ਰਾਹੀਂ ਨਵੀਨਤਮ ਦਿਸਹੱਦਿਆਂ ਨੂੰ ਸਰ ਕਰਨ ਦਾ ਗੁਰ।

ਚੁੱਪ ਕਦੇ ਵੀ ਵੱਡੀ ਜਾਂ ਛੋਟੀ ਨਹੀਂ ਹੁੰਦੀ। ਉਸ ਨੂੰ ਸਮਝਣਾ ਅਤੇ ਅਮਲ ਕਰਨਾ ਹੀ ਇਸ ਨੂੰ ਵਡੇਰਾ ਜਾਂ ਛੁਟੇਰਾ ਬਣਾ ਸਕਦਾ ਹੈ।

ਕੀ ਤੁਸੀਂ ਕਦੇ ਆਪਣੀ ਚੁੱਪ ਨੂੰ ਮੁਖਾਤਬ ਹੋਏ ਹੋ? ਸੋਚਣਾ ਕਿ ਇਸ ਚੁੱਪ ਨੇ ਤੁਹਾਡੀ ਜੀਵਨ-ਤਲੀ 'ਤੇ ਕੀ ਧਰਿਆ? ਚੁੱਪ ਦੀ ਅਰਾਧਨਾ, ਅਕੀਦਤ ਤੇ ਸੰਵੇਦਨਾ ਦੀ ਸੁੱਚਮਤਾ, ਆਪਣੇ ਆਪ ਹੀ ਤੁਹਾਡੇ ਮਨ ਦੀ ਦਸਤਕ ਬਣ ਜਾਵੇਗੀ।

---

## ਸਾਲ ਦੋ ਹਜ਼ਾਰ ਸਤਾਰਾਂ

ਨਵੇਂ ਸਾਲ ਦੀਆਂ ਖੁਸ਼ੀਆਂ ਲਿਆਵੇ,
ਦੋ ਹਜ਼ਾਰ ਸਤਾਰਾਂ।
ਹਰ ਚਿਹਰੇ 'ਤੇ ਆ ਜਾਣ ਰੱਬ ਜੀ,
ਮੁੜ ਕੇ ਫਿਰ ਬਹਾਰਾਂ।

ਮੁਲਕ ਮੇਰੇ ਦੀ ਜਨਤਾ ਰੱਬ ਜੀ,
ਰੱਜ ਕੇ ਰੋਟੀ ਖਾਵੇ।
ਸਭ ਦੇ ਸਿਰ 'ਤੇ ਛੱਤ ਹੋਵੇ,
ਕੋਈ ਭੁੱਖੜਾ ਨਾ ਸੌਂ ਜਾਵੇ।
ਬੈਂਕਾਂ ਅੱਗੇ ਖੜਨ ਨਾ ਲੋਕੀਂ
ਲੰਮੀਆਂ ਬੰਨ ਕਤਾਰਾਂ।

ਦੇਸ਼ ਮੇਰੇ ਦੀਆਂ ਧੀਆਂ ਦੀ
ਨਾ ਇੱਜਤ ਕੋਈ ਲੁੱਟੇ।
ਅਣਖਾਂ ਦਾ ਬੂਟਾ ਨਾ ਕੋਈ
ਜ਼ਾਲਮ ਜੜ੍ਹ ਤੋਂ ਪੁੱਟੇ।
ਗੈਰਤ ਦੇ ਨਾਲ ਜ਼ਿੰਦਗੀ ਜੀਣ
ਦੇਸ਼ ਦੀਆਂ ਮੁਟਿਆਰਾਂ।

ਮੇਰੇ ਦੇਸ਼ ਪੰਜਾਬ 'ਚੋਂ ਰੱਬ ਜੀ
ਸਾਰੇ ਨਸ਼ੇ ਮੁਕਾ ਦੇ।
ਸੁੱਕੇ ਹੋਏ ਦਰਿਆਵਾਂ ਦੇ ਵਿਚ
ਮੁੜ ਕੇ ਪਾਣੀ ਪਾ ਦੇ।
ਹਰੀ ਭਰੀ ਧਰਤੀ 'ਤੇ ਝੂਮਣ
ਦਰਖਤਾਂ ਦੀਆਂ ਕਤਾਰਾਂ।

ਲੀਡਰ ਧਰਮ ਸਮਾਜ ਦੇ ਸਾਰੇ
ਛੱਡ ਦੇਣ ਬੇਈਮਾਨੀ।
ਚਰਸ, ਅਫੀਮ, ਸਮੈਕਾਂ ਦੇ ਨਾਲ
ਗਰਕ ਨਾ ਹੋਵੇ ਜਵਾਨੀ।
ਸਾਰੀ ਦੁਨੀਆਂ 'ਚੋਂ ਢਹਿ ਜਾਵਣ
ਨਫਰਤ ਦੀਆਂ ਦੀਵਾਰਾਂ।

ਭਿੰਨੀ ਰੈਣ ਚਮਕਦੇ ਤਾਰੇ
ਕਲ ਕਲ ਕਰਦੀਆਂ ਨਦੀਆਂ।
ਆਪਸ 'ਚ ਸਤਿਕਾਰ ਨਿਭਾਈਏ
ਛੱਡ ਨਫਰਤ ਤੇ ਬਦੀਆਂ।
ਅੰਮ੍ਰਿਤ ਵੇਲੇ ਚਿੜੀਆਂ ਬੋਲਣ,
ਉਡਣ ਬੰਨ ਬੰਨ ਡਾਰਾਂ।

ਨਵੇਂ ਸਾਲ ਦੀਆਂ ਸਭ ਦੁਨੀਆਂ ਨੂੰ
ਲੱਖ ਲੱਖ ਦਿਆਂ ਵਧਾਈਆਂ।
ਮਾਨਸ ਜਨਮ ਨਾ ਮੁੜ ਕੇ ਮਿਲਣਾ,
ਕਰੀਏ ਨੇਕ ਕਮਾਈਆਂ।
ਲੋੜ ਪਵੇ 'ਸੁਰਜੀਤ' ਜਦੋਂ,
ਮੈਂ ਦੇਸ਼ ਤੋਂ ਜਿੰਦੜੀ ਵਾਰਾਂ।
ਨਵੇਂ ਸਾਲ ਦੀਆਂ ਖੁਸ਼ੀਆਂ ਲਿਆਵੇ,
ਦੋ ਹਜ਼ਾਰ ਸਤਾਰਾਂ।

*-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ*

---

## ਨਵਾਂ ਸਾਲ

ਬੀਤ ਗਿਆ ਇਕ ਹੋਰ ਸਾਲ
ਲੈਕਚਰਾਂ ਤੇ ਲਾਰਿਆਂ 'ਚ
ਧਰਮਾਂ 'ਚ ਉਲਝਾਈ ਰੱਖੇ
ਲਾਈਨਾਂ 'ਚ ਲਾਈ ਰੱਖੇ
ਲੋਕ ਆਟਾ ਦਾਲ ਮੰਗਣ
ਨੋਟ ਕਾਲੇ ਤੋਂ ਚਿੱਟੇ ਰੰਗਣ
ਭਾਰਤ ਵਾਸੀਓ
ਪਾੜਾ ਹੋਰ ਵਧਿਆ
ਝੁੱਗੀਆਂ ਚੁਬਾਰਿਆਂ 'ਚ
ਬੀਤੇ ਸੱਤਰ ਵਰਿਆਂ ਤੋਂ
ਬਣਾ ਰਹੇ ਨੇ ਬੁੱਧੂ ਇਹੀ ਲੋਕ
ਵਾਰੀ ਬੰਨ੍ਹ ਕੇ
ਪੀ ਰਹੇ ਨੇ ਖ਼ੂਨ
ਕਿਸਾਨ ਮਜ਼ਦੂਰ ਦਾ
ਵਾਂਗਰ ਜੋਕ
ਘੋਰ ਹਨੇਰੇ 'ਚੋਂ ਨਜ਼ਰ ਆਈ ਏ
ਕਿਰਨ ਆਸ ਵਾਲੀ
ਬਦਲ ਦਿਓ ਸੂਰਜ 'ਚ
'ਸਾਹੀ' ਕਿਰਨ ਆਪ ਵਾਲੀ।

*-ਚਰਨਜੀਤ ਸਿੰਘ ਸਾਹੀ*

## ਮੁਬਾਰਕ

ਨਵਾਂ ਸਾਲ ਮੁਬਾਰਕ ਹੋਵੇ ਯਾਰੋ,
ਮੇਰੇ ਵਲੋਂ ਤੁਹਾਨੂੰ ਸਾਰਿਆਂ ਨੂੰ।
ਫੁੱਲਾਂ ਭਰੀ ਚੰਗੇਰ ਇਹ ਲੈ ਆਵੇ,
ਖੁਸ਼ਬੋ ਵੰਡੇ ਦਿਲੋਂ ਸਤਿਕਾਰਿਆਂ ਨੂੰ।
ਚੜ੍ਹਦੇ ਸੂਰਜ ਦੀ ਲਾਲੀ ਵਾਂਗ ਚਮਕੇ,
ਮਿਹਰ ਸਾਈਂ ਦੀ ਰਹੇ ਤੁਸੀਂ ਵਧੋ-ਫੁੱਲੋ,
ਪਿਆਰ ਮਹਿਕ ਨਾਲ ਸਰਸ਼ਾਰ ਕਰੋ,
ਤੁਸੀਂ ਆਪਣੇ ਦਿਲੀਂ ਪਿਆਰਿਆਂ ਨੂੰ।

*-ਮਨਜੀਤ ਸਿੰਘ ਗਿੱਲ, ਮਿਸ਼ੀਗਨ*
*ਫੋਨ: 248-885-8653*

---

## ਜੀਣਾ ਸਿੱਖੋ

ਹਾਲਾਤ ਨਾਲ ਵੀ ਯਾਰੋ ਲੜਨਾ ਸਿੱਖੋ,
ਕਦੇ ਜਿੱਤਣਾ ਤੇ ਕਦੇ ਹਰਨਾ ਸਿੱਖੋ।
ਜ਼ਿੰਦਗੀ ਸੁੱਖਾਂ ਨਾਲ ਸਜ਼ੀ ਕੋਈ ਸੇਜ ਨਹੀਂ,
ਹਿੰਮਤ ਨਾਲ ਪੈਰ ਕੰਡਿਆਂ 'ਤੇ ਧਰਨਾ ਸਿੱਖੋ।
ਮੁੜ ਨਾ ਜ਼ਿੰਦਗੀ ਕਦੇ ਦੁਬਾਰਾ ਮਿਲਣੀ,
ਆਪ ਤੇ ਆਪਣਿਆਂ ਲਈ ਜੀਣਾ ਸਿੱਖੋ।
ਝੁਕਾਇਆਂ ਤਾਂ ਵੱਡੇ-ਵੱਡੇ ਵੀ ਝੁੱਕ ਜਾਂਦੇ ਨੇ,
ਦੇਖ ਪਹਾੜਾਂ ਨੂੰ ਐਵੇਂ ਨਾ ਡਰਨਾ ਸਿੱਖੋ।
ਚਾਹੁਣ ਨਾਲ ਹੀ ਸਭ ਕੁਝ ਨਹੀਂ ਮਿਲ ਜਾਂਦਾ,
ਜ਼ਿੰਦਗੀ ਨਾਲ ਹੱਥ ਦੋ-ਚਾਰ ਕਰਨਾ ਸਿੱਖੋ।
ਮੰਨਿਆ ਪੰਡ ਬੜੀ ਭਾਰੀ ਹੈ, ਤੇਰੇ ਦੁੱਖਾਂ ਦੀ,
ਮੁਸੀਬਤਾਂ ਨਾਲ ਵੀ ਲੜਨਾ ਸਿੱਖੋ।
'ਮਨਦੀਪ' ਯਾਦ ਰੱਖੋ ਸਦਾ, ਜੀਓ ਤੇ ਜੀਣ ਦਿਓ,
ਸਤਿਕਾਰ ਦੇ ਲਈ ਸਤਿਕਾਰ ਵੀ ਕਰਨਾ ਸਿੱਖੋ।

*-ਮਨਦੀਪ ਗਿੱਲ ਧੜਾਕ*
*ਫੋਨ: 91-99881-11134*

---

## ਗ਼ਜ਼ਲ

ਹੋਈ ਤੇ ਸਹੀ ਪਰ ਖੁੱਲ੍ਹੀ ਨਾ।
'ਨੇਰੀ ਤੇ ਚੜ੍ਹੀ ਪਰ ਝੁੱਲੀ ਨਾ।
ਇਸ ਇਸ਼ਕ ਦੀਆਂ ਕੀ ਦਸਦੇ ਓ,
ਸਾਥੋਂ ਕੋਈ ਵੀ ਭੁੱਲੀ ਨਾ।
ਅੱਖ ਫਿਰ ਅੱਜ ਪਰਦੇ ਕੱਜ ਗਈ,
ਭਰ ਭਰ ਆਈ ਪਰ ਡੁੱਲ੍ਹੀ ਨਾ।
ਦੇ ਦੇਵੋ ਦਾਤ ਫਕੀਰੀ ਦੀ,
ਇਸ ਤੋਂ ਕੋਈ ਸ਼ੈਅ ਵਡਮੁੱਲੀ ਨਾ।
ਕੁਨਬੇ ਦੀ ਪਰਵਰੀ ਲੈ ਡੁੱਬੀ,
ਸਾਹਿਬਾਂ ਬੋਲਾਂ 'ਤੇ ਤੁੱਲੀ ਨਾ।
ਓਹੋ ਪਾਣੀ ਤੇ ਪੌਣ ਓਹੀ,
ਇਸ ਵਾਰ ਬਗੀਚੀ ਫੁੱਲੀ ਨਾ।
ਕੂੜੇ ਨੇ ਹੱਟ ਸਬੂਣਾਂ ਦੇ,
ਆਪਣੀ ਤੇ ਪਲੀਤੀ ਧੁੱਲੀ ਨਾ।
ਮੈਂ ਫੇਰਾ ਲਾ ਕੇ ਮੁੜ ਅਇਆਂ,
ਦੁਨੀਆਂ ਹਿੱਲੀ ਤੇ ਜੁੱਲੀ ਨਾ।
ਸਭ ਪ੍ਰੇਮ ਪਟੋਲੇ ਰੱਬਾਂ ਨੂੰ,
'ਕੁਲਬੀਰ' ਨੂੰ ਕੁੱਲੀ-ਜੁੱਲੀ ਨਾ।

*-ਕੁਲਬੀਰ ਪੱਡਾ*

---

## ਸਿੱਖੀ ਦੀ ਪਰਖ

ਗੱਲਾਂ ਯਾਰੋ ਕਰਨ ਵਾਲੀਆਂ ਬੜੀਆਂ ਨੇ।
ਕਿਉਂਕਿ ਮੈਂ ਵੀ ਚਾਰ ਕਿਤਾਬਾਂ ਪੜ੍ਹੀਆਂ ਨੇ।
ਇਸੇ ਲਈ ਤਾਂ ਹਾਕਮ ਖਫਾ ਹੈ ਮੇਰੇ ਤੋਂ
ਮੈਨੂੰ ਹੀ ਕਿਉਂ ਹੱਕ ਲੈਣ ਦੀਆਂ ਅੜੀਆਂ ਨੇ।

ਮੈਂ ਵੀ ਬੁੱਧੀਜੀਵੀ ਬਣ ਕੇ ਬਹਿ ਜਾਂਦਾ
ਥੋੜ੍ਹਾ ਝੂਠ ਤੇ ਥੋੜ੍ਹਾ ਸੱਚ ਕਹਿ ਜਾਂਦਾ।
ਸੁਣਦਾ ਕੌਣ ਹੈ ਚੱਜ ਅਚਾਰ ਦੀਆਂ ਗੱਲਾਂ ਨੂੰ
ਗੱਲਾਂ ਹੀ ਹੁਣ ਬਦਨੀਤੀ ਦੀਆਂ ਬੜੀਆਂ ਨੇ।

ਸੱਚ ਕਹਿਣ ਦਾ ਦਾਅਵਾ ਸਾਰੇ ਕਰਦੇ ਨੇ
ਇਕਨਾਂ ਨੂੰ ਸ਼ਾਬਾਸ਼ ਤੇ ਸਾਨੂੰ ਤੜੀਆਂ ਨੇ।
ਝੱਲ ਪੈ ਗਿਆ ਸਾਨੂੰ ਲੜਨੇ-ਅੜਨੇ ਦਾ
ਦੋਗਲਿਆਂ ਦੀਆਂ ਅੱਜ ਵੀ ਬਾਹਾਂ ਖੜ੍ਹੀਆਂ ਨੇ।

ਸਿਮਰਨਜੀਤ ਸਿੰਘ ਮਾਨ ਰਹੂ ਅਦਾਲਤਾਂ ਵਿਚ
ਕੈਪਟਨ ਤੇ ਬਾਦਲ ਲਈ ਸਰਕਾਰਾਂ ਖੜ੍ਹੀਆਂ ਨੇ।
ਜੇਕਰ ਇਨ੍ਹਾਂ ਦੀ ਟੇਕ ਹੈ ਸੋਨੀਆ-ਮੋਦੀ 'ਤੇ
ਸਾਡੇ ਉਤੇ ਵੀ ਗੁਰੂ ਬਖਸ਼ਿਸ਼ਾਂ ਬੜੀਆਂ ਨੇ।
ਗੱਦਾਰਾਂ ਲਈ ਫਖਰ-ਏ-ਕੌਮ ਦੇ ਤਾਜ ਬੜੇ
ਸੱਚ ਲਈ ਹੀ ਕਿਉਂ ਫਾਂਸੀਆਂ ਬਣੀਆਂ ਨੇ।
ਰੇਸ਼ਮ ਸਿੰਘ ਸਿੱਖ ਕਹਾਉਣਾ ਸੌਖਾ ਨਹੀਂ
ਸਿੱਖੀ ਲਈ ਤਾਂ ਅੱਜ ਵੀ ਦੇਗਾਂ ਚੜ੍ਹੀਆਂ ਨੇ।

*-ਰੇਸ਼ਮ ਸਿੰਘ, ਬੇਕਰਜ਼ਫੀਲਡ*
*ਫੋਨ: 661-209-0118*

---

## ਮੰਜ਼ਿਲ

ਮੰਜ਼ਿਲ ਔਝੜ ਦੁਰਾਡੀ
ਕਿਉਂ ਫਿਕਰ ਕਰਨਾ।
ਪੈਂਡਾ ਪੈਰਾਂ ਥੱਲੇ ਹੈ
ਇਸ ਨੂੰ ਸਰ ਕਰਨਾ।

ਪ੍ਰਾਲਬਧ ਦੀ ਤਲਾਸ਼
ਦ੍ਰਿੜ੍ਹਤਾ ਅੰਗ ਸੰਗ ਲੈ ਕੇ
ਪਰਣਾ ਲਿਆ ਮੈਂ ਲਕਸ਼
ਨਹੀਂ ਅੜਿਚਣ ਤੋਂ ਡਰਨਾ।

ਮਹਿਬੂਬ ਵਾਂਗ ਸਤਰੰਗੀ ਪੀਂਘ
ਫੈਲਾ ਰਹੀ ਬਾਂਹਾਂ
ਪਲਕਾਂ ਵਿਛਾ ਕੇ
ਸੰਵੇਗ ਉਰੇ ਨਹੀਂ ਖੜ੍ਹਨਾ।

ਮਿੱਧ ਕੇ ਬੁੱਥੇ ਕੰਡੇ ਝਾੜੀਆਂ,
ਨਿਸ਼ਚਾ ਹੈ ਚਲਦੇ ਰਹਿਣਾ,
ਦਿਸੇ ਭਾਵੀ ਦਣਦਣਾਉਂਦੀ,
ਨਹੀਂ ਕੌਲ ਤੋਂ ਹਰਨਾ।

ਮਹਿਬੂਬ ਰੁੱਸ ਜਾਵੇ
ਮੁਸ਼ਕਲ ਹੈ ਜਰਨਾ।
ਮਨਾ ਕੇ ਆਉਣਾ
ਦਿਆਂਗਾ ਧਰਨਾ।
ਬੇਸ਼ੱਕ ਪਵੇ ਮਰਣਾ।

*-ਚਰਨਜੀਤ ਸਿੰਘ ਪੰਨੂ*
*ਫੋਨ: 408-608-4961*
*ਸੈਨ ਹੋਜ਼ੇ, ਕੈਲੀਫੋਰਨੀਆ।*



# ਗੁਜਰਾਤ ਫਾਈਲਾਂ

## ਪਰਦਾਪੋਸ਼ੀ ਦੀ ਚੀਰਫਾੜ

*'ਗੁਜਰਾਤ ਫਾਈਲਾਂ' ਪੱਤਰਕਾਰ ਰਾਣਾ ਅਯੂਬ ਦੀ ਅਜਿਹੀ ਲਿਖਤ ਹੈ ਜਿਸ ਵਿਚ ਗੁਜਰਾਤ ਵਿਚ ਮੁਸਲਮਾਨਾਂ ਦੇ ਕਤਲੇਆਮ ਦਾ ਖੁਲਾਸਾ ਹੋਇਆ ਹੈ। ਇਸ ਖੁਲਾਸੇ ਲਈ ਉਸ ਨੇ ਅੰਤਾਂ ਦਾ ਜੋਖਮ ਉਠਾਉਂਦਿਆਂ ਫਰਜ਼ੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾਇਆ। ਜਦੋਂ ਇਹ ਕਿਤਾਬ ਛਾਪਣ ਲਈ ਕਿਸੇ ਪ੍ਰਕਾਸ਼ਕ ਨੇ ਹਾਮੀ ਨਹੀਂ ਭਰੀ ਤਾਂ ਉਹਨੇ ਇਹ ਕਿਤਾਬ ਆਪੇ ਛਾਪ ਲਈ। ਇਸ ਕਿਤਾਬ ਦਾ ਪੰਜਾਬੀ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਉਨ੍ਹਾਂ ਨੇ ਵੀ ਇਹ ਕਿਤਾਬ ਖੁਦ ਹੀ ਛਪਵਾਈ ਹੈ। -ਸੰਪਾਦਕ*



### ਤੁਸੀਂ ਪੜ੍ਹ ਚੁੱਕੇ ਹੋ...

***ਹਫਤਾਵਾਰੀ 'ਤਹਿਲਕਾ' ਲਈ ਪੱਤਰਕਾਰੀ ਕਰਦਿਆਂ ਰਾਣਾ ਅਯੂਬ ਨੇ ਸਿਸਟਮ ਦਾ ਸੱਚ ਦੇਖਿਆ ਅਤੇ ਬੇਵੱਸ ਹੋਏ ਲੋਕਾਂ ਦੀ ਖਾਮੋਸ਼ੀ ਵਿਚੋਂ ਬੁਲੰਦ ਆਵਾਜ਼ ਲੱਭਦਿਆਂ-ਲੱਭਦਿਆਂ ਉਹ ਖੁਦ ਡਿਪਰੈਸ਼ਨ ਦੇ ਗੇੜ ਵਿਚ ਜਾ ਧਸੀ। ਇਕ ਦਿਨ ਅਚਾਨਕ ਮੁੰਬਈ ਦੇ ਡਾਕਟਰ ਚਿਟਨਿਸ ਦੇ ਮਸ਼ਵਰੇ ਨੇ ਉਸ ਅੰਦਰ ਫਿਰ ਚਿਣਗ ਬਾਲੀ। ਫਿਰ ਜਦੋਂ ਅੰਮੜੀ ਵਲੋਂ ਅਖਬਾਰ ਪੜ੍ਹਦਿਆਂ ਸੋਹਰਾਬੂਦੀਨ ਦਾ ਜ਼ਿਕਰ ਆਇਆ ਤਾਂ ਰਾਣਾ ਦੇ ਜ਼ਿਹਨ ਅੰਦਰ ਉਹ ਨਰੇਂਦਰ ਮੋਦੀ ਘੁੰਮ ਗਿਆ ਜਿਹੜਾ ਸਵਾਲ ਪੁੱਛਣ 'ਤੇ ਉਸ ਵੱਲ ਬਿਨਾ ਅੱਖ ਝਪਕਾਏ ਅਤੇ ਬਿਨਾ ਕੁਝ ਬੋਲੇ ਲਗਾਤਾਰ ਤਿੱਖਾ ਝਾਕਦਾ ਰਿਹਾ ਸੀ। ਇਸੇ ਮੋਦੀ ਦੇ ਬਖੀਏ ਉਧੇੜਨ ਲਈ ਫਿਰ ਰਾਣਾ ਨੇ ਲੱਕ ਬੰਨ੍ਹ ਲਿਆ ਅਤੇ ਅਮਰੀਕੀ ਫਿਲਮਸਾਜ਼ ਮੈਥਿਲੀ ਤਿਆਗੀ ਦਾ ਭੇਸ ਵਟਾ ਕੇ ਸਬੂਤ ਜੁਟਾਉਣ ਲੱਗੀ। ਉਸ ਨੇ ਸਭ ਤੋਂ ਪਹਿਲਾਂ ਐਂਟੀ-ਟੈਰਰਿਸਟ ਸਕੁਐਡ ਦੇ ਮੁਖੀ ਜੀ.ਐਲ. ਸਿੰਘਲ ਤੱਕ ਅੱਪੜਨ ਦਾ ਅਹੁਰ ਕੀਤਾ। ਛੇਤੀ ਹੂ ਉਹ ਉਸ ਤੱਕ ਅੱਪੜ ਗਈ ਤੇ ਉਸ ਦਾ ਭਰੋਸਾ ਵੀ ਜਿੱਤ ਲਿਆ। ਹੁਣ ਪੜ੍ਹੋ ਅੱਗੇ...***

# ਦਹਿਸ਼ਤਗਰਦ ਨਹੀਂ ਸੀ ਇਸ਼ਰਤ ਜਹਾਂ...

## ਕਾਂਡ ਤੀਜਾ

### ਭਾਗ ਦੂਜਾ

ਗਿਰੀਸ਼ ਸਿੰਘਲ ਨੇ ਸੀ.ਬੀ.ਆਈ. ਨੂੰ ਇਹ ਵੀ ਦੱਸਿਆ ਕਿ ਉਹ ਵਾਅਦਾ ਮੁਆਫ ਨਹੀਂ ਬਣਨਾ ਚਾਹੁੰਦਾ ਤੇ ਨਾ ਰਹਿਮ ਮੰਗਦਾ ਹੈ, ਸਗੋਂ ਉਹ ਆਪਣੇ ਸਹਿ-ਦੋਸ਼ੀਆਂ ਵਾਂਗ ਮੁਕੱਦਮੇ ਦਾ ਸਾਹਮਣਾ ਕਰਨਾ ਚਾਹੁੰਦਾ ਹੈ। ਦੂਜੇ ਦੇ ਮਨ ਨੂੰ ਸਮਝਣਾ ਮੁਸ਼ਕਿਲ ਹੈ, ਦੂਜੇ ਬੰਦੇ ਬਾਰੇ ਤੁਸੀਂ ਜੋ ਜਾਣਦੇ ਹੋ, ਉਸ ਦੇ ਆਧਾਰ 'ਤੇ ਹੀ ਤੁਸੀਂ ਅੰਦਾਜ਼ਾ ਲਾਉਂਦੇ ਹੋ, ਪਰ ਸਿੰਘਲ ਦੀ ਸੀ.ਬੀ.ਆਈ. ਨੂੰ ਅਜੀਬ ਬੇਨਤੀ ਮੈਨੂੰ ਉਸ ਗੱਲਬਾਤ ਵੱਲ ਲੈ ਜਾਂਦੀ ਹੈ ਜੋ ਸਾਡੇ ਵਿਚ ਦਸੰਬਰ 2010 'ਚ ਹੋਈ ਸੀ:

**ਸਵਾਲ:** ਗੁਜਰਾਤ ਵਿਚ ਬਹੁਤ ਕੁਝ ਐਸਾ ਹੈ ਜੋ ਤੁਹਾਡੇ ਪੁਲਿਸ ਮੁਖੀਆਂ ਨਾਲ ਜੁੜਿਆ ਹੋਇਆ ਹੈ, ਖ਼ਾਸ ਕਰ ਕੇ ਵਾਦ-ਵਿਵਾਦ?

**ਜਵਾਬ:** ਅਜੀਬ ਹਾਲਤ ਬਣੀ ਹੋਈ ਹੈ। ਜੇ ਸਾਡੇ ਕੋਲ ਕੋਈ ਸ਼ਿਕਾਇਤ ਲੈ ਕੇ ਆਉਂਦਾ ਹੈ, ਤੇ ਅਸੀਂ ਸ਼ਿਕਾਇਤੀ ਨੂੰ ਸੰਤੁਸ਼ਟ ਕਰ ਦਿੰਦੇ ਹਾਂ, ਤਾਂ ਅਸੀਂ ਸਰਕਾਰ ਦੀ ਨਾਰਾਜ਼ਗੀ ਸਹੇੜ ਲੈਂਦੇ ਹਾਂ; ਤੇ ਜੇ ਸਰਕਾਰ ਨੂੰ ਖੁਸ਼ ਕਰਦੇ ਹਾਂ ਤਾਂ ਸ਼ਿਕਾਇਤਕਰਤਾ ਗੁੱਸੇ ਹੋ ਜਾਂਦਾ ਹੈ; ਲਿਹਾਜ਼ਾ ਕੁਝ ਵੀ ਕਰੀਏ, ਪੁਲਿਸ ਫਸ ਜਾਂਦੀ ਹੈ।

**ਸਵਾਲ:** ਮੁਕਾਬਲਿਆਂ ਵਿਚ ਸ਼ਾਮਲ ਜ਼ਿਆਦਾਤਰ ਅਫ਼ਸਰ ਨੀਵੀਂ ਜਾਤ ਦੇ ਹਨ। ਉਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਇਸਤੇਮਾਲ ਕਰ ਕੇ ਸੁੱਟ ਦਿੱਤਾ ਗਿਆ?

**ਜਵਾਬ:** ਹਾਂ, ਪੁਲਿਸ ਮਹਿਕਮੇ ਦੇ ਉਹ ਸਾਰੇ ਅਫਸਰ, ਇਹ ਤਾਕਤਵਰ ਮਹਿਕਮਾ ਹੈ।

**ਸਵਾਲ:** ਫ਼ਸਾਦਾਂ ਦਾ ਸੂਬੇ 'ਤੇ ਕੀ ਅਸਰ ਪਿਐ? ਤੇ ਪੁਲਿਸ 'ਤੇ ਵੀ?

**ਜਵਾਬ:** ਦੇਖੋ, ਮੈਂ ਇਥੇ 1991 ਤੋਂ ਕੰਮ ਕਰ ਰਿਹਾਂ, ਤੇ ਮੈਂ ਗੁਜਰਾਤ ਦੇ ਕਈ ਫ਼ਸਾਦ ਦੇਖ ਚੁੱਕਾ ਹਾਂ। ਸੰਨ 82, 83, 85, 87 ਅਤੇ ਅਯੁੱਧਿਆ ਤੋਂ ਬਾਅਦ 1992 ਦਾ ਫ਼ਸਾਦ ਵੀ ਮੈਂ ਵੇਖਿਆ ਹੈ। ਉਸ ਵੇਲੇ ਮੁਸਲਮਾਨਾਂ ਦਾ ਦਬਦਬਾ ਸੀ। 2002 ਵਿਚ ਮੁਸਲਮਾਨ ਵੱਡੀ ਤਾਦਾਦ ਵਿਚ ਮਾਰੇ ਗਏ ਸਨ। ਇਹ ਗੱਲ ਖ਼ਾਸ ਕਰ ਕੇ 2002 ਵਿਚ ਹੀ ਹੋਈ ਸੀ, ਨਹੀਂ ਤਾਂ ਪਹਿਲਾਂ ਮੁਸਲਮਾਨ ਹੀ ਹਿੰਦੂਆਂ ਨੂੰ ਮਾਰਦੇ ਸਨ। ਇੰਨੇ ਸਾਲ ਮੁਸਲਮਾਨਾਂ ਹੱਥੋਂ ਮਾਰੇ ਜਾਣ ਪਿਛੋਂ 2002 ਇਕ ਬਦਲਾ ਸੀ, ਜਦੋਂ ਕੁਲ ਦੁਨੀਆਂ ਦੇ ਲੋਕਾਂ ਨੇ ਹੋ-ਹੱਲਾ ਮਚਾ ਦਿੱਤਾ। ਉਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਇਥੇ ਪਹਿਲਾਂ ਹਿੰਦੂ ਮਾਰੇ ਜਾ ਰਹੇ ਸਨ।

**ਸਵਾਲ:** ਮੈਂ ਰਾਜਨ ਪ੍ਰਿਯਾਦਰਸ਼ੀ ਨੂੰ ਮਿਲੀ ਸੀ। ਤੁਸੀਂ ਹੀ ਮੈਨੂੰ ਦਲਿਤ ਦੇ ਤੌਰ 'ਤੇ ਉਨ੍ਹਾਂ ਨਾਲ ਗੱਲ ਕਰਨ ਦੀ ਸਲਾਹ ਦਿੱਤੀ ਸੀ।

**ਜਵਾਬ:** ਮੈਂ ਇਥੇ ਹਰ ਸੰਭਵ ਅਹੁਦੇ ਉਪਰ ਅਤੇ ਤਮਾਮ ਅਫਸਰਾਂ ਨਾਲ ਕੰਮ ਕਰ ਚੁੱਕਾ ਹਾਂ। ਮੈਂ ਦਰਜੇਬੰਦੀ ਦੇ ਹਿਸਾਬ ਵਿਚਕਾਰ ਜਿਹੇ ਹਾਂ, ਇਸ ਲਈ ਮੈਂ ਤਮਾਮ ਲੋਕਾਂ ਨਾਲ ਕੰਮ ਕੀਤਾ ਹੈ, ਪਰ ਉਨ੍ਹਾਂ ਵਰਗਾ ਆਦਮੀ ਮੈਨੂੰ ਨਹੀਂ ਮਿਲਿਆ। ਉਹ ਸਭ ਤੋਂ ਇਮਾਨਦਾਰ ਅਫ਼ਸਰ ਹਨ। ਉਹ ਐਸੇ ਅਫ਼ਸਰ ਹਨ ਜੋ ਪੁਲਿਸ ਤੰਤਰ ਦੀ ਹਰ ਰਗ ਦੇ ਭੇਤੀ ਹਨ।

**ਸਵਾਲ:** ਉਨ੍ਹਾਂ ਨੇ ਦੱਸਿਆ ਸੀ ਕਿ ਸਰਕਾਰ ਉਸ ਨਾਲ ਸਮਝੌਤਾ ਕਰਨਾ ਚਾਹੁੰਦੀ ਸੀ, ਪਰ ਉਹ ਨਹੀਂ ਮੰਨੇ।

**ਜਵਾਬ:** ਹਾਂ, ਉਨ੍ਹਾਂ ਨੇ ਸਮਝੌਤਾ ਨਹੀਂ ਕੀਤਾ, ਮੈਨੂੰ ਇਸ ਦਾ ਪਤਾ ਹੈ।

**ਸਵਾਲ:** ਕੀ ਇਹ ਸੱਚੀਂ ਹੀ ਮੁਸ਼ਕਿਲ ਹੈ ਕਿ ਤੁਸੀਂ ਸਮਝੌਤਾ ਵੀ ਨਾ ਕਰੋ ਅਤੇ ਤੰਤਰ ਦਾ ਹਿੱਸਾ ਵੀ ਬਣੇ ਰਹੋ?

**ਜਵਾਬ:** ਇਕ ਵਾਰ ਸਮਝੌਤਾ ਕਰਨ 'ਤੇ ਤੁਹਾਨੂੰ ਹਰ ਚੀਜ਼ ਨਾਲ ਸਮਝੌਤਾ ਕਰਨਾ ਪੈਂਦਾ ਹੈ; ਖ਼ੁਦ ਨਾਲ, ਆਪਣੇ ਖ਼ਿਆਲਾਂ ਨਾਲ, ਆਪਣੀ ਜ਼ਮੀਰ ਨਾਲ।

**ਸਵਾਲ:** ਕੀ ਗੁਜਰਾਤ ਵਿਚ ਕਿਸੇ ਅਫ਼ਸਰ ਲਈ ਆਪਣੀ ਜ਼ਮੀਰ ਦੀ ਆਵਾਜ਼ ਸੁਣਦੇ ਹੋਏ ਕੰਮ ਕਰਦੇ ਰਹਿਣਾ ਸੰਭਵ ਹੈ?

**ਜਵਾਬ:** ਹਾਂ, ਹਾਂ। ਤੇ ਜਦੋਂ ਕਾਨੂੰਨ ਨੂੰ ਚੰਗੀ ਤਰ੍ਹਾਂ ਸਮਝਣ ਵਾਲਾ ਕੋਈ ਵੱਡਾ ਅਫਸਰ ਸਮਝੌਤਾ ਕਰ ਲੈਂਦਾ ਹੈ, ਫਿਰ ਇਹ ਮੁਸ਼ਕਿਲ ਹੋ ਜਾਂਦਾ ਹੈ।

**ਸਵਾਲ:** ਤੁਹਾਡੇ ਨਾਲ ਵੀ ਇੰਵ ਹੀ ਹੋਇਆ? ਤੁਹਾਨੂੰ ਕਿੰਨਾ ਸੰਘਰਸ਼ ਕਰਨਾ ਪਿਆ?

**ਜਵਾਬ:** ਕੁਝ ਲੋਕ ਖੜ੍ਹੇ ਹੋਣ ਦਾ, ਸੰਘਰਸ਼ ਕਰਨ ਦਾ ਯਤਨ ਕਰਦੇ ਹਨ। ਕੁਝ ਅਜਿਹੇ ਵੀ ਹਨ ਜੋ ਮਰਦੇ ਦਮ ਤਕ ਲੜਦੇ ਰਹਿੰਦੇ ਹਨ। ਰਾਜਨ ਪ੍ਰਿਯਾਦਰਸ਼ੀ ਉਨ੍ਹਾਂ ਵਿਚੋਂ ਇਕ ਹਨ।

**ਸਵਾਲ:** ਤੇ ਤੁਸੀਂ?

**ਜਵਾਬ:** ਮੈਂ ਵੀ।

**ਸਵਾਲ:** ਤਾਂ ਕੀ ਇਹ ਤੰਤਰ ਤੁਹਾਨੂੰ ਸਹਿਯੋਗ ਦਿੰਦਾ ਹੈ?

**ਜਵਾਬ:** ਹਰਗਿਜ਼ ਨਹੀਂ। ਮੈਂ ਦਲਿਤ ਹਾਂ, ਪਰ ਬ੍ਰਾਹਮਣਾਂ ਵਰਗਾ ਹਰ ਕੰਮ ਕਰ ਸਕਦਾ ਹਾਂ। ਮੈਂ ਉਨ੍ਹਾਂ ਦੇ ਮੁਕਾਬਲੇ ਆਪਣਾ ਧਰਮ ਵੱਧ ਬਿਹਤਰੀ ਨਾਲ ਜਾਣਦਾ ਹਾਂ, ਪਰ ਲੋਕ ਇਸ ਨੂੰ ਨਹੀਂ ਸਮਝਦੇ। ਜੇ ਮੈਂ ਦਲਿਤ ਪਰਿਵਾਰ ਵਿਚ ਜੰਮਿਆ ਹਾਂ ਤਾਂ ਕੀ ਇਹ ਮੇਰਾ ਦੋਸ਼ ਹੈ?

**ਸਵਾਲ:** ਕੀ ਕਦੀ ਇੰਵ ਹੋਇਆ ਹੈ ਕਿ ਉਨ੍ਹਾਂ ਲੋਕਾਂ ਦੀ ਸੇਵਾ ਕਰਨ ਦੇ ਬਾਵਜੂਦ ਜਦੋਂ ਤਰੱਕੀ ਦਾ ਸਵਾਲ ਆਇਆ ਹੋਵੇ ਤਾਂ ਤੁਹਾਡੀ ਜਾਤ ਕਾਰਨ ਤੁਹਾਨੂੰ ਰੋਕ ਦਿੱਤਾ ਗਿਆ ਹੋਵੇ?

**ਜਵਾਬ:** ਹਾਂ, ਕਈ ਵਾਰ ਐਸਾ ਹੋਇਆ ਹੈ। ਦੇਖੋ, ਗੁਜਰਾਤ ਹੀ ਨਹੀਂ, ਸਾਰੇ ਸੂਬਿਆਂ ਵਿਚ ਇਹ ਚਲਦਾ ਹੈ। ਇਹ ਬ੍ਰਾਹਮਣ ਅਤੇ ਕਸ਼ੱਤਰੀ ਆਪਣੇ ਮਤਹਿਤ ਦਲਿਤ ਜਾਂ ਓ.ਬੀ.ਸੀ. ਨੂੰ ਨਹੀਂ ਰੱਖਦੇ।

**ਸਵਾਲ:** ਤੁਹਾਡੇ ਸੀਨੀਅਰ ਦਲਿਤ ਹਨ?

**ਜਵਾਬ:** ਨਹੀਂ, ਪਰ ਮੇਰਾ ਕੰਮ ਚੱਲੀ ਜਾਂਦਾ ਹੈ। ਮੈਂ ਉਨ੍ਹਾਂ ਲਈ ਜ਼ਰੂਰੀ ਹਾਂ, ਕਿਉਂਕਿ ਮੈਂ ਉਨ੍ਹਾਂ ਲਈ ਦਹਿਸ਼ਤਵਾਦ ਦੇ ਕਈ ਮਾਮਲੇ ਨਜਿੱਠੇ ਹਨ। ਇਸ ਦੇ ਬਾਵਜੂਦ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ। ਕਦੇ ਕਦਾਈਂ ਉਹ ਮੈਨੂੰ ਐਸਾ ਕੰਮ ਕਰਨ ਲਈ ਕਹਿ ਦਿੰਦੇ ਨੇ ਜੋ ਸਿਪਾਹੀ ਦੇ ਲਾਇਕ ਹੁੰਦਾ ਹੈ।

**ਸਵਾਲ:** ਊਸ਼ਾ (ਰਾਡਾ) ਦੱਸ ਰਹੀ ਸੀ ਕਿ ਤੁਸੀਂ ਵੀ ਕਿਸੇ ਵਿਵਾਦ ਵਿਚ ਫਸੇ ਸੀ?

**ਜਵਾਬ:** ਹਾਂ, 2004 ਵਿਚ ਅਸੀਂ ਚਾਰ ਲੋਕਾਂ ਨੂੰ ਮੁਕਾਬਲੇ ਵਿਚ ਮਾਰ ਦਿੱਤਾ ਸੀ। ਦੋ ਪਾਕਿਸਤਾਨੀ ਸਨ ਅਤੇ ਦੋ ਮੁੰਬਈ ਤੋਂ ਸਨ। ਉਨ੍ਹਾਂ ਵਿਚ ਇਕ ਕੁੜੀ ਇਸ਼ਰਤ ਸੀ। ਇਹ ਮਾਮਲਾ ਕਾਫ਼ੀ ਚਰਚਿਤ ਹੋਇਆ ਹੈ। ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਮੁਕਾਬਲੇ ਦੀ ਜਾਂਚ ਕੀਤੀ ਜਾਵੇ, ਇਹ ਅਸਲੀ ਸੀ ਜਾਂ ਫਰਜ਼ੀ।



ਨਰੇਂਦਰ ਮੋਦੀ

***ਸਵਾਲ:** ਇਕ ਤਰ੍ਹਾਂ ਦਾ ਅਫ਼ਸਰ-ਨੇਤਾ ਗਰੋਹ ਜਿਹਾ ਕੁਝ (ਹੈ), ਖ਼ਾਸ ਕਰ ਕੇ ਮੁਕਾਬਲਿਆਂ ਦੇ ਮਾਮਲੇ ਵਿਚ ਕੰਮ ਕਰ ਰਿਹਾ ਹੈ। ਮੈਂ ਦੂਸਰੇ ਮੰਤਰੀਆਂ ਨੂੰ ਮਿਲੀ ਸੀ ਤਾਂ ਇਸ ਦਾ ਅੰਦਾਜ਼ਾ ਹੋਇਆ।*

***ਜਵਾਬ:** ਜਿੰਨੇ ਵੀ ਮੰਤਰਾਲੇ ਅਤੇ ਮੰਤਰੀ ਨੇ, ਸਾਰੇ ਰਬੜ ਦੀਆਂ ਮੋਹਰਾਂ ਹਨ। ਸਾਰੇ ਫ਼ੈਸਲੇ ਮੁੱਖ ਮੰਤਰੀ (ਨਰੇਂਦਰ ਮੋਦੀ) ਕਰਦਾ ਹੈ। ਮੰਤਰੀ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਉਸ ਤੋਂ ਪ੍ਰਵਾਨਗੀ ਲੈਂਦੇ ਹਨ।*

***ਸਵਾਲ:** ਫਿਰ ਤਮਾਮ ਮਾਮਲਿਆਂ ਵਿਚ, ਸਮੇਤ ਤੁਹਾਡੇ ਮਾਮਲੇ ਦੇ, ਉਨ੍ਹਾਂ ਨੂੰ ਕੋਈ ਆਂਚ ਕਿਉਂ ਨਹੀਂ ਆਉਂਦੀ? ਇਨ੍ਹਾਂ ਮਾਮਲਿਆਂ ਵਿਚ ਉਹ ਦੋਸ਼ੀ ਕਿਉਂ ਨਹੀਂ ਸਾਬਤ ਹੋਏ?*

***ਜਵਾਬ:** ਕਿਉਂਕਿ ਉਹ (ਮੋਦੀ) ਸਿੱਧੇ ਸਾਹਮਣੇ ਕਦੇ ਵੀ ਨਹੀਂ ਆਉਂਦੇ। ਉਹ ਆਪਣੇ ਨੌਕਰਸ਼ਾਹਾਂ ਨੂੰ ਨਿਰਦੇਸ਼ ਦਿੰਦੇ ਹਨ।*



ਗਿਰੀਸ਼ ਸਿੰਘਲ

**ਸਵਾਲ:** ਫਰਜ਼ੀ ਸੀ? ਤੁਸੀਂ ਇਸ ਵਿਚ ਕੀ ਕਰ ਰਹੇ ਸੀ?

**ਜਵਾਬ:** ਮੈਂ ਉਸ ਮੁਕਾਬਲੇ (ਐਨਕਾਊਂਟਰ) ਦਾ ਹਿੱਸਾ ਜੁ ਸੀ।

**ਸਵਾਲ:** ਪਰ ਤੁਹਾਨੂੰ ਇਸ ਵਿਚ ਕਿਉਂ ਉਲਝਾਇਆ ਗਿਆ?

**ਜਵਾਬ:** ਦੇਖੋ, ਇਹ ਸਭ ਮਨੁੱਖੀ ਅਧਿਕਾਰ ਕਮਿਸ਼ਨਾਂ ਦਾ ਕੰਮ ਹੈ। ਕੁਝ ਮਾਮਲੇ ਮੁਸ਼ਕਿਲ ਹੁੰਦੇ ਹਨ ਤਾਂ ਉਨ੍ਹਾਂ ਨਾਲ ਵੱਖਰੀ ਤਰ੍ਹਾਂ ਨਜਿੱਠਣਾ ਪੈਂਦਾ ਹੈ। ਹੁਣ ਅਮਰੀਕਾ ਨੂੰ ਦੇਖੋ, ਉਸ ਨੇ 9/11 ਤੋਂ ਬਾਅਦ ਕੀ ਕੀਤਾ। ਉਥੇ ਇਕ ਜਗ੍ਹਾ ਸੀ, ਗੁਆਂਟਾਨਾਮੋ। ਉਥੇ ਲੋਕਾਂ ਨੂੰ ਹਿਰਾਸਤ ਵਿਚ ਰੱਖਿਆ ਜਾਂਦਾ ਸੀ ਅਤੇ ਤਸੀਹੇ ਦਿੱਤੇ ਜਾਂਦੇ ਸਨ। ਮਗਰ ਠੀਕ ਹੈ ਨਾ। ਹਰ ਕਿਸੇ ਨੂੰ ਤਾਂ ਤਸੀਹੇ ਦਿੱਤੇ ਨਹੀਂ ਜਾਂਦੇ। ਦਸ ਫੀਸਦੀ ਲੋਕ ਐਸੇ ਹੁੰਦੇ ਨੇ ਜਿਨ੍ਹਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ, ਭਾਵੇਂ ਉਨ੍ਹਾਂ ਨੇ ਕੁਝ ਨਾ ਕੀਤਾ ਹੋਵੇ। ਇਨ੍ਹਾਂ ਵਿਚੋਂ ਇਕ ਫੀਸਦੀ ਤਾਂ ਗ਼ਲਤ ਹੋਣਗੇ ਹੀ। ਇਹ ਸਭ ਕੁਝ ਰਾਸ਼ਟਰ, ਮੁਲਕ ਨੂੰ ਬਚਾਉਣ ਲਈ ਕਰਨਾ ਹੀ ਪੈਂਦਾ ਹੈ।

**ਸਵਾਲ:** ਇਹ ਲੋਕ ਕੌਣ ਸਨ? ਲਸ਼ਕਰ ਦੇ ਦਹਿਸ਼ਤਗਰਦ?

**ਜਵਾਬ:** ਹਾਂ।

**ਸਵਾਲ:** ਕੁੜੀ, ਇਸ਼ਰਤ ਵੀ?

**ਜਵਾਬ:** ਦੇਖੋ, ਉਹ ਨਹੀਂ ਸੀ, ਪਰ ਉਸੇ ਵਾਰਦਾਤ ਵਿਚ ਉਹ ਵੀ ਮਾਰੀ ਗਈ। ਮੇਰਾ ਮਤਲਬ ਹੈ, ਉਹ ਹੋ ਵੀ ਸਕਦੀ ਹੈ ਅਤੇ ਨਹੀਂ ਵੀ। ਹੋ ਸਕਦਾ ਹੈ ਉਸ ਦਾ ਕਵਰ ਦੇ ਤੌਰ 'ਤੇ ਇਸਤੇਮਾਲ ਕੀਤਾ ਜਾਂਦਾ ਰਿਹਾ ਹੋਵੇ।

**ਸਵਾਲ:** ਮਤਲਬ ਤੁਸੀਂ ਸਾਰੇ ਭਾਵ ਵਨਜਾਰਾ, ਪਾਂਡਿਅਨ, ਅਮੀਨ, ਪਰਮਾਰ ਅਤੇ ਕਈ ਹੋਰ ਹੇਠਲੀਆਂ ਜਾਤਾਂ ਤੋਂ ਹੋ। ਤੁਸੀਂ ਜੋ ਕੁਝ ਕੀਤਾ, ਸੱਤਾ ਦੇ ਕਹਿਣ 'ਤੇ ਕੀਤਾ, ਤੁਹਾਨੂੰ ਇਸਤੇਮਾਲ ਕਰ ਕੇ ਵਗਾਹ ਮਾਰਿਆ ਗਿਆ ਹੈ?

**ਜਵਾਬ:** ਹਾਂ, ਸਾਡੇ ਸਾਰਿਆਂ ਨਾਲ ਇੰਵ ਹੀ ਹੋਇਆ ਹੈ, ਪਰ ਸਰਕਾਰ ਇੰਵ ਨਹੀਂ ਸੋਚਦੀ। ਉਸ ਨੂੰ ਲਗਦਾ ਹੈ ਕਿ ਸਾਡਾ ਕੰਮ ਉਸ ਦੀ ਗੱਲ ਮੰਨਣਾ ਹੈ ਅਤੇ ਉਸ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੈ। ਹਰ ਸਰਕਾਰੀ ਨੌਕਰ ਜੋ ਕੁਝ ਵੀ ਕਰਦਾ ਹੈ, ਉਹ ਸਰਕਾਰ ਲਈ ਹੀ ਕਰਦਾ ਹੈ। ਇਸ ਦੇ ਬਾਵਜੂਦ ਸਮਾਜ ਅਤੇ ਸਰਕਾਰ ਤੁਹਾਨੂੰ ਆਪਣਾ ਨਹੀਂ ਮੰਨਦੇ। ਵਨਜਾਰਾ ਨੇ ਜੋ ਕੁਝ ਵੀ ਕੀਤਾ, (ਪਰ) ਉਸ ਦੇ ਨਾਲ ਕੋਈ ਵੀ ਖੜ੍ਹਾ ਨਹੀਂ ਹੋਇਆ।

**ਸਵਾਲ:** ਪਰ ਸਰ, ਤੁਸੀਂ ਲੋਕਾਂ ਨੇ ਜੋ ਕੁਝ ਵੀ ਕੀਤਾ, ਉਹ ਤਾਂ ਸਰਕਾਰ ਦੇ ਕਹਿਣ 'ਤੇ ਹੀ ਕੀਤਾ ਸੀ, ਸਿਆਸੀ ਤਾਕਤਾਂ ਦੇ ਕਹਿਣ 'ਤੇ ਹੀ ਕੀਤਾ ਸੀ, ਫਿਰ ਉਹ ਲੋਕ ਕਿਉਂ ਨਹੀਂ...?

**ਜਵਾਬ:** ਸਿਸਟਮ ਕੇ ਸਾਥ ਰਹਨਾ ਹੈ ਤੋ ਲੋਗੋਂ ਕੋ ਕੰਪਰੋਮਾਈਜ਼ ਕਰਨਾ ਪੜ੍ਹਤਾ ਹੈ।

**ਸਵਾਲ:**ਮਤਲਬ, ਪ੍ਰਿਯਾਦਰਸ਼ੀ ਸਰਕਾਰ ਦੇ ਨੇੜੇ ਨਹੀਂ ਸਨ?

**ਜਵਾਬ:** ਉਹ ਸਰਕਾਰ ਦੇ ਨੇੜੇ ਤਾਂ ਸਨ, ਪਰ ਜਦ ਕਦੇ ਉਨ੍ਹਾਂ ਨੂੰ ਕੁਝ ਗ਼ਲਤ ਕਰਨ ਲਈ ਕਿਹਾ ਜਾਂਦਾ, ਉਹ ਨਾਂਹ ਕਰ ਦਿੰਦੇ ਸਨ।

**ਸਵਾਲ:** ਹਾਂ, ਉਨ੍ਹਾਂ ਨੇ ਮੈਨੂੰ ਦੱਸਿਆ ਸੀ ਕਿ ਉਨ੍ਹਾਂ ਨੂੰ ਕੋਈ ਮੁਕਾਬਲਾ ਬਣਾਉਣ ਲਈ ਕਿਹਾ ਗਿਆ ਸੀ, ਪਾਂਡਿਅਨ ਨਾਲ। ਉਨ੍ਹਾਂ ਨਾਂਹ ਕਰ ਦਿੱਤੀ ਸੀ।

**ਜਵਾਬ:** ਪਤਾ ਨਹੀਂ, ਮੈਂ ਪਾਂਡਿਅਨ ਦੇ ਪਿਛੋਕੜ ਤੋਂ ਜ਼ਿਆਦਾ ਵਾਕਿਫ਼ ਨਹੀਂ ਹਾਂ। ਹੁਣ ਉਹ ਜੇਲ੍ਹ ਵਿਚ ਹੈ।

**ਸਵਾਲ:** ਉਹ ਗ੍ਰਹਿ ਮੰਤਰੀ ਦੇ ਏਨਾ ਨੇੜੇ ਕਿਵੇਂ ਹੋ ਗਏ?

**ਜਵਾਬ:** ਏ.ਟੀ.ਐਸ. ਵਿਚ ਆਉਣ ਤੋਂ ਪਹਿਲਾਂ ਉਹ ਖ਼ੁਫ਼ੀਆ ਵਿਭਾਗ ਵਿਚ ਸਨ।

**ਸਵਾਲ:** ਓਹ... ਇਸ ਦਾ ਮਤਲਬ ਮੁੱਖ ਮੰਤਰੀ ਅਤੇ ਗ੍ਰਹਿ ਮੰਤਰੀ, ਦੋਵੇਂ ਆਪਣਾ ਮਤਲਬ ਕੱਢ ਰਹੇ ਹਨ। ਹੁਣ ਤੁਹਾਨੂੰ ਕੋਈ ਰਾਹਤ ਮਿਲੀ?

**ਜਵਾਬ:** ਕੁਝ ਚੀਜ਼ਾਂ ਸਾਡੇ ਹੱਥ ਵੱਸ ਨਹੀਂ ਹਨ। ਅਸੀਂ ਜੋ ਕੀਤਾ, ਸਿਸਟਮ ਲਈ ਕੀਤਾ।

**ਸਵਾਲ:** ਤੁਸੀਂ ਅਜੇ ਵੀ ਰਡਾਰ ਹੇਠ ਹੋ ਜਾਂ ਤੁਹਾਡਾ ਕੇਸ ਖ਼ਤਮ ਹੋ ਗਿਆ?

**ਜਵਾਬ:** ਕੇਸ ਚੱਲ ਰਿਹਾ ਹੈ। ਤਕਰੀਬਨ ਨੇੜੇ ਹੋ ਗਿਆ।

**ਸਵਾਲ:** ਅੱਛਾ, ਸਟੇਟ ਤੁਹਾਡੀ ਮਦਦ ਕਰ ਰਿਹਾ ਹੈ ਜਾਂ ਨਹੀਂ?

**ਜਵਾਬ:** ਦੇਖੋ, ਚਾਹੇ ਕਾਂਗਰਸ ਹੈ ਜਾਂ ਭਾਜਪਾ, ਸਿਆਸੀ ਪਾਰਟੀਆਂ ਤਾਂ ਸਿਆਸੀ ਪਾਰਟੀਆਂ ਹਨ। ਪਹਿਲਾਂ ਉਹ ਆਪਣਾ ਲਾਹਾ ਦੇਖਦੀਆਂ ਹਨ, ਕਿਨ੍ਹਾਂ ਹਾਲਾਤ ਵਿਚ ਫਾਇਦਾ ਹੋ ਸਕਦਾ ਹੈ। ਸਾਡੇ ਮਾਮਲੇ ਵਿਚ ਉਹ ਮਦਦ ਕਰ ਰਹੇ ਹਨ, ਪਰ ਇਹ ਵੀ ਦੇਖ ਰਹੇ ਹਨ ਕਿ ਉਨ੍ਹਾਂ ਨੂੰ ਲਾਹਾ ਮਿਲਦਾ ਹੈ ਜਾਂ ਨਹੀਂ; ਜੇ ਇਹ ਠੁੱਸ ਹੋ ਜਾਂਦਾ ਹੈ ਤਾਂ ਉਨ੍ਹਾਂ ਨੂੰ ਇਸ ਵਿਚੋਂ ਕੀ ਮਿਲੇਗਾ।

ਜ਼ਰਾ ਉਨ੍ਹਾਂ ਲੋਕਾਂ ਨੂੰ ਦੇਖੋ ਜੋ ਸਾਡੇ ਵਾਲੇ ਮੁਕਾਬਲੇ ਦੀ ਜਾਂਚ ਕਰ ਰਹੇ ਹਨ। ਕਰਨੈਲ ਸਿੰਘ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦਾ ਜਾਇੰਟ ਕਮਿਸ਼ਨਰ ਸੀ, ਉਸ ਦਾ ਮਿਜ਼ੋਰਮ ਦਾ ਤਬਾਦਲਾ ਕਰ ਦਿੱਤਾ ਗਿਆ। ਉਸ ਦੇ ਕਾਰਜਕਾਲ ਦੌਰਾਨ 44 ਮੁਕਾਬਲੇ ਹੋਏ। ਤੇ ਹੁਣ ਉਹ ਸਾਡੀ ਜਾਂਚ ਲਈ ਬਣਾਈ 'ਸਿੱਟ' ਦਾ ਚੇਅਰਮੈਨ ਹੈ। ਇਕ ਹੋਰ ਅਫ਼ਸਰ ਹੈ ਸਤੀਸ਼ ਵਰਮਾ ਜੋ ਮਨੁੱਖੀ ਹੱਕਾਂ ਦਾ ਹਾਮੀ ਹੋਣ ਦੇ ਦਮਗਜੇ ਮਾਰਦਾ ਹੈ, ਪਰ ਉਸ ਨੇ ਵੀ ਦਸ ਮੁਕਾਬਲੇ ਬਣਾਏ। ਉਹ ਦਿਖਾਵਾ ਇਹ ਕਰਦਾ ਹੈ ਕਿ ਉਹ ਤਾਂ ਸਾਫ਼-ਸੁਥਰਾ ਹੈ।

**ਸਵਾਲ:** ਇਸ ਦਾ ਤਰਕਪੂਰਨ ਅੰਤ ਕੀ ਹੋਵੇਗਾ?

**ਜਵਾਬ:** ਇਸ ਵਿਚੋਂ ਕੁਝ ਨਹੀਂ ਨਿਕਲਣਾ।

**ਸਵਾਲ:** ਪਰ ਤੁਸੀਂ ਅਤੇ ਬਹੁਤ ਸਾਰੇ ਹੋਰ ਅਫ਼ਸਰ ਸੋਹਰਾਬੂਦੀਨ ਵਾਲੇ ਮਾਮਲੇ ਵਿਚ ਵੀ ਸ਼ਾਮਲ ਸੀ?

**ਜਵਾਬ:** ਹਾਂ।

**ਸਵਾਲ:** ਮੈਂ ਗੀਤਾ ਜੌਹਰੀ ਨੂੰ ਮਿਲੀ ਸੀ।

ਜਵਾਬ: ਓਹ, ਹਾਂ। ਉਸ ਨੇ ਬਹੁਤ ਵਧੀਆ ਜਾਂਚ ਕੀਤੀ ਅਤੇ ਬਾਅਦ ਵਿਚ ਰਜਨੀਸ਼ ਰਾਏ ਨੇ ਵੀ। ਉਨ੍ਹਾਂ ਨੇ ਵਧੀਆ ਕੰਮ ਕੀਤਾ। ਉਨ੍ਹਾਂ ਨੇ ਆਪ 13 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ।

**ਸਵਾਲ:** ਪਰ ਇਹ ਅਮਿਤ ਸ਼ਾਹ ਦਾ ਮਾਮਲਾ ਕੀ ਹੈ... ਮੈਂ ਤੁਹਾਡੇ ਅਫ਼ਸਰਾਂ ਬਾਰੇ ਵੀ ਸੁਣ ਰਹੀ ਹਾਂ। ਮੇਰਾ ਮਤਲਬ, ਇਕ ਤਰ੍ਹਾਂ ਦਾ ਅਫ਼ਸਰ-ਨੇਤਾ ਗਰੋਹ ਜਿਹਾ ਕੁਝ, ਖ਼ਾਸ ਕਰ ਕੇ ਮੁਕਾਬਲਿਆਂ ਦੇ ਮਾਮਲੇ ਵਿਚ ਕੰਮ ਕਰ ਰਿਹਾ ਹੈ। ਮੈਂ ਦੂਸਰੇ ਮੰਤਰੀਆਂ ਨੂੰ ਮਿਲੀ ਸੀ ਤਾਂ ਮੈਨੂੰ

*(ਬਾਕੀ ਅਗਲੇ ਸਫੇ 'ਤੇ)*




# ਅੰਦਰ ਖਾਨੇ

ਸਤਵੰਤ ਮੂੰਹ ਉਤਾਣੇ ਪਈ ਸੀ। ਗਰਮੀਆਂ ਦੀਆਂ ਛੁੱਟੀਆਂ ਹੁੰਦਿਆਂ ਹੀ ਉਹ ਆਪਣੇ ਚੌਹਾਂ ਬੱਚਿਆਂ ਨੂੰ ਨਾਲ ਲੈ ਕੇ ਭਰਾ ਦੇ ਘਰ ਆ ਗਈ ਸੀ। ਹੁਣ ਤਾਂ ਸਕੂਲ ਖੁੱਲ੍ਹਣ ਵਿਚ ਦੋ ਕੁ ਹਫਤੇ ਰਹਿ ਗਏ ਸਨ। ਕਰਮ ਸਿੰਘ ਮਗਰੋਂ ਰੋਟੀ ਵੇਲੇ ਤੰਗ ਤਾਂ ਜ਼ਰੂਰ ਹੁੰਦਾ ਰਿਹਾ ਹੋਵੇਗਾ। ਫਿਰ ਕੀ ਗੱਲ ਸੀ ਕਿ ਕਰਮ ਸਿੰਘ ਨੇ ਉਸ ਨੂੰ ਵਾਪਸ ਆਉਣ ਲਈ ਨਹੀਂ ਸੀ ਲਿਖਿਆ। ਰਾਤ ਦੇ ਹਨੇਰੇ ਵਿਚ ਸਤਵੰਤ ਦਾ ਕਈਂ ਪਾਸੀਂ ਧਿਆਨ ਗਿਆ। ਉਨ੍ਹਾਂ ਦੇ ਨਾਲ ਵਾਲੇ ਕੁਆਰਟਰ ਵਿਚ ਹੁਣੇ ਜਹੇ ਹੀ ਇਕ ਨਵਾਂ ਵਿਆਹਿਆ ਸ਼ੌਕੀਨ ਜਿਹਾ ਜੋੜਾ ਆਇਆ ਸੀ। ਹਾਲੇ ਉਹ ਟਿਕਟ ਬਾਬੂ ਪੱਕਾ ਵੀ ਨਹੀਂ ਸੀ ਹੋਇਆ ਕਿ ਉਸ ਨੂੰ ਤਰੱਕੀ ਤੇ ਕੁਆਰਟਰ ਵੀ ਮਿਲ ਗਏ ਸਨ। ਵਹੁਟੀ ਬਾਬੂ ਤੋਂ ਵਧ ਕੇ ਸ਼ੌਕੀਨ ਸੀ ਅਤੇ ਚਲਾਕੋ ਵੀ। ਗੁਆਂਢ

**ਕਿਰਪਾਲ ਸਿੰਘ ਆਜ਼ਾਦ**

ਵਿਚ ਕਿਸੇ ਬਾਬੂਆਣੀ ਨੇ ਮੱਥਾ ਚਾੜ੍ਹ ਕੇ, ਅੱਖਾਂ ਚਮਕਾ ਕੇ ਕਿਹਾ ਸੀ, "ਟਿਕਟ ਬਾਬੂ ਤਾਂ ਵਿਚਾਰਾ ਬਸ ਸੂਕਾ ਬਾਂਕਾ ਹੀ ਏ, ਤਰੱਕੀ ਦੇ ਰਾਹ ਤਾਂ ਬਾਬੂਆਣੀ ਜਾਣਦੀ ਏ।"

ਸਤਵੰਤ ਨੂੰ ਯਾਦ ਆਇਆ ਕਿ ਬਾਬੂਆਣੀ ਇਨ੍ਹਾਂ ਦਿਨਾਂ ਵਿਚ ਗੱਲੀਂ-ਬਾਤੀਂ ਕਰਮ ਸਿੰਘ ਦੇ ਬਹੁਤ ਅਗੇਚ ਪੈ ਰਹੀ ਸੀ। ਅੱਖੋਂ ਓਹਲੇ, ਦਿਲੋਂ ਓਹਲੇ। ਪਤਾ ਨਹੀਂ ਇਸੇ ਲਈ ਹੀ ਕਰਮ ਸਿੰਘ ਨੇ ਚਿੱਠੀ ਨਹੀਂ ਸੀ...ਤੇ ਫਿਰ ਕਈ ਵਾਰੀ ਸਤਵੰਤ ਦਾ ਧਿਆਨ ਬਾਬੂਆਣੀ ਵਲ ਗਿਆ ਸੀ। ਉਂਜ ਵੀ ਸਤਵੰਤ ਭਰਾ-ਭਰਜਾਈ ਉਤੇ ਭਾਰ ਪਾਉਣ ਲਈ ਉਨ੍ਹਾਂ ਕੋਲ ਨਹੀਂ ਸੀ ਆਈ। ਪਹਿਲੀ ਵਾਰ ਦੂਜੇ ਮੁੰਡੇ ਦਾ ਵਿਅੰਮ ਕੱਟਣ ਉਹ ਪੇਕੇ ਆਈ ਸੀ। ਉਦੋਂ ਉਸ ਦੀ ਮਾਂ ਜਿਉਂਦੀ ਸੀ। ਫੇਰ ਮਾਂ ਵੀ ਤੁਰਦੀ ਹੋਈ। ਮਗਰੋਂ ਤੀਜੀ ਥਾਂ ਕੁੜੀ ਹੋਈ। ਤੇ ਫੇਰ ਚੌਥਾ ਕੁੱਛੜ ਵਾਲਾ ਕਾਕਾ। ਇਸ ਵਾਰ ਉਹ ਦੋ-ਢਾਈ ਵਰ੍ਹੀਂ ਭਰਾ ਕੋਲ ਆਈ ਸੀ ਜੋ ਕਿਸੇ ਸਰਕਾਰੀ ਮਹਿਕਮੇ ਵਿਚ ਬਾਬੂ ਸੀ।

ਇਨ੍ਹਾਂ ਚੌਂਹ ਵਰ੍ਹਿਆਂ ਵਿਚ ਕਈ ਵਾਰੀ ਚਿੱਠੀਆਂ ਆਈਆਂ ਸਨ। ਪਹਿਲਾਂ ਭਣੇਵਿਆਂ ਨੂੰ ਦੇਖਣ ਲਈ ਭਰਾ ਭਰਜਾਈ ਦਾ ਮਨ ਲੋਚਦਾ ਰਿਹਾ ਸੀ। ਫੇਰ ਉਨ੍ਹਾਂ ਨੂੰ ਛੋਟੀ ਜਿਹੀ ਗੁੱਡੀ ਦਾ ਚਾਅ ਚੜ੍ਹਿਆ ਰਿਹਾ ਸੀ ਪਰ ਸਤਵੰਤ ਕੋਲੋਂ ਹੀ ਨਿਕਲਿਆ ਨਾ ਗਿਆ। ਜਦ ਕੁੱਛੜ ਵਾਲਾ ਪੱਪੂ ਵੀ ਹੋ ਪਿਆ ਤਾਂ ਚਿੱਠੀ ਵਿਚ ਉਸ ਦੇ ਹੁਲੀਏ ਬਾਰੇ ਪੁੱਛਿਆ ਹੁੰਦਾ। ਇਹ ਜਾਣ ਕੇ ਕਿ ਪੱਪੂ ਦਾ ਨੱਕ ਅਤੇ ਮੂੰਹ ਮੱਥਾ ਆਪਣੇ ਮਾਮੇ ਉਤੇ ਗਿਆ ਹੈ, ਭਰਾ ਵਲੋਂ ਭਰਜਾਈ ਨੇ ਬੜੀ ਖੁਸ਼ੀ ਪ੍ਰਗਟਾਈ। ਪੱਪੂ ਦੇ ਖੇਡਣ, ਰਿੜ੍ਹਨ ਬਾਰੇ ਕਲਪਨਾ ਕੀਤੀ ਅਤੇ ਆਉਂਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਆਉਣ ਦੀ ਤਾਕੀਦ ਕੀਤੀ ਸੀ।

ਸਤਵੰਤ ਦਾ ਆਪਣਾ ਦਿਲ ਵੀ ਭਤੀਜੇ-ਭਤੀਜੀਆਂ ਨੂੰ ਮਿਲਣ ਲਈ ਤੜਫਦਾ ਸੀ। ਰੱਖੜੀ ਵੀ ਇਨ੍ਹਾਂ ਛੁੱਟੀਆਂ ਵਿਚ ਹੀ ਪੈਂਦੀ ਸੀ। ਕੁੜੀ ਤੇ ਪੱਪੂ ਨੇ ਵੀ ਪਹਿਲੀ ਵਾਰੀ ਨਾਨਕੇ ਜਾਣਾ ਸੀ। ਇਸ ਲਈ ਬੱਚਿਆਂ ਦੇ ਕੱਪੜੇ ਅਤੇ ਹੱਥੋਂ ਵੀ ਕੁਝ ਮਿਲਣ ਦੀ ਆਸ ਸੀ ਪਰ ਭਰਾ ਦੇ ਪਹੁੰਚਣਾ ਕਿਹੜਾ ਸੌਖਾ ਸੀ। ਦਫਤਰੋਂ ਰੇਲਵੇ ਦਾ ਪਾਸ ਜਾਂ ਪੀ ਟੀ ਓ ਮਿਲ ਸਕਦੇ ਸਨ। ਕਰਮ ਸਿੰਘ ਵੀ ਕਈ ਵਰ੍ਹਿਆਂ ਤੋਂ ਨੌਕਰੀ ਕਰਦਾ, ਇਕੋ ਥਾਂ, ਇਕੋ ਡਿਊਟੀ ਉਪਰ ਹੁੱਸੜ ਗਿਆ ਸੀ। ਪਰ ਜਲੰਧਰੋਂ ਗੋਰਖਪੁਰ ਆਉਣ ਜਾਣ ਉਪਰ ਤੀਜਾ ਹਿੱਸਾ ਕਿਰਾਇਆ ਹੀ ਮਾਣ ਨਹੀਂ ਸੀ।

ਅਖੀਰ ਸਤਵੰਤ ਨੇ ਕਿਹਾ ਸੀ, "ਚਲੋ ਜਾਣ ਆਉਣ ਦਾ ਤਾਂ ਕੋਈ ਨਹੀਂ, ਆਦਮੀ ਪਾਸ ਉਪਰ ਹੀ ਚਲਿਆ ਜਾਏ ਪਰ ਭਰਾ-ਭਤੀਜਿਆਂ ਦੇ ਬੰਦਾ ਪਹਿਲੀ ਵਾਰੀ ਜਾਏ ਤਾਂ ਕੀ ਕੁਝ ਨਾ ਖੜੇ? ਹੱਥ ਲਮਕਾਉਂਦਾ ਕਿਵੇਂ ਕਿਸੇ ਦੇ ਘਰੇ ਚਲਾ ਜਾਵੇ?"

ਪਰ ਤਨਖਾਹ ਤਾਂ ਮੁਸ਼ਕਲ ਨਾਲ ਆਟਾ ਫੱਕਣ ਜੋਗੀ ਹੀ ਆਉਂਦੀ ਸੀ। ਜੇ ਕਿਸੇ ਮਹੀਨੇ ਕੋਈ ਬੱਚਾ ਬਿਮਾਰ ਹੋ ਜਾਂਦਾ ਤਾਂ ਅਗਲੇ ਮਹੀਨੇ ਸੌ ਕਿਰਸਾਂ ਕਰਨੀਆਂ ਪੈਂਦੀਆਂ। ਜੇ ਕਦੇ ਕੋਈ ਭੁੱਲਾ ਚੁੱਕਾ ਪ੍ਰਾਹੁਣਾ ਆ ਪੈਂਦਾ ਤਾਂ ਕਰਮ ਸਿੰਘ ਦੇ ਅੜਾਟ ਨਿਕਲ ਜਾਂਦੇ। ਫੇਰ ਬੱਚਿਆਂ ਨੂੰ ਕੀ ਨਹੀਂ ਚਾਹੀਦਾ, ਜਿਨ੍ਹਾਂ ਖਾਣਾ ਹੰਢਾਉਣਾ ਥੋੜ੍ਹਾ ਤੇ ਵੰਝਾਉਣਾ ਬਹੁਤਾ। ਉਨ੍ਹਾਂ ਕਈ ਵਾਰੀ ਸੋਚਿਆ ਸੀ ਕਿ ਕਿਸੇ ਤਰ੍ਹਾਂ 25-30 ਰੁਪਏ ਮਹੀਨੇ ਦਾ ਆਸਰਾ ਹੋ ਜਾਵੇ।

"ਪਰ ਘਰ ਕੋਈ ਕੰਮ ਕਰਨ ਲਈ ਵੀ ਛੋਟੀ ਮੋਟੀ ਰਕਮ ਦੀ ਲੋੜ ਹੈ," ਸਤਵੰਤ ਨੇ ਆਪਣੇ ਅੰਦਰ ਝਾਤੀ ਮਾਰ ਕੇ ਕਿਹਾ।

ਉਨ੍ਹਾਂ ਦਿਨਾਂ ਵਿਚ ਹੀ ਭਰਾ-ਭਰਜਾਈ ਦੀ ਤਕਾਜ਼ੇ ਤੇ ਤਾਕੀਦ ਦੀ ਚਿੱਠੀ ਆਈ ਸੀ ਕਿ ਹੋਣ ਵਾਲੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਲ ਲੈ ਕੇ ਕੁਝ ਦਿਨਾਂ ਲਈ ਜ਼ਰੂਰ ਆ ਜਾਓ। ਪਹਿਲਾਂ ਤਾਂ ਕਰਮ ਸਿੰਘ ਵੀ ਜਾਣ-ਜਾਣ ਕਰਦਾ ਰਿਹਾ ਪਰ ਫੇਰ ਪਤਾ ਨਹੀਂ ਕੀ ਸੋਚ ਕੇ, ਤੁਰਨ ਤੋਂ ਦੋ ਦਿਨ ਪਹਿਲਾਂ ਉਸ ਸਲਾਹ ਬਦਲ ਲਈ। ਉਸ ਨੇ ਇਕਰਾਰ ਕੀਤਾ ਸੀ ਕਿ ਸਤਵੰਤ ਨੂੰ ਲੈਣ ਗਿਆ ਉਹ ਹਫਤਾ ਕੁ ਲਾ ਆਵੇਗਾ।

ਕਿਤੇ ਸ਼ੌਕੀਨ ਬਾਬੂਆਣੀ ਕਰਕੇ ਤਾਂ ਨਹੀਂ, ਸਤਵੰਤ ਨੇ ਸੋਚਿਆ।

---

ਇਥੇ ਭਰਜਾਈ ਸਤਵੰਤ ਨੂੰ ਕੰਮ ਨਹੀਂ ਸੀ ਕਰਨ ਦਿੰਦੀ ਪਰ ਸਤਵੰਤ ਕਿਸੇ ਨਾ ਕਿਸੇ ਕੰਮ ਨੂੰ ਹੱਥ ਪੁਆ ਹੀ ਦਿੰਦੀ। ਇਕ ਦੁਪਹਿਰੀਂ ਜਦੋਂ ਭਰਜਾਈ ਚੁਲ੍ਹੇ ਉਤੇ ਪਤੀਲਾ ਰੱਖ ਕੇ ਬਾਹਰ ਕਿਸੇ ਹੋਰ ਕੰਮ ਵਿਚ ਹੱਥ ਫਸਾ ਬੈਠੀ ਤਾਂ ਸਤਵੰਤ ਨੇ ਪਤੀਲੀ ਸੜਨ ਦੇ ਡਰੋਂ ਘਿਉ ਦੀ ਕੜਛੀ ਭਰ ਕੇ ਪਤੀਲੀ ਵਿਚ ਪਾ ਦਿਤੀ। ਉਹ ਨੇੜੇ ਪਈ ਕੂੰਡੀ ਵਿਚੋਂ ਰਗੜਿਆ ਹੋਇਆ ਮਸਾਲਾ ਪਲਟਣ ਹੀ ਲੱਗੀ ਸੀ ਕਿ ਭਰਜਾਈ ਰਸੋਈ ਵਿਚ ਆ ਵੜੀ। "ਨਾ ਬੀਬਾ, ਇਹ ਕੋਈ ਰਾਹ ਪਿਆ ਏ! ਕਦੇ ਕਦਾਈਂ ਧੀ-ਧਿਆਣੀ ਬੂਹੇ ਆਈ ਏਂ। ਆਪਣੇ ਘਰ ਜਾ ਕੇ ਜਿੰਨੇ ਮਰਜ਼ੀ ਕੰਮ ਕਰੀਂ, ਮੈਂ ਨਹੀਓਂ ਕੰਮ ਨੂੰ ਹੱਥ ਲਾਉਣ ਦੇਣਾ।" ਤੇ ਉਸ ਨੇ ਮਾਣ-ਦਾਈਏ ਨਾਲ ਸਤਵੰਤ ਦਾ ਹੱਥ ਫੜ ਕੇ ਉਠਾ ਦਿਤਾ।

ਸਤਵੰਤ ਹੱਸਦੀ-ਹੱਸਦੀ ਰਸੋਈ ਵਿਚੋਂ ਬਾਹਰ ਆ ਗਈ। ਜਦੋਂ ਉਹ ਵਾਪਸ ਕਮਰੇ ਵਲ ਜਾ ਰਹੀ ਸੀ ਤਾਂ ਉਸ ਨੂੰ ਝਉਲਾ ਜਿਹਾ ਪਿਆ ਜਿਵੇਂ ਭਰਜਾਈ ਨੇ ਅੱਧੀ ਕੁ ਕੜਛੀ ਘਿਉ ਪਤੀਲੀ ਵਿਚੋਂ ਕੱਢ ਕੇ ਮੁੜ ਘਿਉ ਵਾਲੇ ਡੱਬੇ ਵਿਚ ਪਲਟ ਲਿਆ ਹੋਵੇ।

ਅਤੇ ਫੇਰ ਸਤਵੰਤ ਨੂੰ ਅੱਜ ਸਵੇਰ ਦੀ ਗੱਲ ਯਾਦ ਆ ਗਈ। ਵੱਡੇ ਮੁੰਡੇ ਨੇ ਗਰਮੀ ਤੋਂ ਘਬਰਾ ਕੇ ਆਪਣੀ ਮਾਮੀ ਨੂੰ ਕਹਿ ਦਿਤਾ, "ਮੈਨੂੰ ਤਾਂ ਮਾਮੀ ਜੀ ਦੁੱਧ ਦੀ ਲੱਸੀ ਕਰ ਦਿਉ, ਬਰਫ ਪਾ ਕੇ।"

ਸਤਵੰਤ ਨੇ ਕੁਛੜ ਦੇ ਮੁੰਡੇ ਨੂੰ ਅਜੇ ਹੁਣੇ ਹੀ ਗਲਾਸੀ ਦੁੱਧ ਦੀ ਦਿਤੀ ਸੀ। ਦੁਪਹਿਰੀਂ ਵੀ ਉਸ ਪੀਣਾ ਸੀ। ਭਰਜਾਈ ਨੇ ਪਤੀਲੀ ਦਾ ਢੱਕਣ ਖਿਸਕਾ ਕੇ ਪਤੀਲੀ ਵਿਚ ਝਾਤੀ ਮਾਰੀ ਤੇ ਫੇਰ ਝੱਟ ਉਬਲਦੇ ਪਾਣੀ ਵਿਚ ਚਾਹ ਦੀ ਪੱਤੀ ਸੁੱਟ ਦਿਤੀ। ਭੈੜੀ ਜਿਹੀ ਪੈ ਕੇ ਉਸ ਕਿਹਾ, "ਕਾਕਾ ਹੁਣ ਤਾਂ ਤੇਰੇ ਲਈ ਚਾਹ ਬਣ ਗਈ ਏ, ਕੱਲ੍ਹ ਨੂੰ ਲੱਸੀ ਪੀ ਲਵੀਂ।"

ਸਤਵੰਤ ਦਾ ਭਰਾ ਵੀ ਰਸੋਈ ਦੇ ਬੂਹੇ ਵਿਚ ਖੜਾ ਕੋਈ ਗੱਲ ਕਰ ਰਿਹਾ ਸੀ। ਉਸ ਆਪਣੀ ਘਰ ਵਾਲੀ ਅਤੇ ਭੈਣ ਵਲ ਤੱਕਿਆ ਤੇ ਫੇਰ ਮੁੰਡੇ ਨੂੰ ਜਿਵੇਂ ਮਖੌਲ ਵਿਚ ਕਹਿਣ ਲੱਗਾ, "ਸਰਦਾਰ ਜੀ, ਇਹ ਜਲੰਧਰ ਨਹੀਂ, ਗੋਰਖਪੁਰ ਹੈ। ਮੌਸਮ ਇਥੋਂ ਦਾ ਕੱਚਾ-ਪੱਕਾ। ਲੱਸੀ ਤਾਂ ਨੁਕਸਾਨ ਕਰਦੀ ਹੈ।"

'ਕੱਚਾ-ਪੱਕਾ' ਕਹਿੰਦਿਆਂ ਭਰਾ ਨੇ ਮੁੜ੍ਹਕੇ ਨਾਲ ਭਿੱਜ ਕੇ ਪਿੰਡੇ ਨਾਲ ਚਿਪਕੀ ਕਮੀਜ਼ ਦੀਆਂ ਚੂੰਢੀਆਂ ਭਰ ਕੇ ਛਾਤੀ ਕੋਲੋਂ ਵੱਖ ਕੀਤਾ ਕਿ ਕਮੀਜ਼ ਅੰਦਰ ਕੁਝ ਹਵਾ ਆਉਣ ਨਾਲ ਆਰਾਮ ਆਵੇ। ਉਸ ਨੇ ਆਕਾਸ਼ ਵਲ ਤੱਕਿਆ। ਉਪਰ ਕੋਈ ਬਦਲੋਟੀ ਵੀ ਨਾ ਦਿਸੀ।

ਇਸ ਤੋਂ ਮਗਰੋਂ ਸਤਵੰਤ ਘਰ ਵਿਚ ਹੋਰ ਸੰਕੋਚ ਨਾਲ ਖਾਣ-ਪੀਣ ਲਗ ਪਈ ਸੀ ਤੇ ਸਤਵੰਤ ਕਰਮ ਸਿੰਘ ਦੀ ਚਿੱਠੀ ਨਾ ਆਉਣ ਦਾ ਖਿਆਲ ਕਰਕੇ ਕਾਹਲੀ ਜਿਹੀ ਪੈ ਗਈ ਸੀ।

"ਮੈਂ ਕਿਹਾ, ਜਾਗਦੇ ਓ!" ਹਨੇਰੇ ਵਿਚ ਹੀ ਭਰਜਾਈ ਦੀ ਆਵਾਜ਼ ਆਈ।

"ਹੈਂ..." ਉਂਘਲਾਂਦੇ ਭਰਾ ਦੀ ਆਵਾਜ਼ ਆਈ।

"ਮੈਂ ਕਿਹਾ, ਸ਼ੱਤੋ ਦੇ ਤੁਰਨ ਦਾ ਵੀ ਕੋਈ ਫਿਕਰ ਕੀਤਾ ਜੇ?"

ਆਪਣਾ ਨਾਂ ਸੁਣ ਕੇ ਸਤਵੰਤ ਦਾ ਧਿਆਨ ਕਰਮ ਸਿੰਘ ਵਲੋਂ ਹਟ ਕੇ ਭਰਾ-ਭਰਜਾਈ ਦੀਆਂ ਗੱਲਾਂ ਵਲ ਚਲਾ ਗਿਆ।

"ਕੀ ਫਿਕਰ ਕਰਾਂ, ਤੈਥੋਂ ਕੁਝ ਭੁੱਲਾ ਹੋਇਆ। ਮੈਨੂੰ ਤਾਂ ਹਟਵਾਣੀਏਂ ਦੇ ਉਧਾਰ ਦਾ ਫਿਕਰ ਪਿਆ ਹੋਇਐ। ਪਿਛਲੇ ਮਹੀਨੇ ਕਾਕਾ ਬਿਮਾਰ ਹੋਇਆ ਸੀ, ਉਦੋਂ ਦਾ ਚੁੱਕਿਆ ਕਰਜ਼ਾ ਅਜੇ ਤਕ ਨਹੀਂ ਦੇ ਹੋਇਆ।"

"ਚਲੋ ਜੀ ਕਬੀਲਦਾਰੀ ਵਿਚ ਇਹੋ ਜਿਹੀਆਂ ਗਬੇੜਾਂ ਪੈਂਦੀਆਂ ਹੀ ਹੁੰਦੀਆਂ," ਭਰਜਾਈ ਨੇ ਭਰਾ ਨੂੰ ਤਸੱਲੀ ਦਿਤੀ। ਭਰਾ ਚੁੱਪ ਰਿਹਾ। ਭਰਜਾਈ ਨੂੰ ਜਾਪਿਆ ਕਿ ਇਹ ਤਾਂ ਗੱਲ ਹੀ ਖਤਮ ਹੋ ਗਈ ਸੀ। ਕੁਝ ਚਿਰ ਚੁੱਪ ਵਰਤੀ ਰਹੀ ਸੀ। ਫੇਰ ਆਵਾਜ਼ ਆਈ, "ਦੇਖੋ ਕਰਮ ਸਿੰਘ ਨੇ ਵੀ ਸੱਤੋ ਨੂੰ ਭੇਜਣ ਮਗਰੋਂ ਵੱਟੀ ਨਹੀਂ ਵਾਹੀ।"

"ਫੇਰ ਮੈਂ ਕੀ ਕਰਾਂ, ਇਹ ਤਾਂ ਉਹਨੂੰ ਹੀ ਸੋਚਣਾ ਚਾਹੀਦਾ ਸੀ। ਉਹ ਵੀ ਮੇਰੇ ਵਾਲੀ ਪੋਸਟ ਉਤੇ ਹੀ ਹੈ।"

"ਕਾਹਲੇ ਨਾ ਪਵੋ, ਮੈਨੂੰ ਵੀ ਕੋਈ ਦੁਪਰਿਆਰੇ ਨਹੀਂ ਹਨ। ਇਨ੍ਹਾਂ ਮਾਸੂਮਾਂ ਨੇ ਸਾਡਾ ਕੀ ਡਿਠਾ!" ਗੱਚ ਨੂੰ ਖੱਟੇ ਗੜ੍ਹਚ ਵਾਂਗ ਅੰਦਰ ਨਿਗਾਰਦਿਆਂ ਭਰਜਾਈ ਦੀ ਆਵਾਜ਼ ਨੂੰ ਡੋਬ ਪੈ ਗਿਆ। "ਪਰ ਕੋਲ ਹੋਏ ਦੀਆਂ ਗੱਲਾਂ ਨੇ ਨਾ। ਮੈਂ ਤਾਂ ਇਸ ਪਿਛੇ ਪਈ ਕਹਿੰਨੀਆਂ ਕਿ ਸੱਤੋ ਅੱਜ ਕੱਲ੍ਹ ਤੁਰਨ ਵਾਲੀ ਏ। ਕਰਮ ਸਿੰਘ ਤਾਂ ਸ਼ਾਇਦ ਆਵੇ ਨਾ।"

"ਅੰਦਰ ਹੀ ਝਾਤੀ ਮਾਰ ਲੈਂਦੀਓਂ।" ਭਰਾ ਨੇ ਕਿਸੇ ਲਾਚਾਰੀ ਦੇ ਡਰ ਨਾਲ ਟੂੰਬ-ਛੱਲੇ ਵਲ ਧਿਆਨ ਦਿਵਾਇਆ।

"ਤੁਹਾਥੋਂ ਕੁਝ ਭੁੱਲਾ ਤਾਂ ਨਹੀਂ ਹੋਇਆ," ਭਰਜਾਈ ਦੀ ਗੱਲ ਵਿਚ ਸੰਖੇਪਤਾ ਤੇ ਹਿਰਖ ਸੀ।

ਕੁਝ ਦੇਰ ਫੇਰ ਚੁੱਪ ਰਹੀ।

"ਮਖੇ ਸੂਦ ਬਾਊ ਦੀ ਵਹੁਟੀ ਸਾਡੀ ਮਸ਼ੀਨ ਉਪਰ ਕੁਝ ਸਿਉਂ ਕੇ ਲੈ ਗਈ ਸੀ? ਬੜੀਆਂ ਸਿਫਤਾਂ ਕਰਦਾ ਸੀ ਅੱਜ ਮਸ਼ੀਨ ਦੀਆਂ," ਭਰਾ ਨੇ ਕਿਹਾ। ਸਤਵੰਤ ਸੋਚਣ ਲੱਗ ਪਈ, ਇਹ ਕਿਹੜੀ ਇਸ ਮੌਕੇ ਦੀ ਗੱਲ ਹੈ?

"ਹੱਛਾ! ਤੁਹਾਡੀ ਨਿਗ੍ਹਾ ਹੁਣ ਮਸ਼ੀਨ 'ਤੇ ਪਈ ਹੈ। ਮੈਂ ਨਹੀਂ ਵੇਚਣੀ ਇਹ। ਮੇਰੇ ਬਾਪੂ ਦੀ ਨਿਸ਼ਾਨੀ ਹੈ। ਲਾਮ ਵਿਚੋਂ ਆਉਂਦਿਆਂ ਕਿਥੋਂ ਬਸਰਿਉਂ ਚੁੱਕੀ ਆਇਆ। ਪੱਫ ਮਸ਼ੀਨ ਹੁਣ ਮਿਲਦੀ ਕਿਥੋਂ ਐ! ਸਵਾਈ ਬਚਦੀ ਹੈ, ਆਂਢ-ਗੁਆਂਢੋਂ ਵੀ ਦਸਾਂ-ਪੰਦਰਾਂ ਦਾ ਮਹੀਨੇ ਦਾ ਕੰਮ ਆ ਹੀ ਜਾਂਦੈ।"

"ਤੇਰੀ ਸੰਭਾਲ ਚੰਗੀ ਏ। ਹੈ ਤਾਂ ਪੰਦਰਾਂ ਵਰ੍ਹੇ ਪੁਰਾਣੀ ਨਾ। ਹੁਣ ਤਾਂ ਦੇਸੀ ਮਸ਼ੀਨਾਂ ਵਲੈਤੀ ਨੂੰ ਪਰ੍ਹੇ ਸੁੱਟਦੀਆਂ ਨੇ। ਹੋਰ ਦੋ ਮਹੀਨਿਆਂ ਨੂੰ ਪਿਛਲੇ ਕਰਜ਼ੇ ਦੀ ਕਿਸ਼ਤ ਮੁੱਕ ਜਾਣੀ ਏ। ਤੀਜੇ ਮਹੀਨੇ ਤੈਨੂੰ ਨਵੀਂ ਊਸ਼ਾ ਮਸ਼ੀਨ ਲਿਆ ਦਊਂ। ਬਸ ਹੁਣ ਸੌਂ ਜਾਹ, ਰਾਤ ਬੜੀ ਹੋ ਗਈ ਏ।"

ਭਰਾ ਨੇ ਗੱਲ ਮੁਕਾ ਕੇ ਪਾਸਾ ਪਰਤ ਲਿਆ। ਭਰਜਾਈ ਨੇ ਇਕ ਲੰਮਾ ਹੌਕਾ ਲਿਆ ਤੇ ਸ਼ਾਇਦ ਤਾਰਿਆਂ ਵਲ ਤੱਕਣ ਲਗ ਪਈ।

ਸਵੇਰੇ ਸਤਵੰਤ ਅਜੇ ਪਖਾਨੇ ਵਿਚ ਹੀ ਸੀ ਕਿ ਕੁਆਟਰ ਦੇ ਪਿਛਲੇ ਬੂਹਿਓਂ ਉਸ ਦਾ ਭਰਾ ਕਿਸੇ ਨੂੰ ਨਾਲ ਲੈ ਕੇ ਗੱਲਾਂ ਕਰਦਾ ਅੰਦਰ ਲੰਘਿਆ। ਕੁਝ ਮਿੰਟਾਂ ਮਗਰੋਂ ਦੋਹਾਂ ਦੇ ਪੈਰਾਂ ਦੀ ਆਵਾਜ਼ ਆਈ। ਬੂਹਿਓਂ ਬਾਹਰ ਉਸ ਦਾ ਭਰਾ ਦੂਜੇ ਮਰਦ ਨੂੰ ਕਹਿ ਰਿਹਾ ਸੀ, "ਪੈਸੇ ਫਿਰ ਮਿਸਟਰ ਸੂਦ ਤੂੰ ਮੈਨੂੰ ਹੁਣੇ ਹੀ ਦੇ ਦੇਹ। ਰਸੀਦ ਆਖੇ ਤਾਂ ਮੈਂ ਨਾਲ ਹੀ ਕਰ ਦੇਣਾ। ਸੱਤੋ ਸਾਡੀ ਇਕ ਦੋ ਦਿਨਾਂ ਨੂੰ ਤੁਰਨ ਵਾਲੀ ਹੈ। ਮਸ਼ੀਨ ਉਹਦੇ ਜਾਣ ਮਗਰੋਂ ਲੈ ਜਾਈਂ। ਹੱਛਾ?"

ਦੋ ਕੁ ਘੰਟਿਆਂ ਮਗਰੋਂ ਜਦ ਸਤਵੰਤ ਦੇ ਭਰਾ-ਭਰਜਾਈ ਵਿਦਾਇਗੀ ਲਈ ਕੱਪੜੇ ਤੇ ਚੀਜ਼ਾਂ ਖਰੀਦਣ ਬਾਜ਼ਾਰ ਗਏ ਤਾਂ ਉਸ ਨੂੰ ਕਰਮ ਸਿੰਘ ਦੀ ਚਿੱਠੀ ਵਸੂਲ ਹੋਈ। ਉਸ ਵਿਚ ਸਤਵੰਤ ਨੂੰ ਆਉਣ ਲਈ ਲਿਖਿਆ ਸੀ। ਅਖੀਰ ਵਿਚ ਲਿਖਿਆ ਸੀ: "ਉਹ ਤੇਰੇ ਨਾਲ ਘਰ, ਇਕ ਵਾਰ ਗੱਲ ਹੋਈ ਸੀ ਨਾ, ਗੱਲ ਮੇਰੇ ਮਨ ਵਿਚ ਰਹੀ। ਹੁਣ ਮੈਂ ਆਪ ਹੀ ਘੇਸ ਮਾਰ ਛੱਡੀ ਤੇ ਤੈਨੂੰ ਸੱਦਿਆ ਨਾ। ਰੁਪਿਆ ਸੌ ਕੁ ਜੁੜ ਗਿਆ। ਕੁਝ ਏਧਰੋਂ-ਓਧਰੋਂ ਫੜਿਆ ਤੇ ਤੇਰੇ ਲਈ ਨਵੀਂ ਸਿਲਾਈ ਮਸ਼ੀਨ ਖਰੀਦ ਲਈ ਹੈ।"

# ਗੁਜਰਾਤ ਫਾਈਲਾਂ

**(ਪਿਛਲੇ ਸਫੇ ਦੀ ਬਾਕੀ)**

ਇਸ ਦਾ ਅੰਦਾਜ਼ਾ ਹੋਇਆ।

**ਜਵਾਬ:** ਇਹੀ ਨਹੀਂ, ਮੁੱਖ ਮੰਤਰੀ ਵੀ... ਜਿੰਨੇ ਵੀ ਮੰਤਰਾਲੇ ਅਤੇ ਮੰਤਰੀ ਨੇ, ਸਾਰੇ ਰਬੜ ਦੀਆਂ ਮੋਹਰਾਂ ਹਨ। ਸਾਰੇ ਫ਼ੈਸਲੇ ਮੁੱਖ ਮੰਤਰੀ ਕਰਦਾ ਹੈ। ਮੰਤਰੀ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਉਸ ਤੋਂ ਪ੍ਰਵਾਨਗੀ ਲੈਂਦੇ ਹਨ।

**ਸਵਾਲ:** ਫਿਰ ਤਮਾਮ ਮਾਮਲਿਆਂ ਵਿਚ, ਸਮੇਤ ਤੁਹਾਡੇ ਮਾਮਲੇ ਦੇ, ਉਨ੍ਹਾਂ ਨੂੰ ਕੋਈ ਆਂਚ ਕਿਉਂ ਨਹੀਂ ਆਉਂਦੀ? ਇਨ੍ਹਾਂ ਮਾਮਲਿਆਂ ਵਿਚ ਉਹ ਦੋਸ਼ੀ ਕਿਉਂ ਨਹੀਂ ਸਾਬਤ ਹੋਏ?

**ਜਵਾਬ:** ਕਿਉਂਕਿ ਉਹ ਸਿੱਧੇ ਸਾਹਮਣੇ ਕਦੇ ਵੀ ਨਹੀਂ ਆਉਂਦੇ। ਉਹ ਆਪਣੇ ਨੌਕਰਸ਼ਾਹਾਂ ਨੂੰ ਨਿਰਦੇਸ਼ ਦਿੰਦੇ ਹਨ।

**ਸਵਾਲ:** ਜੇ ਤੁਹਾਡੇ ਮਾਮਲੇ ਵਿਚ ਅਮਿਤ ਸ਼ਾਹ ਦੀ ਗ੍ਰਿਫ਼ਤਾਰੀ ਹੋਈ ਤਾਂ ਇਸੇ ਤਰਜ਼ 'ਤੇ ਮੁੱਖ ਮੰਤਰੀ ਨੂੰ ਵੀ ਗ੍ਰਿਫ਼ਤਾਰ ਹੋਣਾ ਚਾਹੀਦਾ ਸੀ?

**ਜਵਾਬ:** ਬਿਲਕੁਲ, ਸੋਹਰਾਬੁਦੀਨ ਦੀ ਹੱਤਿਆ ਵਿਚ ਅਫ਼ਸਰਾਂ ਦੀ ਗ੍ਰਿਫਤਾਰੀ ਤੋਂ ਐਨ ਪਿੱਛੋਂ 2007 ਵਿਚ ਸੋਨੀਆ ਗਾਂਧੀ ਇਥੇ ਆਈ ਸੀ ਅਤੇ ਉਨ੍ਹਾਂ ਨੇ ਅਫਸਰਾਂ ਨੂੰ 'ਮੌਤ ਕੇ ਸੌਦਾਗਰ' ਕਿਹਾ ਸੀ। ਇਸ ਤੋਂ ਬਾਅਦ ਹਰ ਇਕੱਠ ਵਿਚ ਮੋਦੀ ਜੀ ਜ਼ੋਰ ਜ਼ੋਰ ਨਾਲ ਚੀਕਦੇ ਸਨ- 'ਮੌਤ ਕੇ ਸੌਦਾਗਰ'? ਸੋਹਰਾਬੂਦੀਨ ਕੌਨ ਥਾ? ਉਸ ਕੋ ਮਾਰਾ ਤੋ ਅੱਛਾ ਹੂਆ ਕਿ ਨਹੀਂ ਹੂਆ?' ਚੰਗਾ ਹੋਇਆ ਕਿ ਨਹੀਂ? ਇਸ ਤੋਂ ਬਾਅਦ ਉਨ੍ਹਾਂ ਨੂੰ ਭਾਰੀ ਬਹੁਮਤ ਮਿਲ ਗਿਆ। ਉਹ ਜੋ ਚਾਹੁੰਦੇ ਸੀ, ਉਹੀ ਹਾਸਲ ਹੋ ਗਿਆ।

**ਸਵਾਲ:** ਤੇ ਜਿਨ੍ਹਾਂ ਅਫ਼ਸਰਾਂ ਤੋਂ ਉਨ੍ਹਾਂ ਨੇ ਸਭ ਕੁਝ ਕਰਵਾਇਆ, ਹੁਣ ਉਹ ਉਨ੍ਹਾਂ ਦੀ ਮਦਦ ਨਹੀਂ ਕਰ ਰਹੇ?

**ਜਵਾਬ:** ਨਹੀਂ, ਉਹ ਸਾਰੇ ਜੇਲ੍ਹ ਵਿਚ ਹਨ।

**ਸਵਾਲ:** ਉਨ੍ਹਾਂ ਨੇ ਕਦੇ ਤੁਹਾਨੂੰ ਵੀ ਇਨ੍ਹਾਂ ਮੁਕਾਬਲਿਆਂ ਬਾਰੇ ਕੋਈ ਸਵਾਲ ਪੁੱਛਿਆ ਸੀ?

**ਜਵਾਬ:** ਕਦੇ ਵੀ ਨਹੀਂ। ਦੇਖੋ, ਇਨ੍ਹਾਂ ਨੇ ਸਭ ਦਾ ਲਾਹਾ ਲੈਣਾ ਹੁੰਦੈ; ਫ਼ਸਾਦ ਹੋਏ, ਮੁਸਲਿਮ ਕੋ ਮਾਰਾ, ਬੈਨੀਫਿਟ ਲੀਆ, ਇਸ ਪਰ ਭੀ ਕੀਆ।

**ਸਵਾਲ:** ਕੀ ਤੁਹਾਡੇ ਸ਼ਾਹ ਸਾਹਿਬ ਦੁਬਾਰਾ ਗ੍ਰਹਿ ਮੰਤਰਾਲੇ ਵਿਚ ਆਉਣਗੇ?

**ਜਵਾਬ:** ਨਹੀਂ, ਹੁਣ ਉਹ ਨਹੀਂ ਆ ਸਕਣਗੇ, ਕਿਉਂਕਿ ਸੀ.ਐਮ. ਨੂੰ ਉਸ ਤੋਂ ਡਰ ਲਗਦਾ ਹੈ, ਕਿਉਂਕਿ ਉਹ ਗ੍ਰਹਿ ਵਿਭਾਗ ਵਿਚ ਬਹੁਤ ਪਾਪੂਲਰ ਹੋ ਗਿਆ ਸੀ। ਉਹ ਸਰਕਾਰ ਦੀ ਕਮਜ਼ੋਰੀ ਜਾਣਦਾ ਹੈ, ਇਸ ਲਈ ਮੁੱਖ ਮੰਤਰੀ ਕਦੇ ਵੀ ਨਹੀਂ ਚਾਹੁਣਗੇ ਕਿ ਗ੍ਰਹਿ ਮੰਤਰੀ ਕੋਈ ਐਸਾ ਬੰਦਾ ਬਣੇ ਜੋ ਸਭ ਕੁਝ ਦਾ ਭੇਤੀ ਹੋਵੇ।

**ਸਵਾਲ:** ਤਾਂ ਕੀ ਹੁਣ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੀ ਆਪੋ ਵਿਚ ਬਣਦੀ ਨਹੀਂ?

**ਜਵਾਬ:** ਨਹੀਂ, ਇਹ ਮੁੱਖ ਮੰਤਰੀ ਮੋਦੀ ਜਿਵੇਂ ਤੁਸੀਂ ਹੁਣੇ ਆਖ ਰਹੇ ਸੀ, ਉਹ ਮੌਕਾਪ੍ਰਸਤ ਹੈ। ਆਪਣਾ ਕੰਮ ਕੱਢਿਆ, ਤੇ ਬੱਸ!

**ਸਵਾਲ:** ਘਟੀਆ ਕੰਮ।

**ਜਵਾਬ:** ਹਾਂ

**ਸਵਾਲ:** ਤੁਸੀਂ ਇਸ ਤੋਂ ਬਿਨਾ ਹੋਰ ਕਿੰਨੇ ਕੁ ਮੁਕਾਬਲੇ ਬਣਾਏ?

**ਜਵਾਬ:** ਹਮਮ... ਸ਼ਾਇਦ ਦਸ ਦੇ ਕਰੀਬ।

**ਸਵਾਲ:** ਸਾਰੇ ਅਹਿਮ ਮੁਕਾਬਲੇ ਸਨ?

**ਜਵਾਬ:** ਨਹੀਂ, ਨਹੀਂ।

ਫਰਜ਼ੀ ਮੁਕਾਬਲਿਆਂ ਦੀ ਜਾਂਚ ਸਾਰੇ ਰੋਜ਼ਾਨਾ ਅਖ਼ਬਾਰਾਂ ਦੇ ਗੁਜਰਾਤ ਐਡੀਸ਼ਨਾਂ ਵਿਚ ਰੋਜ਼ ਸੁਰਖ਼ੀਆਂ ਬਣ ਕੇ ਛਾਈ ਰਹਿੰਦੀ ਸੀ, ਇਸ ਤੱਥ ਨੇ ਮੈਨੂੰ ਸਿੰਘਲ ਤੋਂ ਘੋਖਵੇਂ ਸਵਾਲ ਪੁੱਛਣ ਦਾ ਬਹਾਨਾ ਦੇ ਦਿੱਤਾ, ਤੇ ਉਸ ਨੂੰ ਸ਼ੱਕ ਵੀ ਨਹੀਂ ਹੋਇਆ। ਜਦੋਂ ਦਿਨ ਗੁਜ਼ਰ ਗਏ ਅਤੇ ਜਦੋਂ ਦੀ ਮੈਂ ਸਿੰਘਲ ਨੂੰ ਮਿਲੀ ਸੀ, ਮੈਂ ਆਪਣੇ ਅੰਦਰ ਗੁਨਾਹ ਦੀ ਭਾਵਨਾ ਹਮਦਰਦੀ ਮਹਿਸੂਸ ਕਰਨ ਲੱਗੀ। ਕੀ ਉਹ ਸੱਚੀਂ ਹੀ ਬੇਕਸੂਰ ਸੀ ਜਿਸ ਨੂੰ ਪ੍ਰਬੰਧ ਨੇ ਗ਼ਲਤ ਬਣਾ ਦਿੱਤਾ ਸੀ, ਜਿਵੇਂ ਉਹ ਮੈਨੂੰ ਜਚਾਉਣਾ ਚਾਹੁੰਦਾ ਸੀ? ਉਹ ਫਿਲਮਾਂ ਵਿਚੋਂ ਆਪਣੀ ਹਾਲਤ ਨਾਲ ਮਿਲਦੇ-ਜੁਲਦੇ ਕਿਰਦਾਰ ਲੈ-ਲੈ ਕੇ ਮੈਨੂੰ ਮਿਸਾਲਾਂ ਦਿੰਦਾ ਅਤੇ ਮੈਨੂੰ ਉਨ੍ਹਾਂ ਦਾ ਚੇਤਾ ਕਰਾਉਂਦਾ, ਗੱਲਬਾਤ ਭਗਵਦ ਗੀਤਾ ਦੇ ਸਲੋਕਾਂ ਅਤੇ ਉਸ ਵਲੋਂ ਧਰਮ ਦੀ ਓਟ ਲੈਣ ਵੱਲ ਮੁੜ ਜਾਂਦੀ। ਅਸੀਂ ਓਸ਼ੋ ਬਾਰੇ ਅਤੇ ਮੇਰੀ ਸਿਗਰਟਾਂ ਪੀਣ ਦੀ ਆਦਤ ਬਾਰੇ ਚਰਚਾ ਕਰਦੇ। ਉਸ ਨੇ ਮਸ਼ਵਰਾ ਦਿੱਤਾ- 'ਜੇ ਛੱਡ ਸਕਦੀ ਏਂ ਤਾਂ ਛੱਡ ਦੇ, ਇਹ ਚੰਗੀ ਨਹੀਂ।' ਉਹ ਮੇਰੇ ਨਾਲ ਗੂੜ੍ਹੀ ਦੋਸਤੀ ਬਣਾ ਰਿਹਾ ਸੀ। ਮੈਂ ਕੋਈ ਬਾਹਰਲਾ ਬੰਦਾ ਸਾਂ ਜੋ ਉਥੋਂ ਦੇ ਕਿਸੇ ਅੰਦਰਲੇ ਬੰਦੇ ਦੇ ਭਵਿੱਖਨਕਸ਼ੇ ਤੋਂ ਉਸ ਬਾਰੇ ਰਾਏ ਬਣਾਉਣ ਲਈ ਨਹੀਂ ਗਈ ਸੀ।

ਸੱਚੀਂ ਹੀ ਮੈਂ ਇਹ ਹਿਸਾਬ-ਕਿਤਾਬ ਨਹੀਂ ਲਾ ਸਕੀ ਕਿ ਇਹ ਬੰਦਾ ਅਸਲ ਵਿਚ ਇਸ ਤਰ੍ਹਾਂ ਕਿਉਂ ਸੋਚਦਾ ਸੀ। ਇਕ ਦਿਨ ਜਦੋਂ ਮੈਂ ਆਪਣੇ ਹੋਸਟਲ ਵਾਪਸ ਆਈ, ਮੈਂ ਸਿੱਧੀ ਪੀ.ਸੀ.ਓ. ਉਪਰ ਚਲੀ ਗਈ। ਮੈਂ ਭਿਆਨਕ ਉਲਝਣ ਦਾ ਸ਼ਿਕਾਰ ਸੀ ਅਤੇ ਮੈਂ ਮਨ ਬਣਾਇਆ ਕਿ ਮੈਨੂੰ ਅੰਮਾ ਨਾਲ ਗੱਲ ਕਰਨੀ ਚਾਹੀਦੀ ਹੈ। ਮੈਂ ਸਿੰਘਲ ਪ੍ਰਤੀ ਹਮਦਰਦੀ ਮਹਿਸੂਸ ਕਰ ਰਹੀ ਸੀ, ਪਰ ਇੰਵ ਕਰਨਾ ਮੈਨੂੰ ਵਾਰਾ ਨਹੀਂ ਸੀ ਖਾ ਸਕਦਾ। ਉਸ ਦਾ ਰਵੱਈਆ ਉਨ੍ਹਾਂ ਅਫ਼ਸਰਾਂ ਵਰਗਾ ਢੀਠ ਨਹੀਂ ਸੀ ਜਿਨ੍ਹਾਂ ਨੂੰ ਮੈਂ ਪਹਿਲਾਂ ਮਿਲ ਚੁੱਕੀ ਸੀ; ਜੋ ਬੇਰਹਿਮੀ ਨਾਲ ਕੀਤੇ ਕਤਲਾਂ, ਮੁਕਾਬਲਿਆਂ ਨੂੰ ਲੈ ਕੇ ਬਾਘੀਆਂ ਪਾਉਂਦੇ ਸਨ, ਪਰ ਐਸੇ ਕਤਲਾਂ ਦੀ ਕੋਈ ਵੀ ਵਾਜਬੀਅਤ ਨਹੀਂ ਹੋ ਸਕਦੀ ਸੀ, ਜਦੋਂ ਕੋਈ ਬੰਦਾ ਇਨ੍ਹਾਂ ਵਿਚ ਸ਼ਾਮਲ ਸੀ, ਜਾਂ ਉਹ ਐਸਾ ਅਫਸਰ ਸੀ ਜਿਸ ਨੇ ਸੱਚ ਨੂੰ ਦਬਾਉਣ ਦਾ ਫ਼ੈਸਲਾ ਕੀਤਾ ਹੋਇਆ ਸੀ। ਜਿਵੇਂ ਮੇਰੀ ਮਾਂ ਨੇ ਉਸ ਦਿਨ ਮੈਨੂੰ ਸਮਝਾਇਆ ਕਿ ਐਸੇ ਬੰਦੇ ਮਿਲਣਗੇ ਜੋ ਤੁਹਾਨੂੰ ਆਪਣੇ ਵਤੀਰੇ, ਆਪਣੇ ਕਾਰਿਆਂ ਦੀਆਂ ਬਹੁਤ ਸਾਰੀਆਂ ਸਫ਼ਾਈਆਂ ਦੇਣਗੇ। ਤੁਹਾਡੇ ਕਰਨ ਵਾਲਾ ਕੰਮ ਇਹ ਹੁੰਦਾ ਹੈ ਕਿ ਤੁਸੀਂ ਵਾਪਸ ਆ ਕੇ ਇਹ ਦੇਖੋ ਕਿ ਉਨ੍ਹਾਂ ਨੇ ਸੱਚਮੁੱਚ ਇਹੀ ਕੀਤਾ ਸੀ, ਤੇ ਫਿਰ ਤੁਸੀਂ ਜਾਣ ਜਾਵੋਗੇ ਕਿ ਉਨ੍ਹਾਂ ਦੀਆਂ ਸਫ਼ਾਈਆਂ ਦੀ ਕੋਈ ਵੁੱਕਤ ਬਣਦੀ ਹੈ ਜਾਂ ਨਹੀਂ।

ਹੁਣ ਮੈਨੂੰ ਇਹ ਤਾਂ ਸਪਸ਼ਟ ਸੀ ਕਿ ਐਨੇ ਸਾਲ ਖ਼ਾਮੋਸ਼ ਰਹਿ ਕੇ ਸਿੰਘਲ ਬਾਕੀਆਂ ਵਾਂਗ ਹੀ ਇਸ ਵਿਚ ਹਿੱਸੇਦਾਰ ਸੀ, ਪਰ ਰਾਜ ਤੰਤਰ ਵਲੋਂ ਐਸੇ ਨਿਸ਼ਾਨੇ ਦੀ ਮਾਰ ਹੇਠ ਆਏ ਆਹਲਾ ਅਫ਼ਸਰਾਂ ਨੂੰ ਘਿਨਾਉਣੇ ਤਰੀਕੇ ਨਾਲ ਇਸਤੇਮਾਲ ਕਰ ਕੇ ਸੁੱਟ ਦੇਣ ਦਾ ਨੋਟਿਸ ਲਏ ਬਿਨਾ ਨਹੀਂ ਰਿਹਾ ਜਾ ਸਕਦਾ। ਸਿੰਘਲ ਨੇ ਜਿਸ 'ਇਸਤੇਮਾਲ ਕਰੋ ਤੇ ਸੁੱਟ ਦਿਓ' ਦੀ ਨੀਤੀ ਦੀ ਗੱਲ ਕੀਤੀ ਸੀ ਜਿਸ ਨੂੰ ਮੈਂ ਆਪਣੇ ਖ਼ੁਫ਼ੀਆ ਕੈਮਰੇ ਵਿਚ ਰਿਕਾਰਡ ਕਰ ਲਿਆ ਸੀ, ਕੁਝ ਸਾਲ ਪਿੱਛੋਂ ਉਦੋਂ ਮੁੜ ਚਰਚਾ ਵਿਚ ਆ ਗਈ ਜਦੋਂ ਇਕ ਹੋਰ ਆਹਲਾ ਪੁਲਿਸ ਅਫ਼ਸਰ ਡੀ.ਜੀ.ਵਨਜਾਰਾ ਨੇ ਇਸ ਬਾਰੇ ਸਵਾਲ ਉਠਾਏ। ਵਨਜਾਰਾ ਮੋਦੀ ਸਰਕਾਰ ਦੇ ਉਨ੍ਹਾਂ ਆਹਲਾ ਪੁਲਿਸ ਅਫ਼ਸਰਾਂ ਵਿਚੋਂ ਸੀ ਜਿਨ੍ਹਾਂ ਨੂੰ ਚਾਰ ਫਰਜ਼ੀ ਮੁਕਾਬਲਿਆਂ ਵਿਚ ਉਨ੍ਹਾਂ ਵਲੋਂ ਨਿਭਾਈ ਭੂਮਿਕਾ ਬਦਲੇ ਸੀਖਾਂ ਪਿੱਛੇ ਬੰਦ ਕੀਤਾ ਗਿਆ ਸੀ। ਉਸ ਨੇ ਗੁਜਰਾਤ ਸਰਕਾਰ ਨੂੰ ਲਿਖੇ ਖ਼ਤ ਵਿਚ ਉਹੀ ਸਭ ਕੁਝ ਦੁਹਰਾਇਆ ਸੀ ਜੋ ਸਿੰਘਲ ਇਸ ਬਾਬਤ ਪਹਿਲਾਂ ਕਹਿ ਚੁੱਕਾ ਸੀ। ਉਸ ਦਾ ਕਹਿਣਾ ਸੀ ਕਿ ਉਸ ਵਰਗੇ ਅਫ਼ਸਰਾਂ ਨੂੰ ਅਮਿਤ ਸ਼ਾਹ ਵਰਗੇ ਮੰਤਰੀਆਂ ਵਲੋਂ ਆਪਣੇ ਨਿਸ਼ਾਨੇ ਹਾਸਲ ਕਰਨ ਲਈ ਇਸਤੇਮਾਲ ਕੀਤਾ ਜਾ ਰਿਹਾ ਸੀ, ਤੇ ਜਿਸ ਬੰਦੇ, ਮੁੱਖ ਮੰਤਰੀ ਨਰੇਂਦਰ ਮੋਦੀ, ਨੂੰ ਉਹ ਰੱਬ ਸਮਝਦਾ ਸੀ, ਉਸੇ ਨੇ ਉਸ ਨਾਲ ਧੋਖਾ ਕੀਤਾ ਸੀ। ਇਹ ਗੱਲ ਭੇਤ ਬਣੀ ਰਹੇਗੀ ਕਿ ਵਨਜਾਰਾ ਦੇ ਬਿਆਨ ਪਿੱਛੇ (ਜਿਸ ਵਲੋਂ ਫਿਰ ਸਟੇਟ ਆਈ.ਪੀ.ਐਸ. ਤੋਂ ਅਸਤੀਫ਼ਾ ਦੇ ਦਿੱਤਾ ਗਿਆ) ਕੋਈ ਸਿਆਸੀ ਮਨੋਰਥ ਸੀ ਜਾਂ ਨਹੀਂ; ਪਰ ਤੱਥ ਇਹੀ ਹੈ ਕਿ ਉਸ ਅਤੇ ਸਿੰਘਲ ਵਰਗੇ ਅਫ਼ਸਰਾਂ ਨੂੰ ਉਸ ਦੀ ਬੇਦੀ ਉਪਰ ਇਸਤੇਮਾਲ ਕੀਤਾ ਗਿਆ ਸੀ ਜਿਸ ਨੂੰ ਲੈ ਕੇ ਹੁਣ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਇਹ ਦਹਿਸ਼ਤਗਰਦ ਮੁਕਤ ਰਾਜ ਹੈ।

ਸਿੰਘਲ ਕੋਈ ਵਿਸ਼ੇਸ਼ ਮਾਮਲਾ ਨਹੀਂ ਸੀ, ਸਗੋਂ ਆਮ ਦਸਤੂਰ ਸੀ। ਇਹੀ ਕੁਝ ਸੀ ਜਿਸ ਨੂੰ ਮੈਂ ਆਉਣ ਵਾਲੇ ਦਿਨਾਂ ਵਿਚ ਖੋਜ ਕੇ ਸਾਹਮਣੇ ਲਿਆਉਣਾ ਸੀ, ਉਸ ਦੇ ਸੀਨੀਅਰ ਰਾਜਨ ਪ੍ਰਿਯਾਦਰਸ਼ੀ ਤੋਂ, ਸੂਬੇ ਦੇ ਸਾਬਕਾ ਪੁਲਿਸ ਕਮਿਸ਼ਨਰ ਤੋਂ ਅਤੇ ਹੋਰ ਨੌਕਰਸ਼ਾਹਾਂ ਤੋਂ। ਸੱਚ ਦੀ ਭਾਲ ਤਾਂ ਅਜੇ ਸ਼ੁਰੂ ਹੀ ਹੋਈ ਸੀ।

**(ਚਲਦਾ)**

## ਤਵਾਰੀਖ-ਏ-ਗ਼ਦਰ




ਪੰਜਾਬੀ 'ਗ਼ਦਰ' ਦੇ ਤੀਜੇ ਅੰਕ (30 ਦਸੰਬਰ 1913) ਦਾ ਪਹਿਲਾ ਸਫਾ

*ਹਫਤਾਵਾਰੀ 'ਗ਼ਦਰ' ਪਹਿਲੀ ਨਵੰਬਰ 1913 ਨੂੰ ਸ਼ੁਰੂ ਕੀਤਾ ਗਿਆ ਸੀ। ਉਦੋਂ ਉਰਦੂ ਵਿਚ ਤਿੰਨ ਪਰਚੇ ਹੀ ਛਪੇ ਸਨ। ਪਰਚੇ ਦੀ ਮੰਗ ਇੰਨੀ ਵਧੀ ਕਿ ਬਿਜਲੀ ਨਾਲ ਚੱਲਣ ਵਾਲੀ ਨਵੀਂ ਮਸ਼ੀਨ ਲਿਆ ਕੇ ਲਾਈ ਗਈ। ਪੰਜਾਬੀ ਦਾ ਪਹਿਲਾ ਪਰਚਾ 9 ਦਸੰਬਰ 1913 ਨੂੰ ਛਪਿਆ। ਹਫਤਾਵਾਰੀ ਹੋਣ ਕਰ ਕੇ ਇਸ ਦੇ ਦੂਜੇ ਪੰਜਾਬੀ ਅੰਕ ਦੀ ਤਰੀਕ 16 ਦਸੰਬਰ 1913 ਬਣਦੀ ਸੀ, ਪਰ ਲਾਲਾ ਹਰਦਿਆਲ (ਜੋ ਪਰਚੇ ਦੇ ਬਾਨੀ ਸੰਪਾਦਕ ਸਨ) ਨੇ 16 ਦਸੰਬਰ ਵਾਲਾ ਪਰਚਾ 23 ਦਸੰਬਰ ਨੂੰ ਛਾਪਣ ਲਈ ਕਿਹਾ, ਕਿਉਂਕਿ 23 ਦਸੰਬਰ 1912 ਨੂੰ ਕ੍ਰਾਂਤੀਕਾਰੀ ਗਰੁਪ ਵੱਲੋਂ ਵਾਇਸਰਾਇ ਉਤੇ ਬੰਬ ਸੁੱਟਿਆ ਗਿਆ ਸੀ। ਇਉਂ ਪੰਜਾਬੀ ਦਾ ਤੀਜਾ ਅੰਕ 30 ਦਸੰਬਰ 1913 ਨੂੰ ਛਪਿਆ ਸੀ। 1913 ਵਿਚ ਦਸੰਬਰ ਮਹੀਨੇ ਦੇ ਇਨ੍ਹਾਂ ਤਿੰਨ ਅੰਕਾਂ ਤੋਂ ਬਾਅਦ, ਬਾਕੀ ਅਖਬਾਰ ਹਰ ਹਫਤੇ ਛਪਦਾ ਰਿਹਾ। ਪੰਜਾਬੀ 'ਗ਼ਦਰ' ਦੇ 9 ਅਤੇ 23 ਦਸੰਬਰ 1913 ਵਾਲੇ ਦੋ ਅੰਕ ਅਸੀਂ ਆਪਣੇ ਪਾਠਕਾਂ ਲਈ ਪਹਿਲਾਂ ਹੀ ਲੜੀਵਾਰ ਛਾਪ ਚੁੱਕੇ ਹਾਂ। ਐਤਕੀਂ ਤੀਜੇ ਅੰਕ (30 ਦਸੰਬਰ 1913) ਦੇ ਪਹਿਲੇ ਚਾਰ ਸਫੇ ਛਾਪੇ ਜਾ ਰਹੇ ਹਨ। ਸ਼ਬਦਜੋੜ ਉਦੋਂ ਛਪਦੇ 'ਗ਼ਦਰ' ਵਾਲੇ ਹੀ ਰੱਖੇ ਹਨ, ਤਾਂਕਿ ਉਸ ਵਕਤ ਪ੍ਰਚਲਤ ਪੰਜਾਬੀ ਦੇ ਦੀਦਾਰ ਵੀ ਹੋ ਸਕਣ। ਇਹ ਸਾਰੀ ਸਮੱਗਰੀ 'ਪੰਜਾਬ ਟਾਈਮਜ਼' ਦੇ ਸਾਥੀ ਕਸ਼ਮੀਰ ਸਿੰਘ ਕਾਂਗਣਾ, ਬੇਕਰਜ਼ਫੀਲਡ (ਫੋਨ: 661-331-5651) ਨੇ ਮੁਹੱਈਆ ਕਰਵਾਈ ਹੈ। -ਸੰਪਾਦਕ*

# 'ਗ਼ਦਰ' ਦਾ ਤੀਜਾ ਪੰਜਾਬੀ ਅੰਕ

### ਪੰਜਾਬੀ ਸਿੰਘ ਤੇ ਗੁਜਰਾਤੀ ਔਰਤਾਂ

ਹਿੰਦੋਸਤਾਨੀ ਲੋਕ ਆਮ ਰਵਾਜ ਨਾਲ ਅਪਨੀ ਔਰਤਾਂ ਨੂੰ ਮਰਦਾਂ ਤੋਂ ਹੀਣਾ ਸਮਝਦੇ ਹਨ। ਪਰ ਅਫਰੀਕਾ ਵਿਚ ਹਿੰਦੋਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ। ਏਸ ਤੋਂ ਹਿੰਦੋਸਤਾਨੀਆਂ ਦੇ ਗ਼ਲਤ ਖਿਆਲ ਦਾ ਖੰਡਨ ਹੁੰਦਾ ਹੈ। ਅਫਰੀਕਾ ਦੇ ਜ਼ਾਲਮ ਕਾਨੂੰਨ ਨੂੰ ਤੋੜਨ ਦੀ ਖਾਤਰ ਉਥੇ ਦੀ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਵਧ ਕੇ ਟਾਕਰਾ ਕੀਤਾ ਹੈ। ਗੰਨੇ ਦੇ ਖੇਤਾਂ ਜਲਾਓਣ ਤੇ ਹੋਰ ਕੰਮਾਂ ਵਿਚ ਮਰਦਾਂ ਦੇ ਬਰਾਬਰ ਕੰਮ ਕੀਤਾ ਹੈ। ਮਰਦਾਂ ਦੇ ਨਾਲੇ ਹੀ ਜੇਲ੍ਹ ਵਿਚ ਜਾਨ ਦਾ ਡਰ ਨਹੀਂ ਮੰਨਿਆ।

ਹੁਣ ਮੈਂ ਸਿੰਘਾਂ ਤੋਂ ਪੁਛਦਾ ਹਾਂ ਕਿ ਜਿਨਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਨਾਇਆ ਸੀ ਅਤੇ ਇਕ ਇਕ ਸਿੰਘ ਸਵਾ ਸਵਾ ਲੱਖ ਨਾਲ ਲੜਨ ਦਾ ਦਾਵਾ ਰੱਖਦੇ ਸਨ। ਪਰ ਹੁਣ ਵੀ ਪੰਜਾਬ ਵਿਚ ਇਸੇ ਤਰ੍ਹਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਪਰ ਉਹ ਪੈਹਲਾਂ ਜੈਸੀ ਕੁਵੱਤ ਤੇ ਬਹਾਦਰੀ ਸਿੰਘਾਂ ਵਿਚ ਕਿਉਂ ਨਹੀਂ ਰਹੀ। ਏਸ ਦੇ ਦੋ ਸਬੱਬ ਹਨ:

ਪੈਹਲਾ, ਉਹ ਆਦਮੀ ਜਿਹੜੇ ਅੰਮ੍ਰਿਤ ਬਨਾਉਂਦੇ ਹਨ, ਉਹ ਗੁਲਾਮ ਹਨ। ਗੁਰਦੁਆਰਿਆਂ ਦੇ ਗ੍ਰੰਥੀ ਅੰਗਰੇਜ਼ ਬਾਂਦਰਾਂ ਨੂੰ ਝੁਕ ਝੁਕ ਕੇ ਸਲਾਮ ਕਰਦੇ ਦੇਖੇ ਜਾਂਦੇ ਹਨ। ਭਲਾ ਅਜਿਹੇ ਨੀਚ ਪੁਰਸ਼ ਜਿਹੜੇ ਲੀਡਰ ਬਨੇ ਹੁਏ ਹਨ ਤਾਂ ਕੌਮ ਵਿਚ ਕੀ ਤਾਕਤ ਤੇ ਦਲੇਰੀ ਹੋ ਸਕਦੀ ਹੈ। ਜਦ ਤਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰ ਦਿਲ ਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ, ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਅੱਜ ਕਲ ਦੇ ਹਾਲ ਪੁਰ ਅਛੀ ਤਰ੍ਹਾਂ ਸਿੰਘਾਂ ਨੂੰ ਨਿਗਾ ਮਾਰਨੀ ਚਾਹੀਦੀ ਹੈ। ਅਤੇ ਗੁਲਾਮ ਤੇ ਡਰਾਕਲ ਗ੍ਰੰਥੀਆਂ ਨੂੰ ਨਿਕਾਲ ਦੇਣਾ ਚਾਹੀਦਾ ਹੈ।

ਦੂਜਾ ਸਬੱਬ ਇਹ ਹੈ ਕਿ ਗਵਰਮਿੰਟ ਦੇ ਹੱਦ ਤੋਂ ਵਧੇ ਹੋਏ ਮਾਮਲੇ ਨੂੰ ਦੇਣ ਤੋਂ ਮਗਰੋਂ ਸਿੰਘਾਂ ਦੇ ਪਾਸ ਖਾਣ ਜੋਗੇ ਦਾਨੇ ਭੀ ਨਹੀਂ ਬਚਦੇ।

ਅੰਗਰੇਜ਼ੀ ਗਵਰਮਿੰਟ ਦਿਨੋ ਦਿਨ ਮਾਮਲਾ ਵਧਾਉਂਦੀ ਜਾਂਦੀ ਹੈ। ਕੋਈ ਸਿੰਘ ਵੀ ਪੁਛਣ ਦੀ ਹਿੰਮਤ ਨਹੀਂ ਕਰਦਾ। ਹੁਣ ਤਾਂ ਸਾਨੂੰ ਖੁਰਾਕ ਤੇ ਪਹਿਨਣ ਨੂੰ ਕੱਪੜੇ ਵੀ ਨਹੀਂ ਮਿਲਦੇ। ਦੂਜੇ ਮੁਲਕਾਂ ਵਿਚ ਧੱਕੇ ਪੈਣ ਲਗ ਪਏ ਹਨ। ਹੁਣ ਤਾਂ ਮਾਮਲਾ ਵਧਾਉਣ ਤੋਂ ਬੰਦ ਕਰੋ।

1908 ਵਿਚ ਅਜੀਤ ਸਿੰਘ ਤੇ ਲਾਜਪਤ ਰਾਏ ਨੇ ਥੋੜਾ ਜਿਹਾ ਸਿਰ ਹਲਾਇਆ ਸੀ। ਉਸ ਵਕਤ ਬਾਰ ਦਾ ਲਗਾਨ ਘਟਾ ਦਿੱਤਾ ਸੀ। ਲਾਜਪਤ ਰਾਏ ਨੂੰ ਸਰਕਾਰੀ ਟੱਟੂ ਬਨਣ 'ਤੇ ਮਗਰੋਂ ਅਤੇ ਅਜੀਤ ਸਿੰਘ ਦੇ ਦੇਸ਼ ਤੋਂ ਚਲੇ ਜਾਣ ਤੋਂ ਏਸ ਸਾਲ 1913 ਵਿਚ ਫੇਰ ਲਗਾਨ ਵਧਾ ਦਿੱਤਾ ਹੈ। ਪਰ ਕੋਈ ਭੀ ਸਿੰਘ ਕੰਨ ਨਹੀ ਹਿਲਾਉਂਦਾ। ਹੁਣ ਤਾਂ ਸਿੰਘਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ।

ਗੁਜਰਾਤ ਦੀ ਔਰਤਾਂ ਵੀ ਮੈਦਾਨ ਵਿਚ ਨਿਕਲ ਪਈਆਂ ਹਨ। ਹੁਣ ਆਪਣੇ ਨਾਓਂ ਤੋਂ ਜਾਂ ਤਾਂ ਸਿੰਘ ਦਾ ਪਦ ਹਟਾ ਕੇ ਗੁਜਰਾਤੀ ਔਰਤਾਂ ਨੂੰ ਦੇ ਦਿਓ, ਨਹੀਂ ਤਾਂ ਸ਼ੇਰ ਬਣ ਕੇ ਮੈਦਾਨ ਵਿਚ ਆਓ। ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਹੋਏ ਖਤਾਬ ਦੀ ਇਜ਼ਤ ਕਰੋ।

***(ਲੇਖਕ ਇਕ ਪੰਜਾਬੀ ਸਿੰਘ)***

### ਹਿੰਦੂ ਤੇ ਮੁਸਲਮਾਨਾਂ ਦਾ ਇਤਫਾਕ

ਅੱਜ ਕੱਲ ਹਿੰਦੋਸਤਾਨ ਮੇਂ ਹਿੰਦੂ ਮੁਸਲਮਾਨਾਂ ਦੇ ਇਤਫਾਕ ਦੀ ਖਾਤਰ ਬੜੀ ਬੜੀ ਜੁਗਤਾਂ ਹੋ ਰਹੀਆਂ ਹਨ। ਕੋਈ ਕੁਝ ਕਹਿੰਦਾ ਹੈ, ਕੋਈ ਕੁਝ। ਹਿੰਦੂ ਅਖਬਾਰ ਕਹਿੰਦੇ ਹਨ ਕਿ ਮੁਸਲਮਾਨ ਗਊ ਹੱਤਿਆ ਨਾ ਕਰਨ। ਮੁਸਲਮਾਨ ਲੀਡਰ ਏਸ ਨੂੰ ਮਦਦ ਕਰਦੇ ਹਨ। ਲਾਹੌਰ ਦਾ ਗੰਦਾ ਅਖਬਾਰ ਏਸ ਉਤੇ ਬੜਾ ਜ਼ੋਰ ਦਿੰਦਾ ਹੈ ਕਿ ਗਊ ਹੱਤਿਆ ਨਾ ਹੋਵੇ। ਏਸ ਵੇਲੇ ਤੁਰਕੀ ਦੀ ਲੜਾਈ ਦੀ ਵਜਾ ਹੋਣ ਕਰ ਕੇ ਮੁਸਲਮਾਨ ਭੀ ਬੜੇ ਜੋਸ਼ ਵਿਚ ਹਨ। ਉਹ ਅੰਗਰੇਜ਼ਾਂ ਦੇ ਹੱਥ ਕੰਡਿਆਂ ਨੂੰ ਜਾਣ ਗਏ ਹਨ।

ਮੁਸਲਮਾਨਾਂ ਦੇ ਡਰਾਕਲ ਤੇ ਗੁਲਾਮ ਦਿਲ ਆਗੂ ਅਮੀਰ ਅਲੀ ਤੇ ਆਗਾ ਖਾਨ ਮੁਸਲਮਾਨ ਲੀਗ (ਮੁਸਲਮਾਨਾਂ ਦੀ ਪਾਰਟੀ) ਦੀ ਕਮੇਟੀ ਤੋਂ ਜੁਦਾ ਹੋ ਗਏ ਹਨ। ਲੰਦਨ ਦਾ ਅਖਬਾਰ ਟੈਮਜ਼ ਜੁਆਨ ਮੁਸਲਮਾਨਾਂ ਨੂੰ ਗਿਦੜ ਭਬਕੀਆਂ ਦੇਣ ਦੀ ਕੋਸ਼ਿਸ਼ ਕਰਦਾ ਹੈ। ਸਾਡੀ ਰਾਏ ਵਿਚ ਹਿੰਦੂ ਮੁਸਲਮਾਨਾਂ ਦੇ ਇਤਫਾਕ ਦੀ ਸਾਰੀ ਬਾਤਾਂ ਉਮੈਦਾ ਅਤੇ ਸ਼ੁਭ ਹਨ ਅਤੇ ਏਸ ਵਿਚ ਗਦਰ 1857 ਦੀ ਤਵਾਰੀਖ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿਉਂਕਿ ਏਸ ਗ਼ਦਰ ਵਿਚ ਹਿੰਦੂ ਮੁਸਲਮਾਨਾਂ ਨੇ ਏਕਾ ਕਰ ਕੇ ਅੰਗਰੇਜ਼ ਦੇ ਰਾਜ ਨੂੰ ਹਿਲਾ ਦਿੱਤਾ ਸੀ। ਹੋਰ ਕਿਸਮ ਦਾ ਝਗੜਾ ਨਹੀਂ ਹੋਇਆ। ਉਹ ਇਤਫਾਕ ਦੀ ਯਾਦਗਾਰ ਕੈਮ ਰੱਖਣੀ ਚਾਹੀਦੀ ਹੈ। ਏਸ ਕਰ ਕੇ ਅਸੀਂ ਹਰ ਵਾਰ ਲੜੀ ਦੀ ਤਾਰ ਉਸ ਤਵਾਰੀਖ ਨੂੰ ਏਸ ਅਖਬਾਰ ਵਿਚ ਛਾਪਦੇ ਹਾਂ। ਏਸ ਤੋਂ ਬਿਨਾਂ ਹਿੰਦੂ ਮੁਸਲਮਾਨਾਂ ਨੂੰ ਮਾਲੀ ਖਿਆਲ ਜ਼ਿਆਦਾ ਰਖਣਾ ਚਾਹੀਦਾ ਹੈ। ਤੇ ਮਜ਼੍ਹਬੀ ਖਿਆਲ ਜੁਦਾ ਰਖਣੇ ਚਾਹੀਦੇ ਹਨ। ਹਿੰਦੂ ਮੁਸਲਮਾਨ ਦੋਨੋ ਹੀ ਪਲੇਗ ਵਿਚ ਮਰਦੇ ਹਨ। ਕਾਲ ਵਿਚ ਦੋਨਾਂ ਨੂੰ ਹੀ ਰੋਟੀ ਨਹੀਂ ਮਿਲਦੀ। ਦੋਨੋ ਹੀ ਕੱਚੇ ਮਕਾਨਾਂ ਤੇ ਅੰਧੇਰੀ ਗਲੀਆਂ ਵਿਚ ਰਹਿੰਦੇ ਹਨ। ਦੋਨਾਂ ਦੀ ਜੇਬ ਖਾਲੀ ਹੈ। ਦੋਹਾਂ ਤੋਂ ਜ਼ਮੀਨ ਦਾ ਮਾਮਲਾ ਲਿਆ ਜਾਂਦਾ ਹੈ।

ਦੋਨੋ ਹੀ ਬਗਾਰ ਵਿਚ ਫੜੇ ਜਾਂਦੇ ਹਨ। ਬਸ ਏਨਾਂ ਬਾਤਾਂ ਉਤੇ ਜ਼ੋਰ ਦੇਣ ਤੋਂ ਇਤਫਾਕ ਦਾ ਖਿਆਲ ਤਾਕਤ ਫੜੇਗਾ। ਮਜ਼੍ਹਬੀ ਬਾਤਾਂ ਦੇ ਨਾਲ ਅਸਲੀ ਮਤਲਬ ਗੁਮ ਹੋ ਜਾਂਦਾ ਹੈ ਅਤੇ ਇਹ ਭੀ ਯਾਦ ਰਖਣਾ ਚਾਹੀਏ ਕਿ ਸਿਰਫ ਅੰਗਰੇਜ਼ਾਂ ਦੇ ਕਢਨ ਦੀ ਖਾਤਰ ਹੀ ਹਿੰਦੂ ਮੁਸਲਮਾਨਾਂ ਦਾ ਇਤਫਾਕ ਹੋ ਸਕਦਾ ਹੈ। ਕਿਉਂਕਿ ਇਤਫਾਕ ਦੀ ਖਾਤਰ ਇਕ ਦੁਸ਼ਮਣ ਹੋਣਾ ਜ਼ਰੂਰੀ ਹੈ। ਜਿਸ ਦੇ ਬਰਖਲਾਫ ਇਤਫਾਕ ਕੀਤਾ ਜਾਵੇ। ਜਿਸ ਤਰ੍ਹਾਂ ਸਵਿਟਜ਼ਰਲੈਂਡ ਵਿਚ ਆਸਟਰੀਆ ਦੇ ਬਾਦਸ਼ਾਹ ਦੇ ਬਰਖਲਾਫ ਲੜਾਈ ਕਰਨ ਨੂੰ ਇਤਫਾਕ ਹੋ ਗਿਆ ਅਤੇ ਇੰਗਲਿਸ਼ਸਤਾਨ ਵਿਚ ਸਪੇਨ ਨੇ ਬਰਖਲਾਫ ਹੋਇਆ। ਏਸੇ ਤਰ੍ਹਾਂ ਹਿੰਦੋਸਤਾਨ ਮੇਂ ਗੋਰੀ ਚਮੜੀ ਦੇ ਮਾਸ ਖੋਰ ਜਾਨਵਰਾਂ ਦਾ ਸ਼ਿਕਾਰ ਕਰਨ ਦੀ ਖੇਲ ਵਿਚ ਸਾਰੀ ਕੌਮਾਂ ਦਾ ਇਤਫ਼ਾਕ ਹੋਊਗਾ। ਸਿਰਫ ਜ਼ਬਾਨੀ ਜਮਾਂ ਖਰਚ ਨਾਲ ਕੰਮ ਨਹੀਂ ਚਲੇਗਾ। ਅਤੇ ਇਤਫਾਕ ਦੇ ਨਾਲ ਹੀ ਵੱਡੇ ਤੇ ਨੇਕ ਅਸੂਲਾਂ ਪਰ ਗ਼ਦਰ ਦੀ ਜੜ ਨੂੰ ਕਾਇਮ ਕਰਨ ਚਾਹੀਦਾ ਹੈ। ਜਾਨੀ ਕਿ ਹਰ ਇਕ ਮਨੁੱਖ ਦੀ ਅਜ਼ਾਦੀ, ਮਜ਼੍ਹਬ ਦੀ ਅਜ਼ਾਦੀ, ਸਭ ਕੌਮਾਂ ਦੇ ਬਰਾਬਰ ਹਨ, ਪੰਚੈਤੀ ਰਾਜ ਤੇ ਹੋਰ ਵੱਡੇ ਅਸੂਲ ਨਾ ਦਸੇ ਜਾਣ। ਤਾਂ ਮੁਸਲਮਾਨਾਂ ਦੇ ਦਿਲ ਵਿਚ ਕਿਸ ਤਰ੍ਹਾਂ ਮੁਲਕ ਦੀ ਮੁਹੱਬਤ ਹੋ ਸਕਦੀ ਹੈ। ਉਨ੍ਹਾਂ ਨੂੰ ਹਿੰਦੂਆਂ ਦੀ ਨੇਕ ਨੀਅਤ ਪਰ ਕਿਸ ਤਰਾਂ ਇਤਵਾਰ ਹੋ ਸਕਦਾ ਹੈ।

ਬਸ ਸਾਰੇ ਦੇਸ਼ ਭਗਤਾਂ ਨੂੰ ਚਾਹੀਦਾ ਹੈ ਕਿ ਮਜ਼੍ਹਬੀ ਬਾਤਾਂ ਨੂੰ ਦੂਰ ਕਰ ਕੇ ਮੁਲਕ ਦੇ ਮਾਲੀ ਮਾਮਲਿਆਂ ਦਾ ਖਿਆਲ ਕਰਨ ਅਤੇ ਹਰ ਆਦਮੀ ਦੀ ਅਜ਼ਾਦੀ ਦਾ ਲਿਹਾਜ਼ ਰਖ ਕੇ ਪੰਚੈਤੀ ਰਾਜ ਬਨਾਉਣ ਦਾ ਬੀੜਾ ਉਠਾਇਆ ਜਾਵੇ। ਪੁਰਾਣੇ ਵੇਲੇ ਦੀ ਐਵੇਂ ਦਿਲ ਸਤਾਉਣ ਵਾਲੀ ਬਾਤਾਂ ਭੁਲ ਕੇ 1857 ਦੇ ਗ਼ਦਰ ਦੀ ਯਾਦਗਾਰ ਤਾਜ਼ਾ ਕਰੀਏ ਅਤੇ ਹਿੰਦੂ ਮੁਸਲਮਾਨਾਂ ਦਾ ਸਵਾਲ ਹਟਾ ਕੇ ਹਿੰਦੋਸਤਾਨੀ ਤੇ ਅੰਗਰੇਜ਼ਾਂ ਦਾ ਸਵਾਲ ਅੱਗੇ ਰੱਖੋ। ਏਸ ਤਰ੍ਹਾਂ ਹੌਲੀ ਹੌਲੀ ਮੁਸਲਮਾਨਾਂ ਦਾ ਇਤਫਾਕ ਅਜਿਹਾ ਮਜ਼ਬੂਤ ਹੋ ਜਾਵੇ। ਭਈ ਕੋਈ ਦਖਲ ਦੇ ਕੇ ਨੁਕਸਾਨ ਨਾ ਦੇ ਸਕੇ।

***ਪੰਜਾਬੀ 'ਗ਼ਦਰ' ਦੇ ਤੀਜੇ, ਭਾਵ 30 ਦਸੰਬਰ 1913 ਵਾਲੇ ਅੰਕ ਦੇ ਪਹਿਲੇ ਸਫੇ। ਦਾ ਹੂ-ਬ-ਹੂ ਉਤਾਰਾ...***

**ਜੇ ਚਿਤ ਪਰੇਮ ਖੇਲਣ ਦਾ ਚਾਓ ਸਿਰ ਧਰ ਤਲੀ ਗਲੀ ਮੇਰੀ ਆਓ**

## .ਗ਼ਦਰ

ਜਿਲਦ ਨੰ: 1 ਯੁਗਾਂਤਰ ਆਸ਼ਰਮ ਸਾਨ ਫਰਾਂਸਿਸਕੋ, 30 ਦਸੰਬਰ 1913 ਨੰਬਰ-3

### ਅੰਗਰੇਜ਼ੀ ਰਾਜ ਦਾ ਕੱਚਾ ਚਿਠਾ ਮੋਟੀਆਂ ਮੋਟੀਆਂ ਬਾਤਾਂ

1. ਅੰਗਰੇਜ਼ ਹਰ ਸਾਲ 50 ਕਰੋੜ ਰੁਪੈਆ ਹਿੰਦੋਸਤਾਨ ਵਿਚੋਂ ਲੈ ਜਾਂਦੇ ਹਨ। ਏਸ ਕਰ ਕੇ ਏਤਨੇ ਗਰੀਬ ਹੋ ਗਏ ਹਾਂ ਕਿ ਹਰ ਆਦਮੀ ਨੂੰ ਪੰਜ ਪੈਸੇ ਦਿਹਾੜੀ ਆਮਦਨੀ ਹੈ।
2. ਜ਼ਮੀਨ ਦਾ ਮਾਮਲਾ ਸੌ ਵਿਚੋਂ ਪੈਂਹਠ ਲੈ ਜਾਂਦੇ ਹਨ।
3. ਚੌਵੀ ਕਰੋੜ ਆਦਮੀਆਂ ਦੀ ਪੜ੍ਹਾਈ ਤੇ ਪੌਣੇ ਅੱਠ ਕਰੋੜ ਰੁਪੈਆ ਤੇ ਸਫਾਈ ਤੇ ਕੁਲ ਦੋ ਕਰੋੜ ਖਰਚਦੇ ਹਨ। ਪਰ ਫੌਜ ਉਤੇ ਸਾਢੇ ਉਨੱਤੀ ਕਰੋੜ।
4. ਅੰਗਰੇਜ਼ਾਂ ਦੇ ਰਾਜ ਵਿਚ ਕਾਲ ਵਧਦੇ ਜਾਂਦੇ ਹਨ ਅਤੇ ਦਸ ਬਰਸਾਂ ਵਿਚ ਦੋ ਕਰੋੜ ਆਦਮੀ ਮਰ ਗਏ।
5. ਪਲੇਗ ਨਾਲ ਸੋਲਾਂ ਬਰਸ ਵਿਚ ਅੱਸੀ (80) ਲੱਖ ਮਰ ਗਏ।
6. ਹਿੰਦੋਸਤਾਨ ਦੇ ਰਜਵਾੜਿਆਂ ਵਿਚ ਨਫ਼ਾਕ ਪਾ ਕੇ ਆਪਣਾ ਡਰ ਬਿਠਾਉਂਦੇ ਹਨ।
7. ਅੰਗਰੇਜ਼ਾਂ ਨੂੰ ਹਿੰਦੋਸਤਾਨੀ ਆਦਮੀਆਂ ਨੂੰ ਮਾਰ ਦੇਣ ਤੇ ਔਰਤਾਂ ਦੀ ਇਜ਼ਤ ਖਰਾਬ ਕਰਨ ਦੀ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।
8. ਹਿੰਦੂ ਮੁਸਲਮਾਨਾਂ ਦੇ ਪੈਸੇ ਨਾਲ ਇਸਾਈ ਮਜ਼੍ਹਬ ਦੀ ਮਦਦ ਕਰਦੇ ਹਨ।
9 ਹਿੰਦੂ ਮੁਸਲਮਾਨਾਂ ਦੇ ਵਿਚ ਫਸਾਦ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।
10. ਹਿੰਦੋਸਤਾਨ ਦੇ ਰੁਪੈ ਨਾਲ ਹਿੰਦੋਸਤਾਨੀਆਂ ਦੀਆਂ ਜਾਨਾਂ ਖਪਾ ਕੇ ਦੂਜੇ ਦੇਸ਼ਾਂ ਪਰ ਚੜ੍ਹਾਈ ਕੀਤੀ ਜਾਂਦੀ ਹੈ।
11. ਹਿੰਦੋਸਤਾਨ ਦੀ ਅਬਾਦੀ ਅੰਗਰੇਜ਼ੀ ਇਲਾਕੇ ਵਿਚ ਚੌਵੀ (24) ਕਰੋੜ ਤੇ ਰਿਆਸਤਾਂ ਵਿਚ ਸੱਤ ਕਰੋੜ ਹੈ। ਅੰਗਰੇਜ਼ ਸਿਪਾਹੀ ਤੇ ਅਫਸਰ ਉਨੱਤਰ ਹਜ਼ਾਰ ਛੇ ਸੌ ਚੌਦਾਂ (69614) ਵਲੰਟੀਅਰ ਅਠੱਤੀ ਹਜ਼ਾਰ ਨੌ ਸੌ ਚਰਾਸੀ।

### ਲੇਖਾਂ ਦੀ ਲੜੀ


| ਲੇਖ | ਪੰਨਾ |
|---|---|
| 1. ਪੰਜਾਬੀ ਸਿੰਘ ਤੇ ਗੁਜਰਾਤੀ ਔਰਤਾਂ... | 2 |
| 2. ਹਿੰਦੂ ਮੁਸਲਮਾਨਾਂ ਦਾ ਇਤਫਾਕ...... | 2 |
| 3. ਕਸ਼ਮੀਰ ਦੀ ਖੁਸ਼ਹਾਲੀ............. | 3 |
| 4. ਦੇਸ਼ ਘਾਤੀ ਦੀ ਜ਼ਿੰਦਗੀ............. | 3 |
| 5. ਅੰਗਾਂ ਦੀ ਗਵਾਹੀ.................. | 5 |
| 6. ਮੈਕਸੀਕੋ ਵਿਚ ਜ਼ਿਮੀਦਾਰਾਂ ਤੇ ਮਜ਼ਦੂਰਾਂ ਦਾ ਹਾਲ.............................. | 5 |
| 7. ਰੂਸ ਦੇ ਗ਼ਦਰ ਦੀ ਤਿਆਰੀ.......... | 7 |
| 8. ਬੈਂਤ: ਸੱਚੀ ਪੁਕਾਰ................ | 6 |
| 9. ਤੁਰਕੀ ਦੀ ਫੌਜ..................... | 7 |
| 10. ਤਵਾਰੀਖ ਗ਼ਦਰ.................. | 8 |


***ਖਤ ਪੱਤਰ ਤੇ ਮਾਇਆ ਦਾ ਦਾਨ ਹੇਠ ਲਿਖੇ ਪਤੇ ਪਰ ਭੇਜੋ।***

**ਸਕੱਤਰ ਯੁਗਾਂਤਰ ਆਸ਼ਰਮ**
**ਸਾਨ ਫਰਾਂਸਿਸਕੋ**
**ਕੈਲੇਫੋਰਨੀਆ**
**ਯੁਨਾਇਟੇਡ ਸਟੇਟਸ ਐਮਰਿਕਾ**

**The Secretary**
**Yugantar Ashram**
**San Francisco**
**USA**

### ਕਸ਼ਮੀਰ 'ਚ ਖੁਸ਼ਹਾਲੀ ਤੇ ਤੰਦਰੁਸਤੀ

ਅੰਗਰੇਜ਼ੀ ਇਲਾਕੇ ਵਿਚ ਖਿਲਕਤ ਰੋਜ਼ ਪਲੇਗ, ਤਾਪ ਤੇ ਹੈਜ਼ੇ ਨਾਲ ਦੁਖੀ ਰਹਿੰਦੀ ਹੈ। ਬਿਮਾਰੀ ਨਾਲ ਮੌਤਾਂ ਵਧਦੀਆਂ ਜਾਂਦੀਆਂ ਹਨ। ਏਸ ਦੀ ਵੱਡੀ ਵਜ੍ਹਾ ਏਹ ਹੈ ਕਿ ਲੋਕ ਗਰੀਬ ਹਨ। ਪੂਰੀ ਖੁਰਾਕ ਨਹੀਂ ਮਿਲਦੀ। ਮਕਾਨਾਂ ਦੀ ਸਫਾਈ ਨਹੀਂ ਕਰ ਸਕਦੇ। ਗਵਰਮਿੰਟ ਤੇ ਕਮੇਟੀਆਂ ਤੰਦਰੁਸਤੀ ਦੇ ਇੰਤਜ਼ਾਮ ਪੁਰ ਪੂਰਾ ਰੁਪਿਆ ਖਰਚ ਨਹੀਂ ਕਰਦੀਆਂ। ਬਿਮਾਰੀ ਦੇ ਰੋਕਣ ਦੀ ਕੋਈ ਜੁਗਤ ਨਹੀਂ ਕੀਤੀ ਜਾਂਦੀ। ਅਮਰੀਕਾ ਤੇ ਸਵਿਟਜ਼ਰਲੈਂਡ ਵਿਚ ਗਵਰਮਿੰਟ ਤੇ ਕਮੇਟੀਆਂ ਬਹੁਤ ਰੁਪਿਆ ਕੌਮਾਂ ਦੀ ਤੰਦਰੁਸਤੀ ਦੀ ਖਾਤਰ ਖਰਚ ਕਰਦੀਆਂ ਹਨ। ਪਰ ਹਿੰਦੋਸਤਾਨ ਦੀ ਗਵਰਮਿੰਟ ਸਾਰਾ ਰੁਪਿਆ ਫੌਜ ਤੇ ਅੰਗਰੇਜ਼ਾਂ ਦੀ ਤਨਖਾਹ ਪਰ ਖਰਚ ਕਰ ਸਕਦੀ ਹੈ। ਖਬਰ ਆਈ ਹੈ ਕਿ ਅਜ ਕਲ ਰਾਓਲ ਪਿੰਡੀ (ਰਾਵਲਪਿੰਡੀ) ਵਿਚ ਪਲੇਗ ਦਾ ਬੜਾ ਜ਼ੋਰ ਹੈ ਅਤੇ ਤਾਪ ਭੀ ਬੜਾ ਫੈਲਿਆ ਹੋਇਆ ਹੈ। ਹਰ ਕੋਈ, ਡਾਕਟਰ ਤਾਈ ਸ਼ਹਿਰ ਨੂੰ ਛਡ ਕੇ ਭਜ ਗਏ ਹਨ। ਖਿਲਕਤ ਦਾ ਬੁਰਾ ਹਾਲ ਹੈ। ਰਾਓਲ ਪਿੰਡੀ ਦਾ ਪਾਣੀ ਤਾਂ ਬੜਾ ਅੱਛਾ ਹੈ। ਪਹਾੜ ਕੋਲ ਹੈ, ਬੱਸ ਜੇ ਤੰਦਰੁਸਤੀ ਦਾ ਇੰਤਜ਼ਾਮ ਅੱਛਾ ਹੋਵੇ, ਲੋਕਾਂ ਦੇ ਪਾਸ ਖਾਣ ਪੀਣ ਤੇ ਪਹਿਨਣ ਨੂੰ ਬਹੁਤ ਪੈਸਾ ਹੋਵੇ, ਲੋਕਾਂ ਵਿਚ ਬਿਮਾਰੀ ਨਹੀਂ ਵਧ ਸਕਦੀ।

ਜੇ ਅਸੀਂ ਕਸ਼ਮੀਰ ਵਲ ਵੇਖੀਏ ਤਾਂ ਪਤਾ ਲਗੂਗਾ ਕਿ ਉਥੇ ਖੁਸ਼ਹਾਲੀ ਤੇ ਤੰਦਰੁਸਤੀ ਹੈ। ਕਿਉਂਕਿ ਗਵਰਮਿੰਟ ਦਾ ਜ਼ੁਲਮ ਨਹੀਂ ਹੈ। ਏਸ ਦਾ ਮਤਲਬ ਇਹ ਹੈ ਕਿ ਲੋਕ ਅੱਛੀ ਖੁਰਾਕ ਖਾਂਦੇ ਹਨ ਜਿਸ ਤੋਂ ਜਿਸਮ ਨੂੰ ਤਾਕਤ ਮਿਲਦੀ ਹੈ। ਬਿਮਾਰੀ ਜ਼ੋਰ ਨਹੀਂ ਪਾ ਸਕਦੀ। ਏਹ ਗਵਰਮਿੰਟ ਦੀ ਜਨਰਲ ਮਲੇਰੀਆ (ਜਾਨੀ ਤਾਪ ਦੇ ਬੰਦੋਬਸਤ ਦੀ ਬੜੀ) ਕਮੇਟੀ ਦੇ ਤੀਜੇ ਜਲਸੇ ਦੀ ਰੀਪੋਰਟ ਤੋਂ ਪਤਾ ਲੱਗਿਆ ਹੈ। ਇਹ ਜਲਸਾ ਮਦਰਾਸ ਵਿਚ ਨਵੰਬਰ 1912 ਵਿਚ ਹੋਇਆ ਰੀਪੋਰਟ ਦੇ ਸਫੇ 91 ਪਰ ਸਰਕਾਰੀ ਡਾਕਟਰ ਲਫਟੈਟ ਕਰਨਲ ਏਡੀ ਤੇ ਉਸ ਦੀ ਇਸਤਰੀ ਨੇ ਕਸ਼ਮੀਰ ਦੀ ਹਾਲਤ ਪੁਰ ਨੋਟ ਲਿਖਿਆ ਹੈ। ਜਿਹੜੀਆਂ ਹੇਠ ਲਿਖਿਆ ਸਤਰਾਂ ਵਿਚ ਵਿਚਾਰ ਯੋਗ ਹਨ,

"ਕਸ਼ਮੀਰ ਵਾਸੀਆਂ ਦੀ ਸੂਰਤੇ ਸ਼ਕਲ ਤੋਂ ਮਲੂਮ ਹੁੰਦਾ ਹੈ ਕਿ ਉਹ ਮਜ਼ਬੂਤ ਹਨ। ਅੱਛੀ ਖੁਰਾਕ ਖਾਂਦੇ ਹਨ। ਸਭੀ ਲੋਕ ਤਾਂ ਘੱਟੋ ਘੱਟ ਅਛੀ ਖੁਰਾਕ ਖਾਂਦੇ ਹਨ। ਮੁਰਗੀ, ਮੱਛੀ, ਸਬਜ਼ੀ ਉਨ੍ਹਾਂ ਦੀ ਨਿਤ ਦੀ ਖੁਰਾਕ ਹੈ। ਕਸ਼ਮੀਰ ਦੇ ਜਮੀਦਾਰਾਂ ਦੇ ਘਰ ਵਿਚ ਸਬਜ਼ੀ ਤਰਕਾਰੀ ਦੀ ਖਾਤਰ ਛੋਟਾ ਜਿਹਾ ਬਗੀਚਾ ਹੁੰਦਾ ਹੈ। ਉਹੋ ਮੁਰਗੀਆਂ, ਭੇਡਾਂ ਰਖਦੇ ਹਨ। ਉਨ੍ਹਾਂ ਦੇ ਪਾਸ ਫਲਾਂ ਦੇ ਦਰੱਖਤ ਹੁੰਦੇ ਹਨ। ਪਹਾੜਾਂ ਉਤੇ ਅਪਨੇ ਡੰਗਰ ਚਰਾ ਸਕਦੇ ਹਨ। ਜੰਗਲ ਵਿਚੋਂ ਲੱਕੜੀ ਤੇ ਚਾਰਾ ਲੈਂਦੇ ਹਨ। ਏਸ ਤਰ੍ਹਾਂ ਕਸ਼ਮੀਰ ਦੇ ਲੋਕ ਬੜੇ ਹੀ ਖੁਸ਼ ਹਨ। ਏਹ ਕਹਿੰਦਾ ਹੈ ਕਿ ਜਿਤਨੀ ਅੱਛੀ ਖੁਰਾਕ ਹੁੰਦੀ ਹੈ। ਉਹਨੀਆਂ ਹੀ ਬਿਮਾਰੀਆਂ ਘੱਟ ਦੀਆਂ ਜਾਂਦੀਆਂ ਹਨ।"

ਅੰਗਰੇਜ਼ਾਂ ਦੇ ਇਲਾਕੇ ਵਿਚ ਮਾਮਲਾ ਵਸੂਲ, ਜੰਗਲਾਂ ਦੇ ਕਾਨੂੰਨਾਂ ਤੋ ਹੋਰ ਕਈ ਮੁਸ਼ਕਲਾਂ ਤੋਂ ਜਮੀਦਾਰ ਏਤਨੇ ਗਰੀਬ ਹਨ ਕਿ ਬਹੁਤ ਬੁਰੀ ਖੁਰਾਕ ਖਾਂਦੇ ਹਨ। ਘੀ, ਦੁੱਧ, ਅੰਬ ਮੁਸ਼ਕਲ ਨਾਲ ਮਿਲਦੇ ਹਨ। ਜਿਹੜਾ ਰੁਪਿਆ ਖੁਰਾਕ ਪਰ ਖਰਚ ਕਰਨਾ ਚਾਹੀਦਾ ਸੀ, ਉਹ ਸਰਕਾਰ ਦੇ ਖਜ਼ਾਨੇ ਵਿਚ ਦੇਣਾ ਪੈਂਦਾ ਹੈ।

ਹੁਣ ਅੰਗਰੇਜ਼ ਕਸ਼ਮੀਰ ਵਿਚ ਭੀ ਹੱਥ ਪਾਉਣਾ ਚਾਹੁੰਦੇ ਹਨ। ਗ਼ਦਰ ਪਾਰਟੀ ਉਨ੍ਹਾਂ ਨੂੰ ਉਥੇ ਆਪਣੇ ਸੋਗੀ ਪੈਰ ਧਰਨ ਤੋਂ (ਹੀ) ਨਹੀਂ ਰੋਕੂਗੀ ਸਗੋਂ ਸਾਰੇ ਪੰਜਾਬ ਤੇ ਹਿੰਦੋਸਤਾਨ ਵਿਚ ਉਨ੍ਹਾਂ ਦਾ ਨਾਓਂ ਨਹੀਂ ਛੱਡੂਗੀ।

### ਦੇਸ਼ ਘਾਤੀ ਦੀ ਜ਼ਿੰਦਗੀ

ਆਦਮੀ ਤੇ ਡੰਗਰ ਦੇ ਵਿਚ ਕੀ ਫਰਕ ਹੈ? ਆਦਮੀ ਅਪਨੀ ਜਾਤ ਅਪਨੇ ਕਬੀਲੇ ਅਪਨੀ ਕੌਮ ਤੇ ਵਤਨ ਦੀ ਇਜ਼ਤ ਦਾ ਖਿਆਲ ਰੱਖਦਾ ਹੈ। ਪਸ਼ੂ ਸਿਰਫ ਰੋਟੀ ਦੀ ਖਾਤਰ ਆਪਣੀ ਕੌਮ ਤੋਂ ਘਿਣ ਕਰਦਾ ਹੈ। ਨਹੀਂ ਨਹੀਂ, ਪਸ਼ੂ ਮਮੂਲੀ ਘਾਸ ਫੂਸ ਖਾ ਕੇ ਆਦਮੀ ਦੀ ਖਾਤਰ ਕੰਮ ਕਰਦਾ ਹੈ। ਕੀ ਆਦਮੀ ਜਿਹੜਾ ਕੌਮ ਘਾਤੀ ਹੋਵੇ, ਕੌਮ ਰਾਖੀ ਕੀੜੀ ਦੀ ਬਰਾਬਰੀ ਕਰ ਸਕਦਾ ਹੈ? ਕਦੇ ਨਹੀਂ। ਬਸ ਉਹ ਆਦਮੀ ਜੇਹੜਾ ਦਸ ਪੰਦਰਾਂ ਡਾਲਰ ਦੀ ਖਾਤਰ ਅਪਨੀ ਕੌਮ ਦੇ ਬਰਖਲਾਫ ਅਪਨੀ ਕੌਮ ਦੇ ਦੁਸ਼ਮਣਾਂ ਦੇ ਪਾਸ ਜ਼ਹਿਰ ਉਗਲਦਾ ਹੈ, ਉਹੋ ਗਧੇ, ਟੱਟੂ, ਊਠ ਅਤੇ ਕੀੜੀਆਂ ਤੋਂ ਬੀ ਬੁਰਾ ਹੈ। ਓਹੋ ਅਪਨੇ ਮਨੁੱਸ਼ ਜਾਤੀ ਦੇ ਜਾਮੇ ਨੂੰ ਪਲੀਤ ਕਰਦਾ ਹੈ। ਮਨੁੱਸ਼ ਜਨਮ ਪਾ ਕੇ ਬੀ ਉਹ ਉਪਰਾਧੀ ਅਪਨੇ ਹਥਾਂ ਨਾਲ ਅਪਨੀ ਖਾਤਰ ਮੁਸੀਬਤ ਦੇ ਸਮਾਨ ਕਠੇ ਕਰਦਾ ਹੈ।

ਮਾਯਾ ਆਦਮੀ ਦੇ ਹੱਥਾਂ ਦੀ ਮੈਲ ਹੈ। ਫੇਰ ਉਸ ਦੌਲਤ ਦੀ ਖਾਤਰ ਅਪਨੀ ਕੌਮ ਦੇ ਮਹਾਂ ਪੁਰਸ਼ਾਂ ਦੇ ਬਰਖਲਾਫ ਚੁਗਲੀ ਕਰਨਾ ਕੈਸਾ ਨੀਚ ਕੰਮ ਹੈ। ਅਤੇ ਗਵਰਮਿੰਟ ਤੋਂ ਐਵੇਂ ਫੋਕੇ ਖਤਾਬਾਂ ਦੀ ਖਾਤਰ ਕੌਮ ਦੇ ਸ਼ਹੀਦਾਂ ਦੀ ਨਿੰਦਿਆ ਕਰਨਾ ਮਹਾਂ ਪਾਪ ਹੈ।

ਦੇਸ਼ ਘਾਤੀ ਨੂੰ ਰੁਪੈ ਤਾਂ ਮਿਲ ਜਾਂਦੇ ਹਨ ਪਰ ਰੁਪਏ ਦੇਣ ਵਾਲੇ, ਦੇਸ਼ ਘਾਤੀ ਨੂੰ ਕੁੱਤਾ ਸਮਝਦੇ ਹਨ। ਉਹ ਜਾਣਦੇ ਹਨ ਕਿ ਜਿਸ ਆਦਮੀ ਨੇ ਅਪਨੀ ਕੌਮ ਦਾ ਭਲਾ ਨਹੀਂ ਕੀਤਾ, ਪਰਾਈ ਕੌਮ ਦਾ ਉਹ ਕਿਸ ਤਰ੍ਹਾਂ ਭਲਾ ਕਰ ਸਕਦਾ ਹੈ ਅਤੇ ਦਿਲ ਵਿਚ ਸਮਝਦੇ ਹਨ ਕਿ ਏਹ ਕੁੱਤਾ ਜੇਹੜਾ ਅਪਨੀ ਕੌਮ ਦਾ ਦੁਸ਼ਮਣ ਹੈ, ਉਹ ਸਾਡਾ

***(ਬਾਕੀ ਅਗਲੇ ਸਫੇ 'ਤੇ)***

# ਉਲੰਪਿਕਸ ਅਤੇ ਸਿਆਸਤ

ਉਲੰਪਿਕ ਖੇਡਾਂ ਦਾ ਅਰੰਭ 1896 ਵਿਚ ਯੂਨਾਨ (ਗਰੀਸ) ਦੇ ਏਥਨਜ਼ ਸ਼ਹਿਰ ਤੋਂ ਹੋਇਆ ਸੀ ਅਤੇ ਇਹ ਖੇਡਾਂ 120 ਸਾਲ (1896-2016) ਦਾ ਸਫਰ ਪੂਰਾ ਕਰ ਚੁੱਕੀਆਂ ਹਨ। ਕੇਵਲ ਸੰਸਾਰ ਯੁੱਧ ਕਰ ਕੇ 1940-44 ਵਿਚ ਇਹ ਖੇਡਾਂ ਨਹੀਂ ਸਨ ਹੋ ਸਕੀਆਂ। ਇਸ ਤੋਂ ਇਲਾਵਾ ਹਰ ਚਾਰ ਸਾਲ ਮਗਰੋਂ ਦੁਨੀਆਂ ਦੇ ਕਿਸੇ ਨਾ ਕਿਸੇ ਸ਼ਹਿਰ ਇਹ ਖੇਡਾਂ ਹੁੰਦੀਆਂ ਆਈਆਂ ਹਨ। ਇਸ ਬਾਬਤ ਕੁਝ



**ਦਲਬਾਰਾ ਸਿੰਘ ਮਾਂਗਟ**
**ਫੋਨ: 269-267-9621**

ਵੇਰਵਾ ਇਸ ਪ੍ਰਕਾਰ ਹੈ:

| ਸਾਲ | ਸ਼ਹਿਰ | ਦੇਸ਼ |
|---|---|---|
| 1948 | ਲੰਡਨ | ਇੰਗਲੈਂਡ |
| 1952 | ਹੇਲਸਿੰਕੀ | ਫਿਨਲੈਂਡ |
| 1956 | ਮੈਲਬਰਨ | ਅਸਟਰੇਲੀਆ |
| 1960 | ਰੋਮ | ਇਟਲੀ |
| 1964 | ਟੋਕੀਓ | ਜਾਪਾਨ |
| 1968 | ਮੈਕਸੀਕੋ | ਮੈਕਸੀਕੋ |
| 1972 | ਮਿਊਨਖ | ਜਰਮਨੀ |
| 1976 | ਮੌਂਟਰੀਅਲ | ਕੈਨੇਡਾ |
| 1980 | ਮਾਸਕੋ | ਰੂਸ |
| 1984 | ਲਾਸ ਏਂਜਲਸ | ਅਮਰੀਕਾ |
| 1988 | ਸਿਓਲ | ਦੱਖਣੀ ਕੋਰੀਆ |
| 1992 | ਬਾਰਸੀਲੋਨਾ | ਸਪੇਨ |
| 1996 | ਅਟਲਾਂਟਾ | ਅਮਰੀਕਾ |
| 2000 | ਸਿਡਨੀ | ਆਸਟਰੇਲੀਆ |
| 2004 | ਏਥਨਜ਼ | ਗਰੀਸ |
| 2008 | ਬੀਜਿੰਗ | ਚੀਨ |
| 2012 | ਲੰਡਨ | ਇੰਗਲੈਂਡ |
| 2016 | ਰੀਓ-ਡੀ-ਜਨੇਰੋ | ਬ੍ਰਾਜ਼ੀਲ |

2020 ਦੀਆਂ ਉਲੰਪਿਕ ਖੇਡਾਂ ਟੋਕੀਓ (ਜਾਪਾਨ) ਵਿਚ ਦੂਜੀ ਵਾਰ ਹੋ ਰਹੀਆਂ ਹਨ ਅਤੇ ਏਸ਼ੀਆਈ ਉਪ ਮਹਾਦੀਪ ਵਿਚ ਇਹ ਚੌਥੀ ਵਾਰ ਹੋਣਗੀਆਂ। ਕੀ ਭਾਰਤ ਵੀ ਕਦੀ ਉਲੰਪਿਕ ਖੇਡਾਂ ਕਰਵਾ ਸਕੇਗਾ? ਇਹ ਸਵਾਲ ਹਮੇਸ਼ਾ ਖੜ੍ਹਾ ਰਹੇਗਾ, ਕਿਉਂਕਿ 1988 ਵਾਲੀਆਂ ਸਿਓਲ (ਦੱਖਣੀ ਕੋਰੀਆ) ਖੇਡਾਂ ਦੌਰਾਨ ਉਸ ਵੇਲੇ ਭਾਰਤੀ ਉਲੰਪਿਕ ਸੰਘ ਦੇ ਪ੍ਰਧਾਨ ਵਿਦਿਆ ਚਰਨ ਸ਼ੁਕਲਾ ਨੇ ਦਾਅਵਾ ਪੇਸ਼ ਕੀਤਾ ਸੀ, ਪਰ ਪਹਿਲੇ ਦਸ ਮੁਲਕਾਂ ਵਿਚ ਵੀ ਨੰਬਰ ਨਹੀਂ ਸੀ ਲੱਗਾ। ਪਿਛੋਂ ਤਾਂ ਓਲੰਪਿਕ ਖੇਡਾਂ ਬਾਰੇ ਕਦੀ ਕਿਤੇ ਗੱਲ ਵੀ ਨਾ ਚੱਲੀ। ਫਿਰ ਭਾਰਤ ਨੂੰ 2010 ਦੀਆਂ ਕਾਮਨਵੈਲਥ ਖੇਡਾਂ ਕਰਵਾ ਕੇ ਹੀ ਸਬਰ ਕਰਨ ਪਿਆ ਜਿਸ ਵਿਚ ਹੋਇਆ ਘੁਟਾਲਾ ਅਜੇ ਵੀ ਚਰਚਾ ਵਿਚ ਹੈ।

ਓਲੰਪਿਕ ਖੇਡਾਂ ਨੂੰ ਕੌਮਾਂਤਰੀ ਓਲੰਪਿਕ ਕਮੇਟੀ (ਆਈ.ਓ.ਸੀ.) ਚਲਾਉਂਦੀ ਹੈ ਜਿਸ ਦਾ ਮੁੱਖ ਦਫਤਰ ਬੈਲਜ਼ੀਅਮ ਵਿਚ ਹੈ ਅਤੇ ਇਹ ਸੰਸਥਾ ਤਕਰੀਬਨ ਅੱਠ ਸਾਲ ਪਹਿਲਾਂ ਹੀ ਤੈਅ ਕਰ ਦਿੰਦੀ ਹੈ ਕਿ ਕਿਹੜੀਆਂ ਉਲੰਪਿਕ ਕਿਥੇ ਅਤੇ ਕਦੋਂ ਹੋਣਗੀਆਂ। ਮਸਲਨ, 2024 ਲਈ ਦੁਨੀਆਂ ਦੇ ਤਿੰਨ ਮੁੱਖ ਸ਼ਹਿਰਾਂ-ਪੈਰਿਸ (ਫਰਾਂਸ), ਬੁਡਾਪੈਸਟ (ਹੰਗਰੀ) ਅਤੇ ਲਾਸ ਏਂਜਲਸ (ਅਮਰੀਕਾ) ਵੱਲੋਂ ਕੀਤੇ ਗਏ ਦਾਅਵਿਆਂ ਦਾ ਫੈਸਲਾ ਸਤੰਬਰ 2017 ਵਿਚ ਪੀਰੂ ਦੇ ਲੀਮਾ ਸ਼ਹਿਰ ਵਿਚ ਕਰ ਦਿੱਤਾ ਜਾਵੇਗਾ। ਕੁਝ ਲੋਕਾਂ ਦਾ ਕਹਿਣਾ ਹੈ ਕਿ ਨਵੇਂ ਬਣੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਜ਼ੋਰ ਪਾਉਣਗੇ ਕਿ 2024 ਦੀਆਂ ਖੇਡਾਂ ਤੀਜੀ ਵਾਰ ਲਾਸ ਏਂਜਲਜ ਵਿਚ ਹੀ ਹੋਣ। ਇਹ ਆਪਣੇ-ਆਪ ਵਿਚ ਰਿਕਾਰਡ ਹੋ ਸਕਦਾ ਹੈ। ਇਸ ਸ਼ਹਿਰ ਵਿਚ 1932 ਅਤੇ 1984 ਵਿਚ ਉਲੰਪਿਕ ਖੇਡਾਂ ਹੋ ਚੁੱਕੀਆਂ ਹਨ।

ਇਹ ਗੱਲ ਸਪਸ਼ਟ ਕਰ ਦਈਏ ਕਿ ਉਲੰਪਿਕ ਕੋਈ ਵਸਤੂ ਵਗੈਰਾ ਨਹੀਂ ਜੋ ਖਰੀਦੀ ਜਾ ਸਕੇ ਅਤੇ ਇਨ੍ਹਾਂ ਖੇਡਾਂ ਵਿਚ ਸਿਆਸਤ ਲਈ ਕੋਈ ਥਾਂ ਨਹੀਂ ਹੁੰਦੀ। ਸਿਆਸਤ ਨੂੰ ਖੇਡ ਖੇਤਰ ਤੋਂ ਦੂਰ ਰੱਖਣ ਲਈ ਸਖਤ ਦਿਸ਼ਾ-ਨਿਰਦੇਸ਼ ਲਾਗੂ ਕੀਤੇ ਗਏ ਹਨ। ਆਈ.ਓ.ਸੀ. ਬਹੁਤ ਮਜ਼ਬੂਤ ਸੰਸਥਾ ਹੈ ਜਿਸ ਵਿਚ ਵੱਖ-ਵੱਖ ਦੇਸ਼ਾਂ ਦੇ 98 ਮੈਂਬਰ ਹਨ। ਕਦੀ ਭਾਰਤ ਵੱਲੋਂ ਰਾਜਾ ਭਲਿੰਦਰ ਸਿੰਘ ਅਤੇ ਆਈ.ਪੀ.ਐਸ. ਅਸ਼ਵਨੀ ਕੁਮਾਰ ਲੰਮਾ ਸਮਾਂ ਲਾਈਫ ਮੈਂਬਰ ਰਹੇ। ਇਹ ਮੈਂਬਰ ਵੱਖ-ਵੱਖ ਸਹੂਲਤਾਂ, ਸਕਿਓਰਿਟੀ, ਵਾਤਾਵਰਣ, ਸਪੋਰਟਸ ਕੰਪਲੈਕਸ ਅਤੇ ਹਾਲਾਤ ਦਾ ਜਾਇਜ਼ਾ ਲੈ ਕੇ ਕੋਈ ਵੀ ਫੈਸਲਾ ਕਰਦੇ ਹਨ, ਕਿਸੇ ਸਿਆਸੀ ਦਬਾਅ ਹੇਠ ਨਹੀਂ।

ਜ਼ਿਕਰਯੋਗ ਹੈ ਕਿ ਹਿਲਰੀ ਕਲਿੰਟਨ ਨੇ 2012 ਦੀਆਂ ਉਲੰਪਿਕ ਖੇਡਾਂ ਨਿਊ ਯਾਰਕ ਵਿਚ ਕਰਵਾਉਣ ਲਈ ਕੋਸ਼ਿਸ਼ ਕੀਤੀ ਸੀ, ਪਰ ਨਾਕਾਮ ਰਹੀ ਅਤੇ ਇਹ ਖੇਡਾਂ ਲੰਡਨ ਸ਼ਹਿਰ ਨੂੰ ਦੇ ਦਿੱਤੀਆਂ ਗਈਆਂ ਸਨ। ਹਿਲਰੀ ਕਈ ਵਾਰ ਉਲੰਪਿਕ ਵਿਚ ਸ਼ਿਰਕਤ ਕਰ ਚੁੱਕੀ ਹੈ। ਸਾਲ 1996 ਵਾਲੀਆਂ ਅਟਲਾਂਟਾ ਖੇਡਾਂ ਦੌਰਾਨ ਉਹ 'ਫਸਟ ਲੇਡੀ' ਵੀ ਸੀ। ਇਸੇ ਤਰ੍ਹਾਂ 2009 ਵਿਚ ਰਾਸ਼ਟਰਪਤੀ ਬਰਾਕ ਓਬਾਮਾ ਖੁਦ ਆਈ.ਓ.ਸੀ. ਮੀਟਿੰਗ ਵਿਚ ਕੋਪਨਹੈਗਨ ਪਹੁੰਚੇ ਸਨ, ਇਸ ਉਮੀਦ ਨਾਲ ਕਿ 2016 ਦੀਆਂ ਉਲੰਪਿਕ ਖੇਡਾਂ ਸ਼ਿਕਾਗੋ ਨੂੰ ਮਿਲ ਸਕਣ, ਪਰ ਨਿਰਾਸ਼ਾ ਹੀ ਮਿਲੀ ਅਤੇ ਇਹ ਖੇਡਾਂ ਰੀਓ-ਡੀ-ਜਨੇਰੋ (ਬ੍ਰਾਜ਼ੀਲ) ਨੂੰ ਸੌਂਪ ਦਿੱਤੀਆਂ।

ਜਿਥੋਂ ਤੱਕ ਲਾਸ ਏਂਜਲਸ ਵਿਚ 2024 ਦੀਆਂ ਉਲੰਪਿਕ ਖੇਡਾਂ ਕਰਵਾਉਣ ਦਾ ਸਬੰਧ ਹੈ, ਇਹ ਗੱਲ ਜੱਗ ਜ਼ਾਹਰ ਹੈ ਕਿ ਡੋਨਲਡ ਟਰੰਪ ਨੇ ਆਪਣੀ ਚੋਣ ਮੁਹਿੰਮ ਵਿਚ ਨਸਲਕੁਸ਼ੀ ਅਤੇ ਹੋਰ ਕਈ ਕੌੜੇ ਸ਼ਬਦ ਬੋਲੇ ਸਨ ਜਿਸ ਦਾ ਪਰਵਾਸੀਆਂ ਦੇ ਮਨਾਂ ਵਿਚ ਰੋਸ ਹੈ ਅਤੇ ਉਲੰਪਿਕ ਅਸੈਂਬਲੀ




ਦੇ ਮੈਂਬਰਾਂ ਨੇ ਵੀ ਇਸ ਦੀ ਨਿੰਦਾ ਕੀਤੀ ਸੀ। ਉਲੰਪਿਕ ਖੇਡਾਂ ਤਾਂ ਸ਼ਾਂਤੀ, ਪਿਆਰ ਤੇ ਸਭਿਅਤਾ ਦਾ ਸੁਨੇਹਾ ਦਿੰਦੀਆਂ ਹਨ। ਇਸ ਦੇ ਸਫੈਦ ਰੰਗ ਦੇ ਝੰਡੇ 'ਚ ਪੰਜ ਰੰਗੇ ਗੋਲ ਚੱਕਰ ਦੁਨੀਆਂ ਸਾਰੇ ਮਹਾਦੀਪਾਂ ਨੂੰ ਬਰਾਬਰੀ ਦਾ ਸੱਦਾ ਦਿੰਦੇ ਹਨ।

ਹੁਣ ਜੇ ਪੈਰਿਸ ਦੀ ਗੱਲ ਕਰੀਏ ਤਾਂ ਉਸ ਦੇ ਆਪਣੇ ਘਰੇਲੂ ਮਸਲੇ ਜਿਵੇਂ ਕੌਮੀ ਚੋਣਾਂ, ਸੁਰੱਖਿਆ ਅਤੇ ਆਈ.ਐਸ. ਵੱਲੋਂ ਕੀਤੇ ਜਾ ਰਹੇ ਬੰਬ ਧਮਾਕੇ ਵੱਡੀ ਚੁਣੌਤੀ ਬਣੇ ਹੋਏ ਹਨ ਜਿਸ ਦਾ ਅਸਰ ਪੈਰਿਸ ਉਲੰਪਿਕ ਖੇਡਾਂ ਉਪਰ ਹੋਣਾ ਲਾਜ਼ਮੀ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਇਹ ਤੈਅ ਹੋਵੇਗਾ ਕਿ 2024 ਦੀਆਂ ਉਲੰਪਿਕ ਖੇਡਾਂ ਬੁਡਾਪੈਸਟ (ਹੰਗਰੀ) ਨੂੰ ਕਰਵਾਉਣ ਦਾ ਪਹਿਲਾ ਮੌਕਾ ਮਿਲ ਸਕੇ। ਹੰਗਰੀ ਯੂਰਪ ਦਾ ਸ਼ਾਂਤੀਪੂਰਨ ਦੇਸ਼ ਹੈ ਜਿਸ ਨੇ ਅਣਗਿਣਤ ਉਲੰਪਿਕ ਖਿਡਾਰੀ ਪੈਦਾ ਕੀਤੇ ਹਨ ਪਰ ਇਨ੍ਹਾਂ ਖੇਡਾਂ ਤੋਂ ਵਾਂਝਾ ਹੀ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਅਗਲੇ ਸਾਲ ਪੀਰੂ ਵਿਚ ਹੋਣ ਵਾਲੀ ਆਈ.ਓ.ਸੀ. ਦੀ ਜਨਰਲ ਮੀਟਿੰਗ, ਜਿਸ ਵਿਚ ਦੁਨੀਆਂ ਦੇ ਇਕ ਹਜ਼ਾਰ ਤੋਂ ਵੱਧ ਖੇਡ ਨੁਮਾਇੰਦੇ ਇਕੱਠੇ ਹੋਣਗੇ, ਵਿਚ ਕਿਹੜਾ ਸ਼ਹਿਰ 20 ਮਿੰਟ ਦੀ ਵਧੀਆ ਕਾਰਗੁਜ਼ਾਰੀ ਰਿਪੋਰਟ ਦੇ ਕੇ 2024 ਦੀਆਂ ਉਲੰਪਿਕ ਖੇਡਾਂ ਕਰਵਾਉਣ ਲਈ ਬਾਜ਼ੀ ਮਾਰਦਾ ਹੈ।

2012 ਅਤੇ 2016 ਦੀਆਂ ਉਲੰਪਿਕ ਖੇਡਾਂ ਨੂੰ 'ਵੰਡਰ ਵੂਮੈਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਖੇਡਾਂ ਵਿਚ ਮਹਿਲਾ ਵਰਗ ਦਾ ਹੀ ਜ਼ਿਆਦਾ ਬੋਲਬਾਲਾ ਰਿਹਾ। ਚੀਨ ਦੀ ਤੈਰਾਕ ਯੀ ਸੀਵੋਨ, ਅਮਰੀਕੀ ਟੈਨਿਸ ਸਟਾਰ ਸੈਰੇਨਾ ਵਿਲੀਅਮਜ਼, ਇਟਲੀ ਦੀ ਫੈਂਸਿੰਗ ਸਟਾਰ ਇਲੀਸਾ ਫਰਾਂਸਿਸਕਾ ਅਤੇ ਹੋਰ ਕੁੜੀਆਂ ਨੇ ਉਲੰਪਿਕ ਰਿਕਾਰਡ ਕਾਇਮ ਕੀਤੇ। ਭਾਰਤੀ ਖਿਡਾਰੀਆਂ ਵਿਚ ਵੀ ਲੜਕੀਆਂ ਨੇ ਹੀ ਮੈਡਲ ਜਿੱਤੇ। ਇਨ੍ਹਾਂ ਉਲੰਪਿਕ ਅਥਲੀਟਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਭਾਈਚਾਰੇ ਦੀਆਂ ਦੋ ਬੱਚੀਆਂ ਸਿਮਰ ਅਤੇ ਸਾਨਾ ਨੇ 2024 ਦੀਆਂ ਖੇਡਾਂ ਵਿਚ ਹਿੱਸਾ ਲੈਣ ਲਈ ਤਿਆਰੀ ਹੁਣ ਤੋਂ ਹੀ ਆਪਣੀ ਜਿਮਨਾਸਟਿਕ ਟਰੇਨਰ ਐਮਲੀ ਮਿਕਾਲਿਆ ਦੀ ਨਿਗਰਾਨੀ ਹੇਠ ਸ਼ੁਰੂ ਕਰ ਦਿੱਤੀ ਹੈ। ਜਿਮਨਾਸਟਿਕ ਉਲੰਪਿਕ ਦਾ ਰੁਮਾਂਚਕ ਈਵੈਂਟ ਹੈ ਅਤੇ ਇਸ ਵਿਚ ਰੂਸ ਹਮੇਸ਼ਾ ਮੋਹਰੀ ਰਿਹਾ ਹੈ। ਭਾਰਤੀ ਜਿਮਨਾਸਟ ਕੁੜੀ ਦੀਪਾ ਕਰਮਾਕਰ ਦੀ ਬਦੌਲਤ ਕੇਵਲ ਅਗਰਤਲਾ ਹੀ ਕੇਂਦਰ ਵਿਚ ਆਇਆ ਹੈ।

ਸਾਲ 1976 ਵਿਚ ਮੌਂਟਰੀਅਲ (ਕੈਨੇਡਾ) ਉਲੰਪਿਕਸ ਵਿਚ ਰੋਮਾਨੀਆ ਦੀ ਜਿਮਨਾਸਟ ਨਾਡੀਆ ਕਾਮੈਨਸੀ ਨੇ 'ਟੈਨ ਫਾਰ ਟੈਨ' ਅੰਕ ਪ੍ਰਾਪਤ ਕਰ ਕੇ ਇਤਿਹਾਸ ਸਿਰਜਿਆ। ਅਮਰੀਕਾ ਨੇ ਉਸ ਨੂੰ ਜਿਮਨਾਸਟਿਕ ਟਰੇਨਰ ਦਾ ਮਾਣ ਦਿੱਤਾ ਅਤੇ ਨਤੀਜੇ ਸਭ ਦੇ ਸਾਹਮਣੇ ਹਨ; ਭਾਵ 1996 ਦੀਆਂ ਉਲੰਪਿਕ ਖੇਡਾਂ ਵਿਚ ਪਹਿਲੀ ਵਾਰ ਅਮਰੀਕੀ ਖਿਡਾਰੀਆਂ ਨੇ ਗੋਲਡ ਮੈਡਲ ਜਿੱਤਿਆ। ਲੰਡਨ-ਰੀਓ ਦੀਆਂ ਖੇਡਾਂ ਵਿਚ ਵੀ ਟੌਪ ਕਰ ਕੇ ਇਹ ਅੱਜ ਦੁਨੀਆਂ ਦਾ ਨੰਬਰ ਇਕ ਦੇਸ਼ ਹੈ।



*ਸਿਮਰ ਤੇ ਸਾਨਾ 2024 ਦੀਆਂ ਓਲੰਪਿਕ ਖੇਡਾਂ ਲਈ ਤਿਆਰੀ ਕਰਦੀਆਂ ਹੋਈਆਂ*

ਸਿਮਰ ਅਤੇ ਸਾਨਾ ਬਹੁਤ ਟੇਲੈਂਟ ਬੱਚੀਆਂ ਹਨ ਜੋ ਐਕਸੇਲ ਸੈਂਟਰ ਵਿਚ ਬੈਲੇ ਡਾਂਸ ਦੇ ਨਾਲ ਤੈਰਾਕੀ, ਸਕੀਇੰਗ ਅਤੇ ਟੈਨਿਸ ਵਿਚ ਕਾਫੀ ਰੁਚੀ ਰੱਖਦੀਆਂ ਹਨ, ਪਰ ਰੀਓ ਉਲੰਪਿਕ ਵਿਚ ਅਮਰੀਕੀ ਜਿਮਨਾਸਟਿਕ ਖਿਡਾਰੀਆਂ ਦੀ ਬਿਹਤਰੀਨ ਪ੍ਰਦਰਸ਼ਨੀ ਤੋਂ ਪ੍ਰਭਾਵਿਤ ਹੋ ਕੇ ਇਸੇ ਖੇਡ ਨੂੰ ਹੀ ਪਹਿਲ ਦਿੱਤੀ ਅਤੇ ਜੇ 2024 ਦੀਆਂ ਖੇਡਾਂ ਲਈ ਉਨ੍ਹਾਂ ਨੂੰ ਚੁਣਿਆ ਗਿਆ ਤਾਂ ਉਹ ਪਹਿਲੀਆਂ ਪੰਜਾਬੀ ਅਮਰੀਕਨ ਖਿਡਾਰਨਾਂ ਹੋਣਗੀਆਂ।

ਉਲੰਪਿਕ ਉਹ ਜਗ੍ਹਾ ਹੈ ਜਿਥੇ ਖਿਡਾਰੀ ਆਪਣੀ ਮਿਹਨਤ ਮੁਸ਼ੱਕਤ ਕਰ ਕੇ ਮੈਡਲ ਹਾਸਲ ਕਰਨ ਦੇ ਨਾਲ-ਨਾਲ ਆਪਣੇ ਦੇਸ਼ ਦਾ ਨਾਂ ਵੀ ਰੋਸ਼ਨ ਕਰਦੇ ਹਨ, ਕਿਉਂਕਿ ਮੈਡਲ ਰਸਮ ਸਮੇਂ ਜੇਤੂ ਖਿਡਾਰੀ ਦੇ ਦੇਸ਼ ਦਾ ਝੰਡਾ ਵੀ ਲਹਿਰਾਇਆ ਜਾਂਦਾ ਹੈ। ਵਿਸ਼ਵ ਚੈਂਪੀਅਨਸ਼ਿਪਾਂ ਵੀ ਭਾਵੇਂ ਹੁੰਦੀਆਂ ਹਨ, ਪਰ ਉਲੰਪਿਕ ਖੇਡਾਂ ਵਿਚ ਹਿੱਸਾ ਲੈਣ ਦਾ ਵੱਖਰਾ ਹੀ ਰੰਗ ਹੁੰਦਾ ਹੈ। ਖਿਡਾਰੀ ਨੂੰ ਉਲੰਪਿਕ ਦੇ ਤੌਰ 'ਤੇ ਜਾਣਿਆ ਜਾਣ ਲਗਦਾ ਹੈ। ਪੁਰਾਣੇ ਉਲੰਪੀਅਨਾਂ ਨੂੰ ਖੇਡਾਂ ਵਿਚ ਗੈਸਟ ਆਫ ਆਨਰਜ਼ ਦੇ ਤੌਰ 'ਤੇ ਯਾਦ ਕਰਨ ਦੇ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਉਲੰਪਿਕ ਖੇਡਾਂ ਵਿਚ ਸੰਸਾਰ ਦੇ ਖਿਡਾਰੀ ਆਪਣੇ ਸੁਪਨੇ ਪੂਰੇ ਕਰਨ ਦੇ ਨਾਲ ਬਿਨਾ ਕਿਸੇ ਭੇਦਭਾਵ ਦੇ ਇਕ-ਦੂਜੇ ਨਾਲ ਗਲਵੱਕੜੀ ਪਾ ਕੇ ਆਪਣੇ ਮੁਲਕ ਦੀ ਸਭਿਅਤਾ ਅਤੇ ਸੰਸਕਾਰਾਂ ਦੀ ਗਹਿਰੀ ਛਾਪ ਛੱਡ ਜਾਂਦੇ ਹਨ।

ਉਲੰਪਿਕ ਖੇਡਾਂ ਕਰਵਾਉਣਾ ਕੋਈ ਸਸਤਾ ਸੌਦਾ ਨਹੀਂ। ਸਾਲ 2004 ਦੀਆਂ ਏਥਨਜ਼ ਉਲੰਪਿਕਸ ਤੋਂ ਬਾਅਦ ਗਰੀਸ ਦੀਵਾਲੀਆ ਹੋ ਗਿਆ ਸੀ। ਕੀ ਉਲੰਪਿਕ ਕਮੇਟੀ ਕਦੀ ਇਹ ਸੋਚੇਗੀ ਕਿ ਦੋ ਮੁਲਕ ਇਕੱਠੇ ਹੋ ਕੇ ਇਹ ਖੇਡਾਂ ਕਰਵਾ ਸਕਣ, ਜਿਵੇਂ ਕ੍ਰਿਕਟ ਵਿਸ਼ਵ ਕੱਪ ਭਾਰਤ ਅਤੇ ਪਾਕਿਸਤਾਨ ਨੇ ਕਰਵਾਇਆ ਸੀ। ਇਕ ਦੇਸ਼ ਓਪਨਿੰਗ ਸੈਰੇਮਨੀ ਅਤੇ ਦੂਜਾ ਕਲੋਜ਼ਿੰਗ ਸੈਰੇਮਨੀ ਕਰੇ ਤਾਂ ਪੁੰਨ ਤੇ ਫਲੀਆਂ ਵਾਲੀ ਗੱਲ ਬਣ ਸਕਦੀ ਹੈ।

# ਤਵਾਰੀਖ-ਏ-ਗਦਰ

***(ਪਿਛਲੇ ਸਫੇ ਦੀ ਬਾਕੀ)***

ਦੋਸਤ ਕਿਸ ਤਰ੍ਹਾਂ ਬਣ ਸਕਦਾ ਹੈ। ਬਸ ਏਸ ਨੂੰ ਥੋੜੇ ਰੁਪਏ ਦੇ ਕੇ ਭਾੜੇ ਦੇ ਟੱਟੂ ਬੱਛੇ ਅਪਨਾ ਕੰਮ ਕੱਢ ਲਵੋ। ਮਗਰੋਂ ਛਿਤਰ ਮਾਰ ਕੇ ਕੱਢ ਦੇਣਾ। ਸਾਰੇ ਆਨਰੇਬਲ ਰਾਏ ਬਾਂਦਰ, ਖਾਨ ਬਾਂਦਰ ਤੇ ਸਰਦਾਰ ਬਾਂਦਰ। ਜੰਗਲੀ ਬੇਵਕੂਫ ਤੇ ਬੇਸ਼ਹੂਰ ਸਮਝੇ ਜਾਂਦੇ ਹਨ। ਰਾਜ ਕਰਨ ਵਾਲੇ ਬੜੇ ਚਲਾਕ ਹੁੰਦੇ ਹਨ। ਉਹ ਦੇਸ਼ ਘਾਤੀ ਕੁੱਤਿਆਂ ਅੱਗੇ ਰੋਟੀ ਦਾ ਟੁਕੜਾ ਪਾ ਕੇ ਅਪਨਾ ਕੰਮ ਕੱਢਦੇ ਹਨ। ਭਲਾ ਕਿਸੇ ਅੰਗਰੇਜ਼ ਦੇ ਨਾਓਂ ਨਾਲ ਬਹਾਦਰ ਦੇ ਖਤਾਬ ਦੀ ਪੂਛ ਦੇਖੀ ਹੈ। ਫੇਰ ਉਹ ਦੇਸ਼ ਘਾਤੀ ਹਿੰਦੋਸਤਾਨੀਆਂ ਨੂੰ ਹੀ ਬਹਾਦਰ ਤੇ ਆਨਰੇਬਲ ਦੇ ਨਾਓਂ ਦਿੰਦੇ ਹਨ। ਅਸਲ ਵਿਚ ਉਹ ਸਭ ਜਾਣਦੇ ਹਨ ਕਿ ਏਹ 'ਬਹਾਦਰ' ਨਹੀਂ ਹਨ। ਜੇ ਬਹਾਦਰ ਹੁੰਦੇ ਤਾਂ ਸਾਨੂੰ ਹਿੰਦੋਸਤਾਨ ਵਿਚ ਪੈਰ ਹੀ ਕਿਉਂ ਧਰਨ ਦਿੰਦੇ। ਹਾਂ, ਏਹ ਬਾਂਦਰ ਹਨ। ਸਾਡੇ ਕੈਹਨ ਪਰ ਨਚਦੇ ਹਨ। ਜਿਸ ਤਰ੍ਹਾਂ ਸੱਪ (ਸਾਹਬ) ਲੋਕ ਹੁਕਮ ਕਰਦਾ ਹੈ, ਉਸੇ ਤਰ੍ਹਾਂ ਏਹ ਲੋਕ ਸਿਰ ਤੇ ਮੱਥਾ ਰਗੜ ਕੇ ਉਸ ਨੂੰ ਮੰਨਦੇ ਹਨ। ਜਿਹੜੇ ਲੋਕ ਅਪਨੇ ਦੇਸ਼ ਵਿਚ ਅਪਨੀ ਇਜ਼ਤ ਨਹੀਂ ਬਚਾ ਸਕਦੇ, ਜਿਨਾਂ ਨੂੰ ਗੋਰੇ ਮਾਰ ਕੇ ਕਹਿ ਦਿੰਦੇ ਹਨ, ਆਪੇ ਮਰ ਗਿਆ। ਏਸ ਨੂੰ ਬੁਖਾਰ ਸੀ। ਜਿਨਾਂ ਦੇ ਦੇਸ਼ ਵਿਚ ਉਨ੍ਹਾਂ ਦੀਆਂ ਔਰਤਾਂ ਦੀ ਇਜ਼ਤ ਨਹੀਂ ਬਚ ਸਕਦੀ ਅਤੇ ਬਾਹਰ ਉਨ੍ਹਾਂ ਦੇ ਛਿਤਰ ਪੈਂਦੇ ਹਨ। ਉਹ ਭਲਾ ਲੋਕ 'ਆਨਰੇਬਲ' (ਇਜ਼ਤ ਦੇ ਲੈਕ) ਕਿਸ ਤਰ੍ਹਾਂ ਹੋ ਸਕਦੇ ਹਨ। 'ਆਨਰੇਬਲ' ਨਹੀਂ ਆਨਰਬੈਲ ਹਨ। ਆਨਰ ਦਾ ਮਤਲਬ ਹੈ ਇਜ਼ਤ ਤੇ ਬੈਲ ਜਿਹੜਾ ਬੈਲ ਹਲ ਗਡੀ ਤੇ ਹੋਰ ਕੰਮਾਂ ਦੀ ਖਾਤਰ ਰੱਖਿਆ ਜਾਂਦਾ ਹੈ। ਬਸ ਇਹ ਅੰਗਰੇਜ਼ਾਂ ਦੀ ਇਜ਼ਤ ਦੀ ਗੱਡੀ ਨੂੰ ਖਿਚਣ ਵਾਲੇ ਬੈਲ ਹਨ। ਅੰਗਰੇਜ਼ ਹਿੰਦੋਸਤਾਨੀ ਰਈਸਾਂ, ਮਰਹੱਟੇ, ਬਰਾਮਣਾਂ, ਪਠਾਣਾਂ ਤੇ ਸਿੱਖ ਸਰਦਾਰਾਂ ਨੂੰ 'ਬਾਂਦਰ' 'ਬੈਲ' ਕਹਿੰਦੇ ਹਨ। ਪਰ ਕਿਸੇ ਦੇ ਵਿਚ ਏਹ ਤਾਕਤ ਨਹੀਂ ਕਿ ਏਨਾਂ ਬਦਮਾਸ਼ਾਂ ਨੂੰ ਕੰਨੋ ਫੜ ਕੇ ਬਾਹਰ ਕਢ ਦੇਵੇ। ਅਤੇ ਪੂਰੀ ਏਸ ਜ਼ੁਲਮ ਦੀ ਸਿਖਿਆ ਦੇਵੇ।

ਦੇਖੋ ਇਹ ਮਨਘੜਤ ਬਾਤਾਂ ਨਹੀਂ ਹਨ। ਅੰਗਰੇਜ਼ ਏਨਾਂ ਖਾਨ ਬਹਾਦਰਾਂ, ਸਰਦਾਰ ਬਹਾਦਰਾਂ ਨੂੰ ਸਚ ਮੁਚ ਉਲੂ ਸਮਝਦੇ ਹਨ। ਲਓ ਇਕ ਅੰਗਰੇਜ਼ ਦੀ ਜ਼ਬਾਨ ਤੋਂ 'ਪਬਲਕ ਸਰਵਿਸ' ਦੇ ਖੁਲੇ ਦਰਬਾਰ ਵਿਚ ਏਹ ਮਤਲਬ ਮਿਲਦਾ ਹੈ।

ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਫਰੰਗੀ ਸੀਲੇ ਕਮਿਸ਼ਨਰ ਪਰੇਜੀਡੈਂਸੀ ਡਵੀਜ਼ਨ ਦੇ ਛੋਟੇ ਅਫਸਰ ਸੈਦ ਅਸ਼ਰਫ ਅਲੀ ਨੂੰ ਇਓਂ ਪੁਛਦਾ ਹੈ:

ਫਰੰਗੀ: ਅਛਾ ਮਿਸਟਰ ਅਸ਼ਰਫ! ਕੀ ਤੁਸੀਂ ਬੀ ਅਪਨੀ ਖਿਦਮਤ ਦੇ ਬਦਲੇ ਰਾਏ ਤੇ ਖਾਨ ਬਹਾਦਰ ਦੇ ਖਤਾਬ ਚਾਹੁੰਦੇ ਹੋ?

ਸੈਦ ਅਸ਼ਰਫ਼: ਹਾਂ ਹਜ਼ੂਰ!

ਫਰੰਗੀ: ਕੀ ਤੈਂ ਸੁਣਿਆ ਨੀਂ ਕਿ ਰਾਏ ਤੇ ਖਾਨ ਬਹਾਦਰੀ ਦੇ ਖਤਾਬਾਂ ਨੂੰ ਅੰਗਰੇਜ਼ਾਂ ਵਿਚ ਫੂਲ ਜਾਣੀ ਬੇਵਕੂਫ ਤੇ ਬੇਸ਼ਹੂਰ ਆਖਿਆ ਜਾਂਦਾ ਹੈ।

ਸੈਦ ਅਸ਼ਰਫ਼: ਹਾਂ ਅੱਜ ਕੱਲ ਏਹ ਖਤਾਬ ਇਹਾ ਜਿਹਾ ਗਿਰ ਗਿਆ ਹੈ ਕਿ ਅਜੇਹਾ ਹੀ ਹੋਵੇਗਾ।

ਫਰੰਗੀ: ਪਰ ਫੇਰ ਬੀ ਕੀ ਤੁਸੀਂ ਅਪਨੇ ਨਾਓਂ ਨਾਲ ਏਸ ਖਿਤਾਬ ਨੂੰ ਚਾਹੁੰਦੇ ਹੋ।

ਸੈਦ ਅਸ਼ਰਫ: ਹਾਂ ਅਪਨੀ ਖਿਦਮਤ ਦੀ ਖਾਤਰ।

### ਪਾਠਕੋ ਵਿਚਾਰ ਕਰੋ!
### ਬੀਸਵੀ ਸਦੀ ਵਿਚ

ਸਾਡੀ ਜ਼ਮੀਨ ਪਰ ਸਾਡੇ ਨੇਕ ਲੋਕਾਂ ਨੂੰ ਬੇਵਕੂਫ ਤੇ ਬੇ-ਸ਼ਹੂਰ ਕਿਹਾ ਜਾਂਦਾ ਹੈ। ਅਤੇ ਉਹ ਬੀ ਕੈਹੰਦੇ ਹਨ ਕਿ ਹਾਂ ਅਸੀਂ ਅਪਨੀ ਖਿਦਮਤ ਦੇ ਬਦਲੇ ਵਿਚ ਬੇਵਕੂਫ ਦਾ ਖਿਤਾਬ ਚਾਹੁੰਦੇ ਹਾਂ। ਬੇ-ਸ਼ਰਮੀ ਬੇ-ਹਿਆਈ ਤੇ ਬੁਜ਼ਦਿਲੀ ਦੀ ਹੱਦ ਹੋ ਗਈ। ਬੇਵਕੂਫ ਕੈਹਨ ਵਾਲੇ ਅੰਗਰੇਜ਼ ਦੇ ਨਹੀਂ, ਤਾਂ ਅਪਨੇ ਹੀ ਸੀਨੇ ਵਿਚ ਗੋਲੀ ਮਾਰ ਲੈਂਦੇ। ਅੰਗਰੇਜ਼ਾਂ ਨੂੰ ਖੁਲੇ ਦਰਬਾਰ ਵਿਚ ਹੱਸਣ ਤੇ ਮਖੌਲ ਕਰਨ ਦਾ ਸਮਾਂ ਨਾ ਮਿਲਦਾ ਕਿ ਆਪ ਹੀ ਏਹ ਲੋਕ ਬੇ-ਸ਼ਹੂਰ ਦਾ ਖਤਾਬ ਚਾਹੁੰਦੇ ਹਨ।

ਬਸ ਹੁਣ ਪਤਾ ਲਗ ਗਿਆ ਕਿ ਫਰੰਗੀਆਂ ਦੇ ਨੌਕਰ, ਡਿਪਟੀ, ਥਾਣੇਦਾਰ, ਆਨਰੇਬਲ, ਰਾਏ ਖਾਨ ਤੇ ਸਰਦਾਰ ਬਹਾਦਰ, ਬੇ-ਸ਼ਹੂਰ ਤੇ ਬੇਵਕੂਫ ਹਨ। ਦੇਸ਼ ਘਾਤੀ ਤੇ ਖੁਫੀਆ ਸਪਾਹੀ ਕੁੱਤਿਆਂ ਤੋਂ ਬੀ ਬੁਰੇ। ਅੰਗਰੇਜ਼ਾਂ ਦੀ ਜ਼ਬਾਨੀ ਮਲੂਮ ਹੁੰਦਾ ਹੈ।

ਪਰ ਅਸੀਂ ਏਨਾਂ ਨੂੰ ਪਸ਼ੂਆਂ ਤੋਂ ਵਧ ਸਮਝਦੇ ਹਾਂ ਜਿਸ ਤਰਾਂ ਅਸੀਂ ਹੁਣ ਕੈਹ ਚੁੱਕੇ ਹਾਂ। ਹੁਣ ਤਾਂ ਕੌਮੀ ਪਾਰਟੀ ਬੀ ਹੁਸ਼ਿਆਰ ਹੋ ਗਈ ਹੈ। ਅਤੇ (ਇਸ) ਦਾ ਜਥਾ ਹਿੰਦ ਵਿਚ ਫੈਲ ਗਿਆ ਹੈ। ਅਸੀਂ ਦੇਸ਼ ਘਾਤੀਆਂ ਨੂੰ ਇਕ ਦਮ ਪਛਾਣ ਲੈਂਦੇ ਹਾਂ। ਅਤੇ ਉਨ੍ਹਾਂ ਨੂੰ ਕਹਿ ਦਿੰਦੇ ਹਾਂ ਕਿ ਅਸੀਂ ਤੁਹਾਨੂੰ ਪਛਾਣ ਲਿਆ, ਫੇਰ ਉਹ ਸਾਡੇ ਪਾਸ ਨਹੀਂ ਆਉਂਦੇ। ਬਸ ਦੇਸ਼ ਘਾਤੀਆਂ ਦੀ ਮਿੱਟੀ ਪਲੀਤ ਹੈ। ਕੌਮ ਦੇ ਉਹ ਦੁਸ਼ਮਣ, ਕੌਮ ਉਨ੍ਹਾਂ ਦੀ ਦੁਸ਼ਮਣ। ਜਿਨਾਂ ਦੀ ਖਾਤਰ ਉਹ ਧਰਮ ਅਮਾਨ ਵੇਚ ਕੇ ਕੰਮ ਕਰਦੇ ਹਨ। ਉਹ ਅੰਗਰੇਜ਼ ਬੀ ਉਨ੍ਹਾਂ ਨੂੰ ਬਾਂਦਰ, ਬੈਲ, ਕੁੱਤੇ ਤੇ ਬੇਵਕੂਫ ਕੈਂਹਦੇ ਹਨ।

ਬੱਸ ਅਸੀਂ ਦੇਸ਼ ਘਾਤੀਆਂ ਉਤੇ ਰੈਹਮ ਕਰਦੇ ਕਹਿੰਦੇ ਹਾਂ ਕਿ ਉਏ ਦੇਸ਼ ਘਾਤੀਓ, ਤੁਹਾਡੀ ਮਾਤਾ ਦੁਖ ਭਰੇ ਹਾਲ ਵਿਚ ਹੈ। ਉਸ ਦੇ ਵਾਲ ਬਿਖਰੇ ਹੋਏ ਹਨ। ਉਸ ਦੇ ਬਦਨ ਵਿਚੋਂ ਲਹੂ ਦੇ ਫੁਹਾਰੇ ਚਲਦੇ ਹਨ। ਭਾਰਤ ਮਾਤਾ ਦੇ ਸਾਰੇ ਪੁੱਤਰ ਉਸ ਦੀ ਮਦਦ ਦੀ ਖਾਤਰ ਕੱਠੇ ਹੋ ਰਹੇ ਹਨ। ਤੁਸੀਂ ਭੀ ਉਸ ਦੇ ਪੁੱਤਰ ਹੋ। ਪਿਛਲੇ ਕੰਮਾਂ ਤੋਂ ਤੋਬਾ ਕਰੋ। ਮਾਤਾ ਦੇ ਚਰਨਾਂ ਵਿਚ ਸਿਰ ਰੱਖੋ, ਉਹ ਤੁਹਾਨੂੰ ਬਖਸ਼ ਦੇਵੇਗੀ ਅਤੇ ਤੁਹਾਡੀ ਦੀਨ ਦੁਨੀਆ ਸੁਧਰ ਜਾਵੇਗੀ। ***(ਲੇਖਕ ਭਰਤ ਦਾਸ)***

### ਨੋਟ
### ਬੜੀ ਸਭਾ ਹੋਵੇਗੀ

31 ਦਸੰਬਰ ਬੁਧਵਾਰ ਨੂੰ ਸੈਕਰਾਮੈਂਟੋ ਵਿਚ ਬੜੀ ਸਭਾ ਹੋਵੇਗੀ ਸਭ... ਹਾਲ ਵਿਚ ਹੋਵੇਗੀ... ਸਟਰੀਟ ਹਿੰਦੂ ਹੋਟਲ ਤੋਂ ਪੰਜ ਛੇ ਬਲਾਕ ਹੈ।... ਉਪਦੇਸ਼ ਹੋਊਗਾ ਸਭ ਭਾਈ ਦਰਸ਼ਨ ਦੇਣ।

ਅੱਜ ਕੱਲ੍ਹ ਕਈ ਦੇਸ਼ ਘਾਤੀ ਏਧਰ ਉਧਰ ਫਿਰਦੇ ਹਨ। ਏਸ ਵਾਸਤੇ ਸਾਰੇ ਦੇਸ਼ ਭਾਈਆਂ ਨੂੰ ਖਬਰਦਾਰ ਰੈਹਨਾ ਚਾਹੀਦਾ ਹੈ।

***(ਬਾਕੀ ਅਗਲੇ ਅੰਕ ਵਿਚ)***

## ਜੱਟ

ਗੀਤਾਂ ਵਿਚ ਜੱਟ ਦੀਆਂ ਮੁੱਛਾਂ ਕੁੰਢੀਆਂ,
ਖੇਤ-ਮੰਡੀ ਧੌਣ ਨੂੰ ਝੁਕਾਈ ਰੱਖਦਾ।
ਨੱਕ ਦੀ ਖਾਤਰ ਹੀ ਲਵੇ ਕਰਜ਼ਾ,
ਆੜ੍ਹਤੀ ਤੋਂ ਪੁੱਛ ਕੇ ਵਿਆਹ ਰੱਖਦਾ।
ਚਿੱਟਾ ਮੱਛਰ ਖੇਤੀਂ ਯਮਰਾਜ ਆ ਗਿਆ,
ਗੀਤਾਂ ਵਿਚ ਜੱਟ ਫੋਕੇ ਫਾਇਰ ਕਰਦਾ।
ਗੀਤਾਂ ਵਿਚ ਵੱਢਦਾ ਵਿਰੋਧੀਆਂ ਦੀ ਧੌਣ,
'ਦੁੱਕੀ' ਦੇ ਸਿਪਾਹੀ ਕੋਲੋਂ ਜੱਟ ਡਰਦਾ।
ਗੀਤਾਂ ਵਿਚ ਜੱਟ ਅੱਖ-ਲੱਕ 'ਤੇ ਮਰੇ,
'ਗਿੱਲਾ' ਜੱਟ ਸਪਰੇਆਂ ਪੀ ਕੇ ਮਰਦਾ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***




# ਫੁੱਲੂ ਦਾ ਫੰਡਾ

ਪੰਜਾਬੀ ਫਿਲਮ 'ਪਟਿਆਲਾ ਡਰੀਮਜ਼' ਦੀ ਸਫ਼ਲਤਾ ਤੋਂ ਬਾਅਦ ਕੈਨੇਡਾ ਵਸਦੇ ਫਿਲਮਸਾਜ਼ਾਂ ਡਾ. ਅਨਮੋਲ ਕਪੂਰ ਅਤੇ ਅਭਿਸ਼ੇਕ ਸਕਸੈਨਾ ਨੇ ਇਕ ਹੋਰ ਫਿਲਮ 'ਫੁੱਲੂ' ਤਿਆਰ ਕੀਤੀ ਹੈ। ਇਹ ਫਿਲਮ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਦੁਆਲੇ ਘੁੰਦੀ ਹੈ ਅਤੇ ਇਹ ਕੌਮਾਂਤਰੀ ਔਰਤ ਦਿਵਸ ਮੌਕੇ 8 ਮਾਰਚ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਡਾ.

**ਜਗਜੀਤ ਸਿੰਘ ਸੇਖੋਂ**

ਅਨਮੋਲ ਕਪੂਰ ਨੇ ਦੱਸਿਆ- "ਔਰਤਾਂ ਦੇ ਮਾਸਿਕ-ਧਰਮ ਨਾਲ ਬਹੁਤ ਸਾਰੀਆਂ ਮਿੱਥਾਂ ਜੁੜੀਆਂ ਹੋਈਆਂ ਹਨ। ਮੂਲ ਰੂਪ ਵਿਚ ਔਰਤਾਂ ਨੂੰ ਇਸੇ ਇਕ ਮਸਲੇ ਕਾਰਨ ਬਹੁਤ ਸਾਰੀਆਂ ਔਕੜਾਂ ਵਿਚੋਂ ਲੰਘਣਾ ਪੈਂਦਾ ਹੈ। ਦਰਅਸਲ, ਇਸ ਮਸਲੇ ਬਾਰੇ ਚੇਤਨਾ ਦੀ ਘਾਟ ਕਾਰਨ ਅਗਾਂਹ ਕਈ ਗੰਭੀਰ ਸਮੱਸਿਆਵਾਂ ਪੈਦਾ ਹੋ ਰਹੀਆਂ ਜਾਂਦੀਆਂ ਹਨ, ਅਸੀਂ ਚਾਹੁੰਦੇ ਹਾਂ ਕਿ ਇਸ ਬਾਰੇ ਵੱਧ ਤੋਂ ਵੱਧ ਅਤੇ ਕਾਰਗਰ ਢੰਗ ਨਾਲ ਪ੍ਰਚਾਰ ਕੀਤਾ ਜਾਵੇ।"

ਫਿਲਮ 'ਫੁੱਲੂ' ਵਿਚ ਮਸ਼ਹੂਰ ਥੀਏਟਰ ਕਲਾਕਾਰ ਸ਼ਾਰਿਬ ਹਾਸ਼ਮੀ ਨੇ ਅਹਿਮ ਰੋਲ ਅਦਾ ਕੀਤਾ ਹੈ। ਇਸ ਤੋਂ ਪਹਿਲਾਂ ਉਹ ਫਿਲਮ 'ਫਿਲਮਸਤਾਨ' ਵਿਚ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ। ਡਾ. ਅਨਮੋਲ ਕਪੂਰ ਮੁਤਾਬਕ, ਇਹ ਫਿਲਮ ਕੋਈ ਪ੍ਰਚਾਰਨੁਮਾ ਨਹੀਂ ਹੈ, ਬਲਕਿ ਹਲਕੇ-ਫੁਲਕੇ ਢੰਗ ਨਾਲ ਮਸਲੇ ਦੀਆਂ ਜੜ੍ਹਾਂ ਫਰੋਲੀਆਂ ਗਈਆਂ ਹਨ। ਫਿਲਮ ਦਾ ਕਿਰਦਾਰ ਫੁੱਲੂ ਬਹੁਤ ਭੋਲ-ਭਾਲਾ ਜਿਹਾ ਸ਼ਖਸ ਹੈ ਜੋ ਸਧਾਰਨ ਤਰੀਕੇ ਨਾਲ ਫਿਲਮ ਦੀ ਕਹਾਣੀ ਜੋੜਦਾ ਜਾਂਦਾ ਹੈ। -0-





*ਫਿਲਮ 'ਫੁੱਲੂ' ਦਾ ਅਦਾਕਾਰ ਸ਼ਾਰਿਬ ਹਾਸ਼ਮੀ ਅਤੇ (ਸੱਜੇ) ਡਾ. ਅਨਮੋਲ ਕਪੂਰ।*

# ਨੇਹਾ ਦਾ ਪੰਜਾਬੀ ਨੇਹੁ

ਸੋਹਣੀ ਸੂਰਤ ਅਤੇ ਅਦਾ ਦੀ ਮਾਲਕ ਫਿਲਮ ਅਦਾਕਾਰਾ ਨੇਹਾ ਧੂਪੀਆ ਚਾਹੁੰਦੀ ਹੈ ਕਿ ਉਹ ਪੰਜਾਬੀ ਫਿਲਮਾਂ ਵਿਚ ਵੱਧ ਤੋਂ ਵੱਧ ਕੰਮ ਕਰੇ। ਯਾਦ ਰਹੇ ਕਿ ਨੇਹਾ ਧੂਪੀਆ ਨੇ ਤਿੰਨ ਕੁ ਸਾਲ ਪਹਿਲਾਂ ਪੰਜਾਬੀ ਫਿਲਮ 'ਰੰਗੀਲੇ' ਵਿਚ ਬਤੌਰ ਨਾਇਕਾ ਕੰਮ ਕੀਤਾ ਸੀ। ਇਸ ਫਿਲਮ ਵਿਚ ਉਸ ਦਾ ਹੀਰੋ ਸੀ ਅਦਾਕਾਰ ਜਿੰਮੀ ਸ਼ੇਰਗਿਲ ਅਤੇ ਉਸ ਦੀ ਇਹ ਪਹਿਲੀ ਪੰਜਾਬੀ ਫਿਲਮ ਨਵਨੀਤ ਸਿੰਘ ਨੇ ਨਿਰਦੇਸ਼ਤ ਕੀਤੀ ਸੀ। ਫਿਲਮ ਦੀ ਕੁਝ ਕੁ ਚਰਚਾ ਵੀ ਹੋਈ, ਪਰ ਇਸ ਫਿਲਮ ਨਾਲ ਨੇਹਾ ਧੂਪੀਆ ਦੇ ਫਿਲਮੀ ਕਰੀਅਰ ਨੂੰ ਕੋਈ ਖਾਸ ਹੁੰਗਾਰਾ ਨਹੀਂ ਮਿਲ ਸਕਿਆ। ਨੇਹਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਦੋ ਦਹਾਕੇ ਪਹਿਲਾਂ 1994 ਵਿਚ ਮਲਿਆਲਮ ਫਿਲਮ

**ਅਨੰਤ ਕੌਰ ਮਾਵੀ**

'ਮਿਨਾਰਮ' ਨਾਲ ਕੀਤੀ ਸੀ। ਬਾਅਦ ਵਿਚ ਉਸ ਨੇ ਕਈ ਹਿੰਦੀ ਫਿਲਮਾਂ ਵੀ ਕੀਤੀਆਂ ਅਤੇ ਉਸ ਦੀ ਖੂਬ ਚਰਚਾ ਵੀ ਹੋਈ, ਪਰ ਉਸ ਦਾ ਫਿਲਮੀ ਕਰੀਅਰ ਸਹੀ ਢੰਗ ਨਾਲ ਰੁੜ੍ਹ ਨਹੀਂ ਸਕਿਆ। ਅਸਲ ਵਿਚ ਉਸ ਨੂੰ ਵੱਡੇ ਬਜਟ ਵਾਲੀਆਂ ਫਿਲਮਾਂ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਣ ਦਾ ਬਹੁਤਾ ਮੌਕਾ ਨਹੀਂ ਮਿਲ ਸਕਿਆ। ਸਿੱਟੇ ਵਜੋਂ ਉਸ ਦੀ ਪ੍ਰਤਿਭਾ ਖੁੱਲ੍ਹ ਕੇ ਸਾਹਮਣੇ ਨਹੀਂ ਆ ਸਕੀ।

ਨੇਹਾ ਧੂਪੀਆ ਦਾ ਜਨਮ ਕੋਚੀ (ਕੇਰਲਾ) ਵਿਚ 23 ਅਗਸਤ 1980 ਨੂੰ ਇਕ ਪੰਜਾਬੀ ਸਿੱਖ ਪਰਿਵਾਰ ਵਿਚ ਹੋਇਆ ਸੀ। ਉਸ ਦਾ ਪਿਤਾ ਪਰਦੀਪ ਸਿੰਘ ਧੂਪੀਆ ਸਮੁੰਦਰੀ ਫੌਜ ਵਿਚ ਅਫ਼ਸਰ ਸੀ। ਆਪਣੀ ਪੜ੍ਹਾਈ ਉਸ ਨੇ ਨਵੀਂ ਦਿੱਲੀ ਤੋਂ ਹਾਸਲ ਕੀਤੀ ਅਤੇ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਨਵੀਂ ਦਿੱਲੀ ਵਿਚ ਹੀ ਨਾਟਕ 'ਗਰੈਫਿਟੀ' ਨਾਲ ਸ਼ੁਰੂ ਕੀਤੀ ਸੀ। ਇਸ ਤੋਂ ਬਾਅਦ ਨੇਹਾ ਧੂਪੀਆ ਨੇ ਸੁੰਦਰਤਾ ਮੁਕਾਬਲਿਆਂ ਵਿਚ ਵੀ ਹਿੱਸਾ ਲਿਆ। ਸਾਲ 2002 ਵਿਚ ਉਹ 'ਫੈਮਿਨਾ ਮਿਸ ਇੰਡੀਆ' ਬਣੀ ਸੀ। -0-



# ਸੁਧੀਰ ਮਿਸ਼ਰਾ ਦੀ ਫਿਲਮ 'ਔਰ ਦੇਵਦਾਸ'

ਉਘੇ ਫਿਲਮਸਾਜ਼ ਸੁਧੀਰ ਮਿਸ਼ਰਾ ਦੀ ਫਿਲਮ 'ਔਰ ਦੇਵਦਾਸ' ਬਣ ਕੇ ਤਿਆਰ ਹੈ, ਪਰ ਫਿਲਹਾਲ ਫਿਲਮ ਨੂੰ ਖਰੀਦਕਾਰ ਨਹੀਂ ਮਿਲ ਰਹੇ। ਇਸੇ ਕਰ ਕੇ ਫਿਲਮ ਰਿਲੀਜ਼ ਕਰਨ ਵਿਚ ਦੇਰੀ ਹੋ ਰਹੀ ਹੈ। ਅਸਲ ਵਿਚ ਸੁਧੀਰ ਮਿਸ਼ਰਾ ਨੇ ਇਹ ਫਿਲਮ ਬਿਲਕੁਲ ਵੱਖਰੀ ਤਰ੍ਹਾਂ ਦੀ ਬਣਾਈ ਹੈ ਅਤੇ ਅਜਿਹੇ ਰਿਸਕ ਲੈਣ ਲਈ ਕੋਈ ਖਰੀਦਦਾਰ ਤਿਆਰ ਨਹੀਂ ਹੈ। ਉਂਜ ਵੀ ਉਸ ਦੀਆਂ ਫਿਲਮਾਂ ਆਮ ਕਰ ਕੇ ਮੁੱਖਧਾਰਾ ਦੀਆਂ ਫਿਲਮਾਂ ਤੋਂ ਹਟਵੀਆਂ ਹੀ ਹੁੰਦੀਆਂ ਹਨ। ਯਾਦ ਰਹੇ ਕਿ ਇਸ ਤੋਂ ਪਹਿਲਾਂ ਦੇਵਦਾਸ ਦੀ ਕਹਾਣੀ ਨੂੰ ਲੈ ਕੇ ਤਕਰੀਬਨ 20 ਫਿਲਮਾਂ ਬਣ ਚੁੱਕੀਆਂ ਹਨ। ਇਨ੍ਹਾਂ ਵਿਚ 1928 ਵਿਚ ਬਣੀ ਖਾਮੋਸ਼ ਫਿਲਮ ਤੋਂ ਇਲਾਵਾ ਹਿੰਦੀ, ਬੰਗਲਾ, ਅਸਾਮੀ, ਤੇਲਗੂ, ਉਰਦੂ ਅਤੇ ਮਲਿਆਲਮ ਫਿਲਮਾਂ ਸ਼ਾਮਲ ਹਨ। ਜਦੋਂ ਜਦੋਂ ਵੀ ਦੇਵਦਾਸ ਉਤੇ ਫਿਲਮ ਬਣੀ ਹੈ ਤਾਂ ਉਸ ਦੀ ਚਰਚਾ ਜ਼ਰੂਰ ਹੁੰਦੀ ਰਹੀ ਹੈ। ਦੇਵਦਾਸ ਪ੍ਰਸਿੱਧ ਬੰਗਲਾ ਨਾਵਲਕਾਰ ਸ਼ਰਤਚੰਦਰ ਚੱਟੋਪਾਧਿਆਏ ਦਾ ਮਸ਼ਹੂਰ ਨਾਵਲ ਹੈ। ਇਹ ਨਾਵਲ 1917 ਵਿਚ ਛਪਿਆ ਸੀ ਅਤੇ ਜਦੋਂ ਉਨ੍ਹਾਂ ਨੇ ਇਹ ਨਾਵਲ ਲਿਖਿਆ ਸੀ ਤਾਂ ਲੇਖਕ ਦੀ ਉਮਰ ਸਿਰਫ਼ 17 ਵਰ੍ਹਿਆਂ ਦੀ ਸੀ।

ਨਾਵਲ ਦੀ ਕਹਾਣੀ ਸੰਨ 1900 ਦੇ ਨੇੜੇ-ਤੇੜੇ ਦੀ ਹੈ ਜਿਸ ਵਿਚ ਮੱਧ ਵਰਗੀ ਪਰਿਵਾਰ ਦੀ ਰੂਪ-ਰੇਖਾ ਖਿੱਚੀ ਗਈ ਹੈ। ਸੁਧੀਰ ਮਿਸ਼ਰਾ ਜਿਸ ਨੇ 'ਯੇ ਸਾਲੀ ਜ਼ਿੰਦਗੀ' ਅਤੇ 'ਹਜ਼ਾਰੋ ਖਵਾਹਿਸ਼ੇ ਐਸੀ' ਵਰਗੀਆਂ ਜਾਨਦਾਰ ਫਿਲਮਾਂ ਬਣਾਈਆਂ ਹਨ, ਦਾ ਕਹਿਣਾ ਹੈ ਕਿ ਇਹ ਫਿਲਮ ਅਸਲ

**ਗੁਰਜੰਟ ਸਿੰਘ**

ਵਿਚ ਸ਼ਰਤਚੰਦਰ ਚੱਟੋਪਾਧਿਆਏ ਅਤੇ ਵਿਲੀਅਮ ਸ਼ੇਕਸਪੀਅਰ ਨੂੰ ਉਸ ਦੀ ਸ਼ਰਧਾਂਜਲੀ ਹੈ। ਉਸ ਨੇ ਮੰਨਿਆ ਕਿ ਉਹ ਇਨ੍ਹਾਂ ਦੋਵਾਂ ਸ਼ਖਸੀਅਤਾਂ ਤੋਂ ਬੜਾ ਮੁਤਾਸਰ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਰਾਹੁਲ ਭੱਟ, ਰਿਚਾ ਚੱਢਾ ਅਤੇ ਅਦਿਤੀ ਰਾਓ ਹੈਦਰੀ ਨੇ ਨਿਭਾਈਆਂ ਹਨ। ਇਨ੍ਹਾਂ ਤੋਂ ਇਲਾਵਾ ਸੌਰਵ ਸ਼ੁਕਲਾ ਅਤੇ ਦਲੀਪ ਤਾਹਲ ਵਰਗੇ ਕਲਾਕਾਰਾਂ ਨੇ ਵੀ ਇਸ ਫਿਲਮ ਵਿਚ ਅਦਾਕਾਰੀ ਕੀਤੀ ਹੈ। ਫਿਲਹਾਲ ਸੁਧੀਰ ਮਿਸ਼ਰਾ ਦੀ ਕੋਸ਼ਿਸ਼ ਹੈ ਕਿ ਕਿਸੇ ਨਾ ਕਿਸੇ ਢੰਗ ਇਹ ਫਿਲਮ ਰਿਲੀਜ਼ ਕੀਤੀ ਜਾ ਸਕੇ।

ਅਦਾਕਾਰ ਰਾਹੁਲ ਭੱਟ ਫਿਲਮ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹਦਾ ਨਹੀਂ ਥੱਕ ਰਿਹਾ। ਉਸ ਦਾ ਦਾਅਵਾ ਹੈ ਕਿ ਇਹ ਫਿਲਮ ਦੇਵਦਾਸ ਬਾਰੇ ਬਣੀਆਂ ਪਹਿਲੀਆਂ ਸਾਰੀਆਂ ਹੀ ਫਿਲਮਾਂ ਤੋਂ ਵੱਖਰੀ ਹੈ। ਪਹਿਲੀਆਂ ਸਾਰੀਆਂ ਫਿਲਮਾਂ ਵਿਚ ਨਾਵਲ ਦੀ ਕਹਾਣੀ ਮੁਤਾਬਕ ਮੁੱਖ ਰੂਪ ਵਿਚ ਸਮਾਜਿਕ ਪ੍ਰਸੰਗ ਹੀ ਵਧੇਰੇ ਉਘਾੜੇ ਗਏ ਹਨ, ਪਰ ਸੁਧੀਰ ਮਿਸ਼ਰਾ ਦੀ ਇਸ ਫਿਲਮ ਵਿਚ ਸਿਆਸਤ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਯਾਦ ਰਹੇ ਕਿ ਸੁਧੀਰ ਮਿਸ਼ਰਾ ਦੀਆਂ ਪਹਿਲੀਆਂ ਫਿਲਮਾਂ ਵਿਚ ਵੀ ਸਿਆਸੀ ਵਿਅੰਗ ਬਹੁਤ ਜ਼ੋਰਦਾਰ ਹੁੰਦਾ ਹੈ, ਸਿੱਟੇ ਵਜੋਂ ਫਿਲਮ 'ਔਰ ਦੇਵਦਾਸ' ਨਾਵਲ ਉਤੇ ਆਧਾਰਤ ਹੋਣ ਦੇ ਬਾਵਜੂਦ ਸਮਾਜਿਕ ਤੇ ਸਿਆਸੀ ਪ੍ਰਸੰਗਾਂ ਪੱਖੋਂ ਵੱਖਰੀ ਕਿਸਮ ਦੀ ਫਿਲਮ ਹੋ ਨਿਬੜੀ ਹੈ। -0-










*ਫਿਲਮਸਾਜ਼ ਸੁਧੀਰ ਮਿਸ਼ਰਾ (ਐਨ ਖੱਬੇ) ਅਤੇ ਫਿਲਮ 'ਔਰ ਦੇਵਦਾਸ' ਵਿਚ ਅਦਾਕਾਰ ਰਾਹੁਲ ਭੱਟ, ਰਿਚਾ ਚੱਢਾ ਅਤੇ ਅਦਿਤੀ ਰਾਓ ਹੈਦਰੀ।*

# Anu Attorney
# Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

## US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

## FAMILY LAW *(Only In WA)*

*Divorce *Annulment
*International Custody

## INCORPORATIONS *(Only In WA)*

*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

www.Transportationfunding.com

**Transportation Funding Group, Inc.**
Minneapolis , MN 55426



# Noblesville Trucks and Trailers Repair Shop

15203 Stony Creek Way, Noblesville, IN 46060

## ਇਥੇ ਹਰ ਤਰ੍ਹਾਂ ਦੇ ਟਰੱਕਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ



## ਵਧੀਆ ਤੇ ਭਰੋਸੇਯੋਗ ਸਰਵਿਸ

*Clutch transmition differential drive line ਦੀ ਰਿਪੇਅਰ ਵੀ ਕਰਦੇ ਹਾਂ।
*ਟਰੱਕ ਅਤੇ ਰੀਫਲ ਆਇਲ ਚੇਂਜ
*ਟਰੱਕਾਂ ਅਤੇ ਟਰੇਲਰਾਂ ਦੀ ਸਸਪੈਂਸ਼ਨ ਬੁਸ਼ਿੰਗ
*ਏਅਰ ਡਰਾਇਰ, ਰੇਡੀਏਟਰ, ਕੰਪਰੈਸ਼ਰ ਅਤੇ ਕਿੰਗ ਪਿੰਨਜ਼ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ

24 ਘੰਟੇ ਰੋਡ ਸਰਵਿਸ
*(150 ਮੀਲ ਦੇ ਏਰੀਏ ਵਿਚ)*
ਡਰਾਈਵਰਾਂ ਦੇ ਰੋਟੀ-ਪਾਣੀ ਅਤੇ ਸ਼ਾਵਰ ਦਾ ਇੰਤਜ਼ਾਮ




ਹੋਰ ਜਾਣਕਾਰੀ ਲਈ ਸੰਪਰਕ ਕਰੋ, ਗੁਰਬਖਸ਼ ਸਿੰਘ, ਫੋਨ: 317-800-2976

ਫੈਕਸ: 317-774-9665


VAPOR MAVEN
FRANCHISING OPPORTUNITY
VAPOR MAVEN
The Midwest's Fastest Growing Vape Shop
No Prior Experience Required
Huge Return
Make Up To $10k Monthly Profit
Low Investment
Under $100k Including Franchise Fee
OVER 50 LOCATIONS IN 4 STATES!
VaporMaven@Gmail.com
WWW.VAPORMAVEN.COM
Hermin Thind- CEO
(479)-409-2293